# ਯੋਜਨਾ

ਸਾਲ 34 • ਅੰਕ 7 • ਜੁਲਾਈ 2017 • ਕੁੱਲ ਪੰਨੇ 72

## ਇਸ ਅੰਕ ਵਿਚ


| | | |
|---|---|---|
| • ਸੰਪਾਦਕੀ | – | 4 |
| • ਬਜ਼ੁਰਗਾਂ ਦਾ ਸਹਾਰਾ | – ਸੁਮਤੀ ਕੁਲਕਰਨੀ | 5 |
| • ਜੀਵਨ ਦੀ ਦੂਜੀ ਪਾਰੀ ਦੀ ਸੁਰੱਖਿਆ ਯਕੀਨੀ ਬਣਾਉਣਾ | – ਬਦਰੀ ਸਿੰਘ ਭੰਡਾਰੀ | 10 |
| • ਸਾਰਿਆਂ ਲਈ ਸਿਹਤ | – ਕੇ. ਸੀਤਾ ਪ੍ਰਭੂ | 15 |
| • ਦਿਵਿਆਂਗਾਂ ਦਾ ਸ਼ਕਤੀਕਰਨ | – ਸੰਧਿਆ ਲਿਮਏ | 18 |
| • ਕਿਸਾਨਾਂ ਦੀ ਭਲਾਈ ਯਕੀਨੀ ਬਣਾਉਣਾ : ਯਥਾਰਥ ਤੋਂ ਸੋਚ ਤੱਕ | – ਨਿਲਾਬਜਾ ਘੋਸ਼ | 23 |
| • ਪੌਸ਼ਟਿਕਤਾ ਦੇ ਮਾਰਗਾਂ ਲਈ ਖੇਤੀਬਾੜੀ ਦਾ ਤਰਜੀਹੀਕਰਨ | – ਮੌਸਮੀ ਦਾਸ | 27 |
| • ਸਮਾਜਿਕ ਸੁਰੱਖਿਆ : ਵਿਸ਼ਵੀ ਸੰਦਰਭ | – ਚੰਦਰਕਾਂਤ ਲਹਿਰੀਆ | 31 |
| • ਵਿੱਦਿਆ ਵਿੱਚ ਸਮਾਜਿਕ ਸੁਰੱਖਿਆ : ਮਿਡ ਡੇ ਮੀਲ | – ਕਿਰਨ ਭੱਟੀ | 37 |
| • ਹਾਸ਼ੀਏ ਦੇ ਲੋਕਾਂ ਲਈ ਸਮਾਜਿਕ ਸੁਰੱਖਿਆ ਯੋਜਨਾਵਾਂ | – ਊਰਮੀ ਗੋਸਵਾਮੀ | 40 |
| • ਅਸੰਗਠਿਤ ਕਾਮਿਆਂ ਲਈ ਸਮਾਜਿਕ ਸੁਰੱਖਿਆ | – ਰੂਮਾ ਘੋਸ਼ | 43 |
| • ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ | – ਜਤਿੰਦਰ ਸਿੰਘ | 47 |
| • ਰਾਸ਼ਟਰੀ ਪੈਨਸ਼ਨ ਪ੍ਰਨਾਲੀ-ਲਾਈਟ | – | 50 |
| • ਔਰਤ ਕਰਮਚਾਰੀਆਂ ਦੀ ਸੁਰੱਖਿਆ | – ਸਰੋਜ ਸਿੰਘ | 54 |
| • ਬੇਘਰਾਂ ਅਤੇ ਅਨਾਥ ਬੱਚਿਆਂ ਲਈ ਸਮਾਜਿਕ ਸੁਰੱਖਿਆ | – ਸੰਤੋਸ਼ ਕੁਮਾਰ ਪਾਠਕ | 60 |
| • ਸਰਕਾਰ ਵਲੋਂ ਸਮਾਜਿਕ ਸੁਰੱਖਿਆ ਲਈ ਕੀਤੇ ਜਾ ਰਹੇ ਯਤਨ | – ਸ.ਸ. ਛੀਨਾ | 65 |
| • ਕੀ ਤੁਸੀਂ ਜਾਣਦੇ ਹੋ? | – | 68 |


ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,
ਸੀ.ਜੀ.ਓ. ਕੰਪਲੈਕਸ ਲੋਧੀ ਰੋਡ, ਨਵੀਂ ਦਿੱਲੀ-110003
ਫ਼ੋਨ : 011-224365922
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**

**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਕਮਰਾ ਨੰ: 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ-110003, ਫ਼ੋਨ-24367453, ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ-ਵਿੰਗ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਅਨੰਤਪੁਰਮ 695001 (ਫ਼ੋਨ. 2330650) • ਕਮਰਾ ਨੰ. 204, ਦੂਜੀ ਮੰਜ਼ਿਲ, ਸੀ.ਜੀ.ਓ. ਟਾਵਰ, ਕਵਾਦੀਗੁਡਾ, ਹੈਦਰਾਬਾਦ – 500080 (ਫ਼ੋਨ.24605383) • ਪਹਿਲੀ ਮੰਜ਼ਿਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੁਰੂ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਪੇਂਸ਼ਨ ਪਾਰਾ ਰੋਡ, ਹਾਊਸ ਨੰ:-4, ਪੀ ਓ, ਸਿਲਪੁਕਰੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.230, 2 ਸਾਲ ਰੁ.430, 3 ਸਾਲ ਰੁ.610 – ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸੰਪਾਦਕੀ

## ਸਮਾਜਿਕ ਸੁਰੱਖਿਆ ਦਾ ਵਾਅਦਾ

ਭਾਰਤ ਦੇ ਜਨਸੰਖਿਅਕ ਲਾਭਅੰਸ਼ ਬਾਰੇ ਬਹੁਤ ਗੱਲਾਂ ਅਤੇ ਚਰਚਾਵਾਂ ਚੱਲ ਰਹੀਆਂ ਹਨ ਕਿ ਕਿਵੇਂ ਭਾਰਤ ਦੇ ਨੌਜਵਾਨਾਂ ਦੀ ਲਗਾਤਾਰ ਵਧਦੀ ਵਸੋਂ ਬਹੁਤ ਛੇਤੀ ਭਾਰਤ ਨੂੰ ਵਿਸ਼ਵ ਦਾ ਆਰਥਿਕ ਆਗੂ ਬਣਾ ਦੇਵੇਗੀ, ਬਜਾਇ ਇਹ ਸੋਚਣ ਦੇ ਕਿ ਇਸੇ ਨੌਜਵਾਨ ਵਸੋਂ ਨੂੰ ਜੇ ਰੋਜ਼ਗਾਰ ਨਾ ਮਿਲਿਆ ਤਾਂ ਇਹ ਆਰਥਿਕਤਾ ਵਿੱਚ ਰੁਕਾਵਟ ਵੀ ਬਣ ਸਕਦੀ ਹੈ।

ਜਨਸੰਖਿਅਕ ਲਾਭਅੰਸ਼ ਬਾਰੇ ਵੱਡੀਆਂ-ਵੱਡੀਆਂ ਗੱਲਾਂ ਕਰਨ ਦਰਮਿਆਨ, ਇਕ ਅਹਿਮ ਤੱਥ ਸਾਡੇ ਯੋਜਨਾਕਾਰਾਂ, ਅਰਥਸ਼ਾਸਤਰੀਆਂ ਅਤੇ ਸਮਾਜਿਕ ਚਿੰਤਕਾਂ ਵਲੋਂ ਧਿਆਨ ਵਿੱਚ ਰੱਖਿਆ ਗਿਆ ਹੈ ਕਿ ਭਾਰਤ ਵਿੱਚ ਬਜ਼ੁਰਗਾਂ ਦੀ ਜਨਸੰਖਿਆ ਵੀ ਲਗਾਤਾਰ ਵਧ ਰਹੀ ਹੈ। ਇਕ ਅਨੁਮਾਨ ਲਾਇਆ ਗਿਆ ਹੈ ਕਿ 2026 ਤੱਕ ਬਜ਼ੁਰਗਾਂ ਦੀ ਵਸੋਂ 173 ਮਿਲੀਅਨ ਹੋ ਜਾਵੇਗੀ। ਇਨ੍ਹਾਂ ਵਿੱਚ ਵੱਡੀ ਗਿਣਤੀ ਗਰੀਬਾਂ, ਕਮਜ਼ੋਰਾਂ ਅਤੇ ਔਰਤਾਂ ਦੀ ਹੋਵੇਗੀ ਜਿਸ ਨੂੰ ਕਿਸੇ ਨਾ ਕਿਸੇ ਪ੍ਰਕਾਰ ਦੀ ਵਿੱਤੀ ਸਹਾਇਤਾ ਅਤੇ ਮਨੋਵਿਗਿਆਨਕ ਆਸਰੇ ਦੀ ਲੋੜ ਪਵੇਗੀ। ਕੁੱਝ ਹੋਰ ਕਮਜ਼ੋਰ ਵਰਗ ਵੀ ਹਨ – ਔਰਤਾਂ, ਅੰਗਹੀਣ, ਹਾਸ਼ੀਏ ਉਤੇ ਰਹਿ ਰਹੇ ਲੋਕ, ਅਸੰਗਠਿਤ ਖੇਤਰ ਦੇ ਕਾਮੇ – ਜਿਨ੍ਹਾਂ ਨੂੰ ਜ਼ਿੰਦਗੀ ਦਾ ਪਹੀਆ ਰਿੜ੍ਹਦਾ ਰੱਖਣ ਲਈ ਸਰਕਾਰ ਕੋਲੋਂ ਕਿਸੇ ਪ੍ਰਕਾਰ ਦੀ ਮਦਦ ਦੀ ਲੋੜ ਪਵੇਗੀ। ਸਮਾਜਿਕ ਸੁਰੱਖਿਆ ਇਕ ਨਿਯਮ ਹੈ ਜੋ ਸਮਾਜ ਦੇ ਇਨ੍ਹਾਂ ਕਮਜ਼ੋਰ ਵਰਗਾਂ ਦੀ ਮਦਦ ਦਾ ਵਾਅਦਾ ਕਰਦਾ ਹੈ, ਇਕ ਅਜਿਹਾ ਵਾਅਦਾ ਜਿਸ ਨੂੰ ਕਿਸੇ ਵੀ ਲੋਕਤੰਤਰਿਕ ਸਰਕਾਰ ਵਲੋਂ ਨਾ ਤੋੜਿਆ ਜਾ ਸਕਦਾ ਹੈ ਨਾ ਤੋੜਨਾ ਚਾਹੀਦਾ ਹੈ। ਖੁਸ਼ਕਿਸਮਤੀ ਨਾਲ ਸਾਡੇ ਸੰਵਿਧਾਨ ਘਾੜਿਆਂ ਨੇ ਜਨਸੰਖਿਆ ਦੇ ਵੱਖ-ਵੱਖ ਵਰਗਾਂ ਲਈ ਸਮਾਜਿਕ ਸੁਰੱਖਿਆ ਪ੍ਰਾਵਧਾਨ ਸੰਵਿਧਾਨ ਦੇ ਆਰਟੀਕਲ 43 ਵਿੱਚ ਪਹਿਲਾਂ ਹੀ ਕਰ ਦਿੱਤੇ ਸਨ। ਅਤੇ ਆਉਣ ਵਾਲੀਆਂ ਸਰਕਾਰਾਂ ਵਲੋਂ ਇਸ ਆਰਟੀਕਲ ਦੀ ਭਾਵਨਾ ਉਤੇ ਇਮਾਨਦਾਰੀ ਨਾਲ ਪਹਿਰਾ ਦਿੱਤਾ ਗਿਆ।

ਇੰਦਰਾ ਗਾਂਧੀ ਬਿਰਧ ਅਵਸਥਾ ਪੈਨਸ਼ਨ ਯੋਜਨਾ ਅਤੇ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਯੋਜਨਾ ਬਜ਼ੁਰਗਾਂ ਲਈ ਸਮਾਜਿਕ ਸੁਰੱਖਿਆ ਯਕੀਨੀ ਬਣਾਉਂਦੀਆਂ ਹਨ। ਜਦ ਕਿ ਸੇਵਾਮੁਕਤੀ ਤੋਂ ਬਾਅਦ ਸਾਰੇ ਸਰਕਾਰੀ ਕਰਮਚਾਰੀਆਂ ਲਈ ਪੈਨਸ਼ਨ ਦੇਣਾ ਯਕੀਨੀ ਸੀ ਜੋ ਸਰਕਾਰੀ ਸੇਵਾ ਦਾ ਇਕ ਪ੍ਰਮੁੱਖ ਆਕਰਸ਼ਣ ਸੀ, ਨਿੱਜੀ ਖੇਤਰ ਵਿੱਚ ਅਜਿਹੀ ਕੋਈ ਸਹੂਲਤ ਨਹੀਂ ਸੀ। ਨਿੱਜੀ ਖੇਤਰ ਤੋਂ ਸੇਵਾ ਮੁਕਤ ਹੋਣ ਵਾਲੇ ਵਿਅਕਤੀਆਂ ਨੂੰ ਸੇਵਾ ਕਾਲ ਦੌਰਾਨ ਕੀਤੀ ਬੱਚਤ ਉਤੇ ਹੀ ਨਿਰਭਰ ਰਹਿਣਾ ਪੈਂਦਾ ਸੀ। ਇਸ ਦਾ ਮਤਲਬ ਸੀ ਕਿ ਸੇਵਾ ਮੁਕਤੀ ਉਪਰੰਤ, ਜੇ ਬੱਚਿਆਂ ਦੀ ਸਿੱਖਿਆ ਅਤੇ ਧੀਆਂ ਦੇ ਵਿਆਹਾਂ ਦੇ ਖਰਚੇ ਆਦਿ ਕਰਨੇ ਪੈਣ ਤਾਂ ਜੇਬ ਹੱਦੋਂ ਵੱਧ ਢਿੱਲੀ ਹੋ ਜਾਂਦੀ ਸੀ ਅਤੇ ਰੋਜ਼ਮਰ੍ਹਾ ਦੇ ਖਰਚੇ ਅਤੇ ਸਿਹਤ ਆਦਿ ਉਤੇ ਆਉਣ ਵਾਲੇ ਖਰਚੇ ਲਈ ਬਹੁਤ ਘੱਟ ਪੈਸਾ ਬਚਦਾ ਸੀ। ਇਸ ਸਮੱਸਿਆ ਦਾ ਹੱਲ ਕਰਨ ਲਈ ਹੀ ਸਰਕਾਰ ਵਲੋਂ ਰਾਸ਼ਟਰੀ ਪੈਨਸ਼ਨ ਯੋਜਨਾ, ਅਟੱਲ ਪੈਨਸ਼ਨ ਯੋਜਨਾ, ਸਵਾਵਲੰਬਨ ਆਦਿ ਦੀ ਸ਼ੁਰੂਆਤ ਕੀਤੀ ਗਈ ਤਾਂ ਕਿ ਸੇਵਾ ਮੁਕਤੀ ਤੋਂ ਬਾਅਦ ਇਕ ਬੱਝਵੀਂ ਆਮਦਨ ਆਉਂਦੀ ਰਹੇ।

ਖੇਤੀਬਾੜੀ ਇਕ ਖ਼ਤਰਿਆਂ ਭਰਿਆ ਕਿੱਤਾ ਹੈ ਜਿਸ ਵਿੱਚ ਫ਼ਸਲ ਦੀ ਸਫਲਤਾ ਜਾਂ ਅਸਫਲਤਾ ਮੌਸਮ ਦੀਆਂ ਲੁਕਣਮੀਟੀਆਂ, ਪਾਣੀ ਦੀ ਉਪਲਬਧਤਾ/ਘਾਟ, ਕੀਟਾਂ ਆਦਿ ਉਤੇ ਨਿਰਭਰ ਕਰਦੀ ਹੈ। ਇਹ ਮਹਿਸੂਸ ਕਰਦਿਆਂ ਕਿ ਕਿਸਾਨਾਂ ਦੀ ਭਲਾਈ ਆਰਥਿਕ ਸਥਿਰਤਾ ਦੀ ਕੁੰਜੀ ਹੈ, ਸਰਕਾਰ ਵਲੋਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਕ੍ਰਿਸ਼ੀ ਸਿੰਜਾਈ ਯੋਜਨਾ, ਖੇਤੀ ਸੰਬੰਧਿਤ ਵੱਖ-ਵੱਖ ਸਰਗਰਮੀਆਂ ਜਿਵੇਂ ਬੀਜ ਖਰੀਣ, ਡੰਗਰਾਂ ਵਾਸਤੇ ਪੱਠੇ, ਖਾਦਾਂ ਆਦਿ ਦੀ ਖਰੀਦਣ ਲਈ ਕਿਸਾਨ ਕ੍ਰੈਡਿਟ ਕਾਰਡ ਵਰਗੀਆਂ ਯੋਜਨਾਵਾਂ ਅਰੰਭ ਕੀਤੀਆਂ ਗਈਆਂ। ਆਸ ਹੈ ਇਹ ਸਾਰੀਆਂ ਯੋਜਨਾਵਾਂ ਕਿਸਾਨ ਵਲੋਂ ਦੇਸ਼ ਦਾ ਢਿੱਡ ਭਰਨ ਦੇ ਫਰਜ਼ ਵਿੱਚ ਉਸ ਦੀ ਸੁਰੱਖਿਆ ਕਰਨਗੀਆਂ। ਇਕ ਹੋਰ ਸੰਬੰਧਿਤ ਖੇਤਰ ਅੰਨ ਸੁਰੱਖਿਆ ਦਾ ਹੈ – ਮਤਲਬ ਲੱਖਾਂ ਦੀ ਗਿਣਤੀ ਵਿੱਚ ਉਸ ਵਸੋਂ ਤੱਕ ਖਾਣਾ ਪਹੁੰਚੇ ਜੋ ਬਾਜ਼ਾਰ ਭਾਅ ਉਤੇ ਅਨਾਜ ਤੇ ਦਾਲਾਂ ਨਹੀਂ ਖਰੀਦ ਸਕਦੇ। ਜਨਤਕ ਫੰਡ ਪ੍ਰਣਾਲੀ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ ਗਈ ਸੀ ਕਿ ਬੁਨਿਆਦੀ ਖਾਣੇ ਦੇ ਉਤਪਾਦ ਸਸਤੀਆਂ ਕੀਮਤਾਂ ਉਤੇ ਉਪਲਬਧ ਹੋਣ। ਜਨਤਕ ਵੰਡ ਪ੍ਰਣਾਲੀ ਨੂੰ ਹੁਣ ਸਿੱਧੇ ਬੈਂਕ ਭੁਗਤਾਨ ਨਾਲ ਜੋੜ ਦਿੱਤਾ ਗਿਆ ਹੈ ਤਾਂ ਕਿ ਪੱਕਾ ਕੀਤਾ ਜਾ ਸਕੇ ਇਸ ਦੇ ਫਾਇਦੇ ਅਸਲ ਹੱਕਦਾਰ ਵਿਅਕਤੀਆਂ ਤੱਕ ਪੁੱਜਣ।

ਜਨਸੰਖਿਆ ਦੇ ਦੂਸਰੇ ਕਮਜ਼ੋਰ ਤਬਕੇ ਜਿਵੇਂ ਅੰਗਹੀਣ, ਔਰਤਾਂ, ਹਾਸ਼ੀਏ ਉਤੇ ਧੱਕੇ ਗਏ ਵਿਅਕਤੀ ਅਤੇ ਅਸੰਗਠਿਤ ਖੇਤਰ ਦੇ ਕਰਮਚਾਰੀਆਂ ਦੀਆਂ ਮੁਸ਼ਕਲਾਂ ਦਾ ਹੱਲ ਵੀ ਸਰਕਾਰ ਦੀਆਂ ਵੱਖ-ਵੱਖ ਪਹਿਲਕਦਮੀਆਂ ਨਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਵੇਂ ਸਮਾਵੇਸ਼ੀ ਭਾਰਤ ਪਹਿਲਕਦਮੀ, ਜੋ ਅੰਗਹੀਣ ਵਿਅਕਤੀਆਂ ਲਈ ਬਰਾਬਰ ਦੇ ਮੌਕਿਆਂ ਦਾ ਰਾਹ ਪੱਧਰਾ ਕਰਦੀ ਹੈ ਅਤੇ ਹਾਸ਼ੀਏ ਉਤੇ ਰਹਿ ਰਹੇ ਲੋਕਾਂ ਲਈ ਸ਼ੁਰੂ ਕੀਤੀਆਂ ਗਈਆਂ ਹਨ। ਸਰਕਾਰ ਵਲੋਂ ਹਾਲ ਹੀ ਵਿੱਚ ਕਿਰਤੀਆਂ ਦੀ ਸਮਾਜਿਕ ਸੁਰੱਖਿਆ ਅਤੇ ਭਲਾਈ ਲਈ ਇਕ ਜਾਬਤਾ ਲਿਆਉਣ ਦਾ ਪ੍ਰਸਤਾਵ ਕੀਤਾ ਗਿਆ ਹੈ ਜਿਸ ਨਾਲ ਅਸੰਗਠਿਤ ਖੇਤਰ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੀ ਉਮੀਦ ਹੈ। ਬੇਟੀ ਬਚਾਓ, ਬੇਟੀ ਪੜ੍ਹਾਓ ਅਤੇ ਸੁਕੰਨਿਆ ਸਮਰਿਧੀ ਯੋਜਨਾਵਾਂ ਬੱਚੀਆਂ ਨੂੰ ਸਿੱਖਿਆ ਸੁਰੱਖਿਆ ਯਕੀਨੀ ਬਣਾਉਣ ਲਈ ਅਰੰਭ ਕੀਤੀਆਂ ਗਈਆਂ ਹਨ। ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਜਣੇਪਾ ਲਾਭਾਂ ਨੂੰ ਵਜਾਰਤ ਵਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਸਮਾਜ ਦੇ ਵੱਖ-ਵੱਖ ਕਮਜ਼ੋਰ ਤਬਕਿਆਂ ਦੀ ਸਿਹਤ ਸੁਰੱਖਿਆ ਲਈ ਸਰਕਾਰ ਵਲੋਂ ਸਿਹਤ ਬੀਮਾ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਇਕ ਲੋਕਤੰਤਰਿਕ ਦੇਸ਼ ਦੀ ਇਹ ਪ੍ਰਵਾਣਿਤ ਤੇ ਸੋਚੀ ਸਮਝੀ ਵਿਚਾਰਧਾਰਾ ਹੈ ਕਿ ਇਹ ਜਨਸੰਖਿਆ ਦੀਆਂ ਸਮੱਸਿਆਵਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ। ਦੇਸ਼ ਦੀ ਸਰਕਾਰ ਵਲੋਂ ਕਮਜ਼ੋਰ ਤਬਕਿਆਂ ਦੀਆਂ ਸਮੱਸਿਆਵਾਂ ਦਾ ਹੱਲ ਸੁਸ਼ਾਸ਼ਨ ਦਾ ਇਕ ਜ਼ਰੂਰੀ ਅੰਗ ਹੈ। ਜਿਵੇਂ ਕਿ ਜਾਹਨ ਐਫ ਕੈਨੇਡੀ ਨੇ ਕਿਹਾ ਸੀ, "ਜੇ ਇਕ ਮੁਕਤ ਸਮਾਜ ਬਹੁ-ਗਿਣਤੀ ਗਰੀਬਾਂ ਦੀ ਸਹਾਇਤਾ ਨਹੀਂ ਕਰ ਸਕਦਾ, ਤਾਂ ਇਹ ਕੁੱਝ ਕੁ ਅਮੀਰਾਂ ਨੂੰ ਵੀ ਨਹੀਂ ਬਚਾ ਸਕਦਾ।" ਜਿਹੜੀ ਸਰਕਾਰ ਗਰੀਬਾਂ ਲਈ ਅਤੇ ਗਰੀਬਾਂ ਦੇ ਸੁਸ਼ਾਸ਼ਨ ਵਿੱਚ ਯਕੀਨ ਰੱਖਦੀ ਹੈ, ਉਸ ਨੂੰ ਕਮਜ਼ੋਰ ਤਬਕਿਆਂ ਦੀ ਸਮਾਜਿਕ ਸੁਰੱਖਿਆ ਲਈ ਨੀਤੀਆਂ ਅਤੇ ਪ੍ਰੋਗਰਾਮ ਬਣਾਉਣ ਬਾਰੇ ਜ਼ਰੂਰ ਕਦਮ ਚੁੱਕਣੇ ਪੈਣਗੇ।

– ਮੁੱਖ ਸੰਪਾਦਕ

# ਬਜ਼ੁਰਗਾਂ ਦਾ ਸਹਾਰਾ

ਸੁਮਤੀ ਕੁਲਕਰਨੀ

ਸਮਾਜਿਕ ਸੁਰੱਖਿਆ ਦਾ ਉਦੇਸ਼ ਉਨ੍ਹਾਂ ਲੋਕਾਂ ਨੂੰ ਜੀਵਕਾ ਦੇਣਾ ਹੈ ਜੋ ਆਰਜ਼ੀ ਜਾਂ ਸਦੀਵੀ ਕਾਰਨਾਂ ਕਰਕੇ ਕੰਮ ਨਹੀਂ ਕਰ ਸਕਦੇ ਅਤੇ ਆਪਣੀ ਰੋਜ਼ੀ ਰੋਟੀ ਨਹੀਂ ਕਮਾ ਸਕਦੇ। ਵਧੇਰੇ ਵਿਕਸਤ ਦੇਸ਼ਾਂ ਵਿੱਚ ਸਰਕਾਰ ਵਲੋਂ ਸਮਾਜਿਕ ਸੁਰੱਖਿਆ ਦੀ ਪੂਰਤੀ ਜੀਵਨ ਮਿਆਰਾਂ ਦਾ ਇਕ ਅਭਿੰਨ ਅੰਗ ਹੈ। ਪਰ ਘੱਟ ਵਿਕਸਤ ਦੇਸ਼ਾਂ ਵਿੱਚ, ਸਦੀਵੀ ਬੇਰੋਜ਼ਗਾਰੀ ਅਤੇ ਅੱਤ ਦਾ ਵਿਗੋਚਾਪਨ ਜੋ ਸਮਾਜਿਕ ਢਾਂਚਿਆਂ ਵਿੱਚ ਜਨਮਜਾਤ ਮੌਜੂਦ ਹੈ, ਉਨ੍ਹਾਂ ਖ਼ਤਰਿਆਂ ਤੋਂ ਬਹੁਤ ਵਾਧੂ ਹੈ ਜੋ ਆਮ ਤੌਰ ਤੇ ਵਧੇਰੇ ਵਿਕਸਤ ਦੇਸ਼ਾਂ ਵਿੱਚ ਮੌਜੂਦ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਰਾਹੀਂ ਖਤਮ ਕਰ ਦਿੱਤੇ ਜਾਂਦੇ ਹਨ। ਘੱਟ ਵਿਕਸਤ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਦੀ ਆਰਥਿਕ ਸੰਭਾਵਨਾ, ਇਕ ਸਾਵੇਂ ਪੱਧਰ ਉਤੇ ਅਹਿਮ ਮਜਬੂਰੀ ਹੈ। ਵਿਕਸਤ ਦੇਸ਼ ਵੀ ਜਨਤਕ ਪੈਨਸ਼ਨ ਪ੍ਰਣਾਲੀ ਦੀ ਪਾਇਦਾਰੀ ਦੀ ਸਮੱਸਿਆ ਝੱਲ ਰਹੇ ਹਨ ਕਿਉਂਕਿ ਉਨ੍ਹਾਂ ਵਿੱਚ ਚਿਰਾਂ ਤੋਂ ਜਣਨ ਘਾਟ ਹੋ ਰਹੀ ਹੈ ਜਿਸ ਨਾਲ ਲਾਭਪਾਤਰਾਂ, ਜਿਵੇਂ ਕਿ ਬਜ਼ੁਰਗਾਂ ਦਾ ਪ੍ਰਤਿਸ਼ਤ ਵਧ ਰਿਹਾ ਹੈ ਅਤੇ ਯੋਗਦਾਨ ਦੇਣ ਵਾਲਿਆਂ, ਕੰਮਕਾਜੀ ਉਮਰ ਦੇ ਲੋਕਾਂ ਦੀ ਗਿਣਤੀ ਘਟ ਰਹੀ ਹੈ। 21ਵੀਂ ਸਦੀ ਦੇ ਅੱਧ ਤੱਕ, ਇਨ੍ਹਾਂ ਦੇਸ਼ਾਂ ਵਿੱਚ ਲਗਭਗ ਇਕ ਤਿਹਾਈ ਆਬਾਦੀ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਹੋ ਜਾਣ ਦੀ ਆਸ ਹੈ।

ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾਂ ਵਿੱਚ ਇਹ ਮੁੱਦਾ ਕਈ ਕਾਰਨਾਂ, ਜਿਵੇਂ ਕਿ ਸਦੀਵੀ ਗਰੀਬੀ, ਬੇਰੋਜ਼ਗਾਰੀ, ਘੱਟ ਰੋਜ਼ਗਾਰ ਅਤੇ ਵੱਡੇ ਗ਼ੈਰ ਰਸਮੀ ਖੇਤਰ ਦੀ ਹੋਂਦ ਕਰਕੇ ਬਹੁਤ ਭਿੰਨ ਹੈ। ਪਰ ਹਾਲ ਹੀ ਦੇ ਸਮੇਂ ਵਿੱਚ, ਘੱਟ ਵਿਕਸਤ ਦੇਸ਼ਾਂ ਵਿੱਚ ਜਨ ਅੰਕੜਿਆਂ ਵਿੱਚ ਆ ਰਹੇ ਬਦਲਾਉ ਕਾਰਨ, ਅਯੋਗ ਬਜ਼ੁਰਗ ਅਬਾਦੀ ਨੂੰ ਸਮਾਜਿਕ ਸੁਰੱਖਿਆ ਦੇਣ ਦਾ ਮੁੱਦਾ ਕੇਂਦਰੀ ਮੁੱਦਾ ਬਣ ਗਿਆ ਹੈ। ਬਜ਼ੁਰਗ ਅਬਾਦੀ ਦੇ ਅਨੁਪਾਤ ਵਿੱਚ 7 ਪ੍ਰਤਿਸ਼ਤ ਤੋਂ 14 ਪ੍ਰਤਿਸ਼ਤ ਦਾ ਵਾਧਾ, ਜਿਸ ਨੂੰ ਕਈ ਯੂਰਪੀ ਦੇਸ਼ਾਂ ਵਿੱਚ (ਫਰਾਂਸ ਅਤੇ ਸਵੀਡਨ) 100 ਤੋਂ 120 ਸਾਲ ਲੱਗ ਗਏ, ਭਾਰਤ, ਚੀਨ ਅਤੇ ਕੁੱਝ ਹੋਰ ਏਸ਼ਿਆਈ ਦੇਸ਼ਾਂ ਵਿੱਚ 40 ਸਾਲਾਂ ਵਿੱਚ ਹੋ ਗਿਆ। ਇਹ ਘੱਟ ਵਿਕਸਤ ਦੇਸ਼ਾਂ ਵਿੱਚ ਮੌਤ ਦਰ ਤੇਜ਼ੀ ਨਾਲ ਘਟਣ ਕਾਰਨ ਹੋਇਆ ਹੈ।

## ਭਾਰਤ ਵਿੱਚ ਸਮਾਜਿਕ ਸੁਰੱਖਿਆ ਸਮੱਸਿਆ ਦੀ ਕਿਸਮ

ਭਾਰਤ ਵਿੱਚ ਕੁੱਲ ਦੁਨੀਆਂ ਦੀ ਅਬਾਦੀ ਦਾ ਪੰਜਵਾਂ ਭਾਗ ਰਹਿ ਰਿਹਾ ਹੈ, ਜਿਸ ਵਿੱਚ ਦੁਨੀਆਂ ਦੇ ਗਰੀਬਾਂ ਦਾ ਇਕ ਤਿਹਾਈ ਹਿੱਸਾ ਅਤੇ ਦੁਨੀਆਂ ਦੀ ਬਜ਼ੁਰਗ ਅਬਾਦੀ ਦਾ ਅੱਠਵਾਂ ਹਿੱਸਾ ਹੈ। ਹਾਲ ਦੇ ਸਮੇਂ ਤੱਕ ਪਰਿਵਾਰ ਅਤੇ ਬਾਲਗ ਬੱਚਿਆਂ ਨੂੰ ਬੁਢਾਪੇ ਦੀ ਸੁਰੱਖਿਆ ਦੇ ਭਰੋਸੇਯੋਗ ਸਰੋਤ ਮੰਨਿਆ ਜਾਂਦਾ ਸੀ। ਪਰ ਇਹ ਬੁਢਾਪੇ ਦੀ ਸੁਰੱਖਿਆ ਦੇ ਰਵਾਇਤੀ ਸਰੋਤ, ਬਜ਼ੁਰਗਾਂ ਦੇ ਵਧ ਰਹੇ ਜੀਵਨ ਕਾਲ, ਹੋਰ ਸਮਾਜਿਕ-ਆਰਥਿਕ-ਸਭਿਆਚਾਰਕ ਤਬਦੀਲੀਆਂ, ਜਿਵੇਂ ਕਿ ਸੰਯੁਕਤ ਪਰਿਵਾਰ ਪ੍ਰਣਾਲੀ ਦਾ ਖੰਡਤ ਹੋਣਾ, ਔਰਤਾਂ ਦੀ ਵਧੇਰੇ ਗਿਣਤੀ ਵਿੱਚ ਕੰਮ ਕਾਜ ਵਿੱਚ ਸ਼ਮੂਲੀਅਤ ਕਾਰਨ ਦੇਖਭਾਲ ਕਰਨ ਵਾਲਿਆਂ ਦਾ ਘਟਣਾ, ਵਿਧਵਾਪਨ ਦਾ ਘਟਣਾਂ, ਨੌਜਵਾਨਾਂ ਦਾ ਪਲਾਇਨ ਅਤੇ ਬੱਚਿਆਂ ਦੀ ਵਧੇਰੇ ਵਿਅਕਤੀਵਾਦੀ ਸੋਚ ਕਾਰਨ ਬਹੁਤ ਦਬਾਅ ਵਿੱਚ ਆ ਗਏ ਹਨ। ਉਨ੍ਹਾਂ ਬਜ਼ੁਰਗਾਂ ਦੀ ਇਹ ਸਮੱਸਿਆ ਹੋਰ ਵੀ ਭਾਰੀ ਹੈ ਜੋ ਆਪਣੀ ਖਰਾਬ ਹੋ ਰਹੀ ਸਿਹਤ ਕਾਰਨ ਕੰਮਕਾਰ ਕਰਕੇ ਕਮਾਈ ਨਹੀਂ ਕਰ ਸਕਦੇ ਅਤੇ ਜਿਨ੍ਹਾਂ ਕੋਲ ਆਪਣੇ ਗੁਜ਼ਾਰੇ ਲਈ ਕੋਈ ਬੱਚਤ ਨਹੀਂ ਹੁੰਦੀ ਜਿਸ ਰਾਹੀਂ ਉਹ ਗੁਜ਼ਾਰਾ ਕਰ ਸਕਣ। ਗਰੀਬਾਂ ਦਾ ਹਾਸ਼ੀਏ ਉਤੇ ਜਾਣਾ, ਜੋ ਵਿਸ਼ਵੀਕਰਨ ਦਾ ਇਕ ਨਾ ਸੋਚਿਆ ਸਮਝਿਆ ਅਸਰ ਹੈ ਅਤੇ ਗਰੀਬੀ ਨਾਲ ਜੂਝਣ ਦੇ ਵਧੇਰੇ ਇਸਤਰੀਕਰਨ ਨੇ ਬਜ਼ੁਰਗਾਂ ਲਈ ਸਮਾਜਿਕ ਸੁਰੱਖਿਆ ਯਥਾਯੋਗ ਤਰੀਕੇ ਅਪਣਾ ਕੇ ਦੇਣ ਦੀ ਲੋੜ ਨੂੰ ਹੋਰ ਵੀ ਵਧਾ ਦਿੱਤਾ ਹੈ। ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਨੇ ਇਸ ਦਿਸ਼ਾ ਵੱਲ ਕੁੱਝ ਕਦਮ ਉਠਾਏ ਹਨ ਪਰ ਭਾਰਤ ਜਿਹੇ ਘੱਟ ਵਿਕਸਤ ਦੇਸ਼ਾਂ ਵਿੱਚ ਵੱਧ ਵਿਕਸਤ ਦੇਸ਼ਾਂ ਜਿਹੀ ਪੱਧਰ ਉਤੇ ਸਮਾਜਿਕ ਸੁਰੱਖਿਆ ਦੇਣਾ ਇਕ ਬਹੁਤ ਵੱਡੀ ਬੁਝਾਰਤ ਹੈ।

## ਭਾਰਤ ਵਿੱਚ ਅਬਾਦੀ ਦੇ ਉਮਰ ਦਰਾਜ਼ ਹੋਣ ਦੇ ਗਿਆਨ ਅਧਾਰ ਦਾ ਨਿਰਮਾਣ ਸਰਵੇ

ਹਾਲ ਹੀ ਵਿੱਚ, ਮਈ-ਸਤੰਬਰ 2011 ਵਿੱਚ ਸੰਯੁਕਤ ਰਾਸ਼ਟਰ ਅਬਾਦੀ ਫੰਡ, ਨਵੀਂ ਦਿੱਲੀ, ਆਰਥਿਕ ਵਿਕਾਸ ਸੰਸਥਾਨ, ਨਵੀਂ ਦਿੱਲੀ, ਸਮਾਜਿਕ ਅਤੇ ਆਰਥਿਕ ਤਬਦੀਲੀ ਹਿਤ ਸੰਸਥਾਨ, ਬੰਗਲੌਰ ਅਤੇ ਸਮਾਜਿਕ ਸੰਸਥਾਨ, ਮੁੰਬਈ ਨੇ ਸਾਂਝੇ ਤੌਰ ਤੇ ਭਾਰਤ ਵਿੱਚ ਅਬਾਦੀ ਦੇ ਉਮਰ ਦਰਾਜ਼ ਹੋਣ ਦਾ ਗਿਆਨ ਅਧਾਰ ਨਿਰਮਾਣ ਦੇ ਪ੍ਰਾਜੈਕਟ ਦੇ ਤੌਰ ਤੇ 'ਬਜ਼ੁਰਗਾਂ ਦਾ ਦਰਜਾ' ਸਰਵੇ ਕੀਤਾ। ਇਹ ਅੰਕੜੇ 8329 ਘਰ ਪਰਿਵਾਰਾਂ ਵਿੱਚ 9852 ਬਜ਼ੁਰਗਾਂ ਬਾਰੇ ਭਾਰਤ ਦੇ 7 ਚੋਣਵੇਂ ਰਾਜਾਂ (ਹਿਮਾਚਲ ਪ੍ਰਦੇਸ਼, ਪੰਜਾਬ, ਪੱਛਮੀ ਬੰਗਾਲ, ਓਡੀਸ਼ਾ, ਮਹਾਰਾਸ਼ਟਰ, ਕੇਰਲਾ ਅਤੇ ਤਾਮਿਲਨਾਡੂ) ਵਿੱਚੋਂ ਲਏ ਗਏ, ਜਿਨ੍ਹਾਂ ਵਿੱਚ ਬਜ਼ੁਰਗਾਂ ਦੀ ਅਬਾਦੀ ਰਾਸ਼ਟਰੀ ਔਸਤ ਨਾਲੋਂ ਵਧੇਰੇ ਹੈ।

ਇਨ੍ਹਾਂ ਅੰਕੜਿਆਂ ਦੀ ਵਰਤੋਂ ਕਰਕੇ, ਇਸ



ਲਗਭਗ 45 ਪ੍ਰਤਿਸ਼ਤ ਬਜ਼ੁਰਗ ਗਰੀਬੀ ਰੇਖਾ ਤੋਂ ਥੱਲੇ ਦੇ ਜਾਂ ਅੰਤੋਦਿਆ ਕਾਰਡ ਵਾਲੇ ਘਰ ਪਰਿਵਾਰਾਂ ਵਿੱਚੋਂ ਹਨ। ਇਕ ਤਿਹਾਈ ਬਜ਼ੁਰਗ ਅਜਿਹੇ ਘਰ ਪਰਿਵਾਰਾਂ ਵਿੱਚੋਂ ਹਨ ਜਿਨ੍ਹਾਂ ਦਾ ਪ੍ਰਤਿ ਮਹੀਨਾ ਪ੍ਰਤਿ ਜੀਅ ਖਰਚਾ ਇਕ ਹਜ਼ਾਰ ਰੁਪਏ ਤੋਂ ਘੱਟ ਹੈ। ਲਗਭਗ ਇਕ ਚੌਥਾਈ ਬਜ਼ੁਰਗਾਂ ਨੂੰ ਆਰਥਿਕ ਮਦਦ ਦੀ ਬਹੁਤ ਲੋੜ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਸੁਰੱਖਿਆ ਦਾ ਹੋਰ ਕੋਈ ਸਰੋਤ ਨਹੀਂ ਹੈ। ਕਾਫੀ ਹੱਦ ਤੱਕ ਸਹੀ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਲਗਭਗ 40-50 ਪ੍ਰਤਿਸ਼ਤ ਬਜ਼ੁਰਗ ਆਰਥਿਕ ਤੌਰ ਤੇ ਨਿਰਬਲ ਹਨ (ਇਹ ਅੰਦਾਜ਼ਾ ਗਰੀਬੀ ਰੇਖਾ ਤੋਂ ਥੱਲੇ ਦੇ ਪ੍ਰਤਿਸ਼ਤ ਜਾਂ ਪੂਰੀ ਤੌਰ ਤੇ ਵਿੱਤੀ ਨਿਰਭਰਤਾ ਹੋਣ ਤੋਂ ਲਗਾਇਆ ਗਿਆ ਹੈ) ਅਤੇ ਲਗਭਗ 25 ਪ੍ਰਤਿਸ਼ਤ ਲਈ ਸਮੱਸਿਆ ਹੋਰ ਵੀ ਭਿਆਨਕ ਹੈ (ਉਹ ਸਭ ਤੋਂ ਘੱਟ ਪੂੰਜੀ ਵਾਲੇ ਅਤੇ ਕੋਈ ਜ਼ਮੀਨ ਜਾਇਦਾਦ ਜਾਂ ਆਰਥਿਕ ਮਦਦ ਨਹੀਂ ਰਖਦੇ)। ਬਜ਼ੁਰਗ ਵਿਧਵਾ ਔਰਤਾਂ ਆਰਥਿਕ ਤੌਰ ਤੇ ਮਰਦਾਂ ਨਾਲੋਂ ਇਸ ਮਾਪਦੰਡ ਅਨੁਸਾਰ ਕਿਤੇ ਵਾਧੂ ਨਿਰਬਲ ਹਨ :1)ਕੋਈ ਆਮਦਨ ਨਹੀਂ (ਮਰਦ 26 ਪ੍ਰਤਿਸ਼ਤ, ਔਰਤਾਂ 59 ਪ੍ਰਤਿਸ਼ਤ), 2) ਕੋਈ ਜਾਇਦਾਦ ਨਹੀਂ (ਮਰਦ 11 ਪ੍ਰਤਿਸ਼ਤ, ਔਰਤਾਂ 34 ਪ੍ਰਤਿਸ਼ਤ), ਵਿਧਵਾ ਔਰਤਾਂ 28 ਪ੍ਰਤਿਸ਼ਤ, ਵਿਦੁਰ ਮਰਦ 14 ਪ੍ਰਤਿਸ਼ਤ), 3) ਵਿੱਤੀ ਤੌਰ ਤੇ ਪੂਰੀ ਤਰ੍ਹਾਂ

ਲੇਖ ਵਿੱਚ ਇਹ ਚਰਚਾ ਕੀਤੀ ਹੈ - 1) ਭਾਰਤ ਵਿੱਚ ਬੁਢਾਪੇ ਵਿੱਚ ਸੁਰੱਖਿਆ ਦੀ ਸਮੱਸਿਆ ਦਾ ਅਕਾਰ, 2) ਸਮਾਜਿਕ ਸੁਰੱਖਿਆ ਲਈ ਸਰਕਾਰ ਦੇ ਮੁੱਖ ਉਪਰਾਲੇ, 3) ਭਾਰਤ ਸਰਕਾਰ ਦੀਆਂ ਦੋ ਵੱਡੀਆਂ ਪੈਨਸ਼ਨ ਸਕੀਮਾਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਵਿੱਚ ਸ਼ਮੂਲੀਅਤ, 4) ਬਜ਼ੁਰਗਾਂ ਵਲੋਂ ਸਕੀਮਾਂ ਦੀ ਸੀਮਤ ਵਰਤੋਂ, ਅਤੇ 5) ਬਜ਼ੁਰਗਾਂ ਲਈ ਇਕ ਸਰਵਵਿਆਪੀ ਪੈਨਸ਼ਨ ਸਕੀਮ ਦੀ ਸੰਭਾਵਨਾ।

## ਭਾਰਤ ਵਿੱਚ ਸਮੱਸਿਆ ਦਾ ਅਕਾਰ

### *1) ਮਰਦਮਸ਼ੁਮਾਰੀ ਅੰਕੜਿਆਂ ਅਨੁਸਾਰ*

2011 ਦੀ ਮਰਦਮਸ਼ੁਮਾਰੀ ਅਨੁਸਾਰ, ਭਾਰਤ ਵਿੱਚ (60+) ਉਮਰ ਦੇ 10 ਕਰੋੜ 40 ਲੱਖ ਬਜ਼ੁਰਗ ਸਨ ਜਿਨ੍ਹਾਂ ਦੀ ਗਿਣਤੀ 2026 ਤੱਕ 17 ਕਰੋੜ 30 ਲੱਖ ਤੋਂ ਵੱਧ ਹੋ ਜਾਣ ਦਾ ਅੰਦਾਜ਼ਾ ਹੈ। 2000 ਅਤੇ 2050 ਦੇ ਵਿਚਕਾਰ, ਭਾਰਤ ਵਿੱਚ ਬਜ਼ੁਰਗਾਂ ਦੀ ਅਬਾਦੀ 360 ਪ੍ਰਤਿਸ਼ਤ ਵਧ ਜਾਣ ਦਾ ਅੰਦਾਜ਼ਾ ਹੈ। ਇਸ ਦੇ ਮੁਕਾਬਲੇ, ਸੰਭਾਵਤ ਮੱਦਦਗਾਰ ਅਨੁਪਾਤ(15-59 ਸਾਲ ਦੀ ਉਮਰ ਦੇ ਵਿਅਕਤੀਆਂ ਦੀ ਗਿਣਤੀ) ਪ੍ਰਤਿ ਇਕ 60+ ਉਮਰ ਦੇ ਵਿਅਕਤੀ ਲਈ 2001 ਵਿੱਚ 8.4 ਤੋਂ ਘਟ ਕੇ 2011 ਵਿੱਚ 7 ਰਹਿ ਗਿਆ ਅਤੇ 2026 ਵਿੱਚ ਸਿਰਫ 5.2 ਹੋਵੇਗਾ। ਬਜ਼ੁਰਗਾਂ ਵਿੱਚ ਔਰਤਾਂ ਦੀ ਵਧ ਰਹੀ ਗਿਣਤੀ : 2050 ਤੱਕ, 60 ਸਾਲ ਜਾਂ ਉਸ ਤੋਂ ਵੱਧ ਉਮਰ ਦੀਆਂ ਬਜ਼ੁਰਗ ਔਰਤਾਂ ਦੀ ਗਿਣਤੀ ਬਜ਼ੁਰਗ ਮਰਦਾਂ ਨਾਲੋਂ ਇਕ ਕਰੋੜ 84 ਲੱਖ ਵਧ ਜਾਵੇਗੀ। ਵਿਧਵਾ ਔਰਤਾਂ ਦਾ ਪ੍ਰਤਿਸ਼ਤ ਵਾਧਾ 60-64 ਸਾਲ ਦੀ ਉਮਰ ਵਿੱਚ 44.5 ਦੇ ਮੁਕਾਬਲੇ 80 ਸਾਲ ਤੋਂ ਵੱਧ ਉਮਰ ਦੀਆਂ ਵਿਧਵਾ ਔਰਤਾਂ ਲਈ 86.8 ਹੈ। ਇਸ ਦੇ ਮੁਕਾਬਲੇ, 60-64 ਸਾਲ ਦੀ ਉਮਰ ਦੇ ਦਸ ਮਰਦਾਂ ਵਿੱਚੋਂ ਇਕ ਅਤੇ 80 ਸਾਲ ਤੋਂ ਵੱਧ ਉਮਰ ਦੇ 5 ਅਤੇ ਇਕ ਤਿਹਾਈ ਵਿਦੁਰ ਹਨ।

### 2) ਭਾਰਤ ਵਿੱਚ ਅਬਾਦੀ ਦੇ ਉਮਰ ਦਰਾਜ਼ ਹੋਣ ਦੇ ਗਿਆਨ ਅਧਾਰ ਸਰਵੇ ਵਿੱਚ ਦਰਸਾਈ ਬਜ਼ੁਰਗ ਹੋਣ ਦੀ ਨਿਰਬਲਤਾ ਅਤੇ ਅਕਾਰ।



ਆਸ਼ਰਤ (ਮਰਦ 33 ਪ੍ਰਤਿਸ਼ਤ, ਔਰਤਾਂ 66 ਪ੍ਰਤਿਸ਼ਤ)। ਪਰ ਕਿਸਮਤ ਨਾਲ, 70 ਪ੍ਰਤਿਸ਼ਤ ਬਜ਼ੁਰਗ ਆਪਣੇ ਬਾਲਗ ਬੱਚਿਆਂ ਨਾਲ ਰਹਿ ਰਹੇ ਹਨ ਅਤੇ ਸਿਰਫ਼ 6 ਪ੍ਰਤਿਸ਼ਤ ਇਕੱਲੇ ਰਹਿ ਰਹੇ ਹਨ ਪਰ ਗਰੀਬ ਬਜ਼ੁਰਗਾਂ ਦਾ ਲਗਭਗ ਇਕ ਤਿਹਾਈ ਹਿੱਸਾ (ਆਮਦਨ ਦੇ ਸਭ ਤੋਂ ਘੱਟ ਵਸੀਲਿਆਂ ਵਾਲੇ) ਜੋ ਜਾਂ ਤਾਂ ਇਕੱਲੇ ਰਹਿ ਰਹੇ ਹਨ ਅਤੇ ਜਾਂ ਆਪਣੇ ਜੀਵਨਸਾਥੀ ਨਾਲ ਰਹਿ ਰਹੇ ਹਨ, ਸਮਾਜਿਕ ਸੁਰੱਖਿਆ ਦੀ ਸਭ ਤੋਂ ਵੱਧ ਲੋੜ ਵਿੱਚ ਹਨ। ਹਰ ਪੰਜ ਬਜ਼ੁਰਗ ਮਰਦ ਜਾਂ ਔਰਤਾਂ ਵਿੱਚੋਂ ਇਕ ਇਹ ਸੋਚਦਾ ਹੈ ਕਿ ਸਰਕਾਰ ਨੂੰ ਬੁਢਾਪੇ ਵੇਲੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

## ਸਰਕਾਰੀ ਪਹਿਲਾਂ

ਭਾਰਤ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਬਜ਼ੁਰਗਾਂ ਨੂੰ ਮਾਲੀ ਸੁਰੱਖਿਆ ਦਿੰਦੀਆਂ ਰਹੀਆਂ ਹਨ (ਪੈਨਸ਼ਨ ਸਕੀਮ) ਅਤੇ ਕਈ ਹੋਰ ਭਾਂਤਾਂ ਵਿੱਚ ਸੁਰੱਖਿਆ (ਵਸਤੂ ਅਤੇ ਸੇਵਾਵਾਂ) ਜਿਵੇਂ ਕਿ ਖੁਰਾਕ ਸੁਰੱਖਿਆ, ਸਿਹਤ ਸੇਵਾਵਾਂ ਜੋ ਬਜ਼ੁਰਗਾਂ ਲਈ ਰਾਸ਼ਟਰੀ ਪ੍ਰੋਗਰਾਮ ਅਧੀਨ ਹਨ ਅਤੇ ਰਿਆਇਤਾਂ ਅਤੇ ਸਹੂਲਤਾਂ ਜੋ ਵੱਖ-ਵੱਖ ਮੰਤਰਾਲਿਆਂ ਵਲੋਂ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਰਾਜ ਸਰਕਾਰਾਂ ਵੀ ਕਈ ਸਕੀਮਾਂ ਲਾਗੂ ਕਰ ਰਹੀਆਂ ਹਨ, ਜਿਵੇਂ ਕਿ ਕੇਰਲਾ ਵਿੱਚ ਮਜ਼ਦੂਰ ਕਲਿਆਣ ਬੋਰਡਾਂ ਦੀਆਂ ਪੈਨਸ਼ਨ ਸਕੀਮਾਂ, ਤਮਿਲਨਾਡੂ ਵਿੱਚ ਨਿਰਬਲ ਗਰੁੱਪਾਂ ਜਿਵੇਂ ਕਿ ਬੇਸਹਾਰਿਆਂ, ਛੱਡੀਆਂ ਹੋਈਆਂ ਪਤਨੀਆਂ ਲਈ ਪੈਨਸ਼ਨ ਸਕੀਮਾਂ ਅਤੇ ਮਿਡ-ਡੇ-ਮੀਲ ਸਕੀਮ, ਪੱਛਮੀ ਬੰਗਾਲ ਵਿੱਚ ਬ੍ਰਿਧਸ਼੍ਰੀ ਅਤੇ ਸਾਂਕ੍ਰਭਾਤੀ ਸਕੀਮ, ਓਡੀਸ਼ਾ ਵਿੱਚ ਮਧੂ ਬਾਬੂ ਪੈਨਸ਼ਨ ਸਕੀਮ, ਮਹਾਰਾਸ਼ਟਰ ਵਿੱਚ ਸ੍ਵਾਵਨਬਲ ਪੈਨਸ਼ਨ ਸਕੀਮ ਅਤੇ ਸੰਜੇ ਗਾਂਧੀ ਬੇਸਹਾਰਾ ਔਰਤਾਂ ਲਈ ਪੈਨਸ਼ਨ ਸਕੀਮ, ਪੰਜਾਬ ਦੀ ਆਟਾ ਦਾਲ ਸਕੀਮ, ਆਦਿ। ਰਾਜਾਂ ਦੀਆਂ ਕਈ ਪੈਨਸ਼ਨ ਸਕੀਮਾਂ ਹੁਣ ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਸਕੀਮ ਅਤੇ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਵਿੱਚ ਸ਼ਾਮਲ ਕਰ ਦਿੱਤੀਆਂ ਗਈਆਂ ਹਨ।

## ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ

ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ, ਜੋ 1995 ਵਿੱਚ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਅਧੀਨ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ ਦੇ ਤੌਰ ਤੇ ਕੇਂਦਰ ਵਲੋਂ ਸ਼ੁਰੂ ਕੀਤੀ ਗਈ ਸੀ ਦਾ ਨਾਮ 2007 ਵਿੱਚ ਬਦਲ ਕੇ ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ ਕਰ ਦਿੱਤਾ ਗਿਆ ਸੀ। ਅਪ੍ਰੈਲ 2011 ਵਿੱਚ, 60-79 ਸਾਲ ਦੇ ਬਜ਼ੁਰਗਾਂ ਲਈ, ਪ੍ਰਤਿ ਮਹੀਨਾ ਪੈਨਸ਼ਨ ਦੀ ਰਕਮ ਵਧਾ ਕੇ 200 ਰੁਪਏ ਅਤੇ 80 ਸਾਲ ਤੋਂ ਉਪਰ ਦੇ ਬਜ਼ੁਰਗਾਂ ਲਈ 500 ਰੁਪਏ ਕਰ ਦਿੱਤੀ ਗਈ ਸੀ। ਇਸ ਲਈ ਸਮੁੱਚੇ ਫੰਡ ਕੇਂਦਰ ਸਰਕਾਰ ਵਲੋਂ ਰਾਜ ਸਰਕਾਰਾਂ ਨੂੰ ਮੁਹੱਈਆ ਕੀਤੇ ਜਾਂਦੇ ਹਨ ਅਤੇ ਇਸ ਸਕੀਮ ਹੇਠ 65 ਸਾਲ (ਹੁਣ 60 ਸਾਲ) ਦੀ ਗਰੀਬੀ ਰੇਖਾ ਤੋਂ ਥੱਲੇ ਦੀ ਅਬਾਦੀ ਨੂੰ ਲਿਆਇਆ ਜਾਂਦਾ ਹੈ। ਇਸ ਦੇ ਲਾਭਪਾਤਰਾਂ ਦੀ ਪਛਾਣ, ਰਾਜ ਸਰਕਾਰ ਅਨੁਸਾਰ ਮਿਥੇ ਟੀਚਿਆਂ ਅਨੁਸਾਰ ਪਿੰਡ ਦੀਆਂ ਪੰਚਾਇਤਾਂ ਵਲੋਂ ਕੀਤੀ ਜਾਂਦੀ ਹੈ। ਰਾਜ ਲਈ ਵਿੱਤੀ ਸੀਮਾ ਅਤੇ ਲਾਭਪਾਤਰਾਂ ਦੀ ਗਿਣਤੀ ਹੇਠ ਦਿੱਤੇ ਫਾਰਮੂਲੇ ਅਨੁਸਾਰ ਤੈਅ ਕੀਤੀ ਜਾਂਦੀ ਹੈ :

***ਸੰਖਿਅਕ ਸੀਮਾ*** – ਰਾਜ ਵਿੱਚ 65 ਸਾਲ ਅਤੇ ਉਸ ਤੋਂ ਵੱਧ ਉਮਰ ਦੀ ਅਬਾਦੀ ਦਾ 1/2 ਹਿੱਸਾ ਜਿਸ ਨੂੰ ਰਾਜ ਦੇ ਗਰੀਬ ਅਨੁਪਾਤ ਨਾਲ ਗੁਣਾ ਕੀਤਾ ਜਾਂਦਾ ਹੈ।

2008 ਤੱਕ, ਲਗਭਗ 65 ਲੱਖ ਬਜ਼ੁਰਗ ਸਕੀਮ ਤੋਂ ਲਾਭ ਲੈ ਚੁੱਕੇ ਸਨ। ਬਜ਼ੁਰਗ ਨਾਗਰਿਕਾਂ ਲਈ ਨਵੀਂ ਰਾਸ਼ਟਰੀ ਨੀਤੀ, 2011 ਅਧੀਨ, ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ ਵਿੱਚ ਪੈਨਸ਼ਨ ਦੀ ਰਕਮ 1,000 ਰੁਪਏ ਮਹੀਨਾ ਕਰ ਦੇਣ ਦਾ ਪ੍ਰਸਤਾਵ ਕੀਤਾ ਗਿਆ ਹੈ।



## ਇੰਦਰਾ ਗਾਂਧੀ ਵਿਧਵਾ ਪੈਨਸ਼ਨ ਸਕੀਮ

2009 ਵਿੱਚ ਸ਼ੁਰੂ ਕੀਤੀ ਇੰਦਰਾ ਗਾਂਧੀ ਵਿਧਵਾ ਪੈਨਸ਼ਨ ਸਕੀਮ ਰਾਹੀਂ ਗਰੀਬੀ ਰੇਖਾ ਤੋਂ ਥੱਲੇ ਦੀਆਂ 40-64 ਸਾਲ ਦੀਆਂ ਵਿਧਵਾਵਾਂ (ਬਾਅਦ ਵਿੱਚ ਬਦਲ ਕੇ 40-59 ਸਾਲ ਕੀਤਾ ਗਿਆ) ਨੂੰ 200 ਰੁਪਏ ਪ੍ਰਤਿ ਮਹੀਨਾ ਲਾਭਪਾਤਰਤਾ ਦਿੱਤੀ ਜਾਂਦੀ ਹੈ। ਜਦੋਂ ਉਨ੍ਹਾਂ ਦੀ ਉਮਰ 60 ਸਾਲ ਦੀ ਹੋ ਜਾਂਦੀ ਹੈ ਤਾਂ ਉਹ ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ ਅਧੀਨ ਪੈਨਸ਼ਨ ਲੈਣ ਦੀਆਂ ਹੱਕਦਾਰ ਹੋ ਜਾਂਦੀਆਂ ਹਨ।

ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਸਕੀਮ ਅਤੇ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੀ ਉਪਯੋਗਤਾ :

ਪਰ ਮੁੱਖ ਮੁੱਦਾ ਇਹ ਹੈ ਕਿ ਕੀ ਇਨ੍ਹਾਂ ਸਕੀਮਾਂ ਦਾ ਲਾਭ ਪਛਾਣੇ ਜ਼ਰੂਰਤਮੰਦ ਬਜ਼ੁਰਗਾਂ ਕੋਲ ਪਹੁੰਚ ਰਿਹਾ ਹੈ। ਭਾਰਤ ਵਿੱਚ ਅਬਾਦੀ ਦੇ ਉਮਰ ਦਰਾਜ਼ ਹੋਣ ਦੇ ਗਿਆਨ ਅਧਾਰ ਸਰਵੇ ਤੋਂ ਪਤਾ ਲਗਦਾ ਹੈ ਕਿ ਇੰਦਰਾ ਗਾਂਧੀ ਰਾਸ਼ਟਰੀ ਬਜ਼ੁਰਗ ਪੈਨਸ਼ਨ ਸਕੀਮ ਅਤੇ ਇੰਦਰਾ ਗਾਂਧੀ

ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਬਾਰੇ ਸਰਵੇ ਕੀਤੇ ਬਜ਼ੁਰਗਾਂ ਵਿੱਚ ਜਾਗਰੂਕਤਾ ਕ੍ਰਮਵਾਰ 79 ਅਤੇ 72 ਸੀ ਪਰ ਸ਼ਾਇਦ ਹੀ 13 ਪ੍ਰਤਿਸ਼ਤ ਨੇ ਇੰਦਰਾ ਗਾਂਧੀ ਰਾਸ਼ਟਰੀ ਬਜ਼ੁਰਗ ਪੈਨਸ਼ਨ ਸਕੀਮ ਤੋਂ ਅਤੇ 20 ਪ੍ਰਤਿਸ਼ਤ ਵਿਧਵਾਵਾਂ ਨੇ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਤੋਂ ਲਾਭ ਉਠਾਇਆ ਸੀ। ਇੰਦਰਾ ਗਾਂਧੀ ਰਾਸ਼ਟਰੀ ਬਜ਼ੁਰਗ ਪੈਨਸ਼ਨ ਸਕੀਮ ਬਾਰੇ ਜਾਗਰੂਕਤਾ ਗਰੀਬੀ ਰੇਖਾ ਤੋਂ ਥੱਲੇ ਦੇ ਬਜ਼ੁਰਗ ਮਰਦਾਂ ਵਿੱਚ 81 ਪ੍ਰਤਿਸ਼ਤ ਅਤੇ ਬਜ਼ੁਰਗ ਔਰਤਾਂ ਵਿੱਚ 71 ਪ੍ਰਤਿਸ਼ਤ ਸੀ ਪਰ ਗਰੀਬੀ ਰੇਖਾ ਤੋਂ ਥੱਲੇ ਦੇ 22 ਪ੍ਰਤਿਸ਼ਤ ਬਜ਼ੁਰਗ ਆਦਮੀ ਵੀ ਸ਼ਾਇਦ ਹੀ ਇਸ ਦਾ ਲਾਭ ਉਠਾ ਰਹੇ ਸਨ। ਔਰਤਾਂ ਵਿੱਚ ਇਹ ਗਿਣਤੀ ਮੁਸ਼ਕਿਲ ਨਾਲ 15 ਪ੍ਰਤਿਸ਼ਤ ਸੀ।

**ਜਿਥੋਂ ਤੱਕ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਦਾ ਸਵਾਲ ਹੈ, ਗਰੀਬੀ ਰੇਖਾ ਤੋਂ ਥੱਲੇ ਦੀਆਂ 70 ਪ੍ਰਤਿਸ਼ਤ ਬਜ਼ੁਰਗ ਔਰਤਾਂ ਇਸ ਬਾਰੇ ਜਾਣੂ ਹਨ, ਪਰ ਸਿਰਫ 20 ਪ੍ਰਤਿਸ਼ਤ ਹੀ ਇਸ ਦਾ ਲਾਭ ਉਠਾਉਂਦੀਆਂ ਹਨ। ਸੱਤ ਰਾਜਾਂ ਵਿੱਚ ਵੀ ਕਾਫੀ ਭਿੰਨਤਾ ਹੈ ਪਰ ਮੋਟੇ ਤੌਰ ਤੇ ਇੰਦਰਾ ਗਾਂਧੀ ਰਾਸ਼ਟਰੀ ਬਜ਼ੁਰਗ ਪੈਨਸ਼ਨ ਸਕੀਮ ਨੂੰ ਪੰਜਾਬ, ਓਡੀਸ਼ਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਚੰਗਾ ਹੁੰਗਾਰਾ ਮਿਲਿਆ ਹੈ ਜਦੋਂ ਕਿ ਇੰਦਰਾ ਗਾਂਧੀ ਰਾਸ਼ਟਰੀ ਵਿਧਵਾ ਪੈਨਸ਼ਨ ਸਕੀਮ ਓਡੀਸ਼ਾ, ਕੇਰਲਾ, ਪੱਛਮੀ ਬੰਗਾਲ ਅਤੇ ਹਿਮਾਚਲ ਪ੍ਰਦੇਸ਼ ਵਿੱਚ ਚੰਗੀ ਚਲ ਰਹੀ ਹੈ।**

## ਘੱਟ ਅਪਨਾਉਣ ਦੇ ਕਾਰਨ

ਭਾਰਤ ਵਿੱਚ ਅਬਾਦੀ ਦੇ ਉਮਰ ਦਰਾਜ਼ ਹੋਣ ਦੇ ਗਿਆਨ ਅਧਾਰ ਸਰਵੇ ਤੋਂ ਪ੍ਰਾਪਤ ਗੁਣਾਤਮਕ ਅੰਕੜੇ ਅਤੇ ਵੱਖ-ਵੱਖ ਰਾਜਾਂ ਵਿੱਚ ਲਾਗੂ ਕਰਨ ਦੇ ਤਜ਼ਰਬੇ ਬਾਰੇ ਕੁੱਝ ਹੋਰ ਛੋਟੇ-ਛੋਟੇ ਸਰਵੇ, ਹੇਠ ਲਿਖੇ ਕਾਰਨ ਸਪੱਸ਼ਟ ਕਰਦੇ ਹਨ :

- ਅਨਪੜ੍ਹ ਗਰੀਬ ਬਜ਼ੁਰਗਾਂ ਵਲੋਂ ਯੋਗ ਪਾਤਰ ਹੋਣ ਦੀਆਂ ਸ਼ਰਤਾਂ ਜਿਵੇਂ ਕਿ ਪਛਾਣ ਸਬੂਤ, ਉਮਰ ਦਾ ਸਬੂਤ, ਗਰੀਬੀ ਰੇਖਾ ਤੋਂ ਥੱਲੇ ਹੋਣ ਦਾ ਸਬੂਤ, ਪੰਚਾਇਤ ਮੈਂਬਰਾਂ ਵਲੋਂ ਸਿਫਾਰਸ਼ ਆਦਿ ਦਸਤਾਵੇਜ਼ਾਂ ਨੂੰ ਪੇਸ਼ ਕਰਨ ਵਿੱਚ ਆਉਣ ਵਾਲੀਆਂ ਕਠਿਨਾਈਆਂ। ਇਸ ਨੇ ਵਿਚੋਲਿਆਂ, ਰਿਸ਼ਵਤਖੋਰੀ ਅਤੇ ਜਾਤ ਪੱਖਪਾਤ ਨੂੰ ਜਨਮ ਦਿੱਤਾ ਹੈ।
- ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਦੀ ਸੂਚੀ ਦੀ ਪ੍ਰਮਾਣਕਤਾ ਦੀ ਘਾਟ ਜਿਸ ਨਾਲ ਧੋਖਾਧੜੀ ਅਤੇ ਨਕਲੀ ਮਾਮਲੇ ਹੋ ਜਾਂਦੇ ਹਨ।
- ਪੈਨਸ਼ਨ ਸ਼ੁਰੂ ਹੋਣ ਵਿੱਚ ਲੰਬਾ ਸਮਾਂ ਲਗਣਾ।
- ਨਾਕਾਫੀ ਪੈਨਸ਼ਨ ਰਕਮ।
- ਯੋਗ ਲਾਭਪਾਤਰਾਂ ਦੀ ਪਛਾਣ ਨਾ ਕਰ ਸਕਣ ਕਾਰਨ, ਰਾਜਾਂ ਨੂੰ ਨਿਰਧਾਰਤ ਫੰਡਾਂ ਦੀ ਪੂਰੀ ਵਰਤੋਂ ਨਾ ਹੋ ਸਕਣਾ।

## ਸਰਵਵਿਆਪੀ ਪੈਨਸ਼ਨ ਸਕੀਮ ਦੀ ਮੰਗ

ਇਨ੍ਹਾਂ ਸਮੱਸਿਆਵਾਂ ਉਤੇ ਕਾਬੂ ਪਾਉਣ ਲਈ, ਪੈਨਸ਼ਨ ਪਰੀਸ਼ਦ ਨੇ 55+ ਮਰਦਾਂ ਅਤੇ 50+ ਔਰਤਾਂ ਲਈ 2000 ਰੁਪਏ ਮਹੀਨਾ ਜਾਂ ਘੱਟ ਤੋਂ ਘੱਟ ਮਜ਼ਦੂਰੀ ਦਾ 50 ਪ੍ਰਤਿਸ਼ਤ ਜੋ ਵੀ ਵਧੇਰੇ ਹੋਵੇ, ਮਹੀਨਾ ਸਰਵਵਿਆਪੀ ਗ਼ੈਰ-ਯੋਗਦਾਨ ਬੁਢਾਪਾ ਪੈਨਸ਼ਨ ਪ੍ਰਣਾਲੀ ਦੀ ਮੰਗ ਕੀਤੀ ਹੈ। ਸਭ ਬਜ਼ੁਰਗ ਜਿਨ੍ਹਾਂ ਦੀ ਆਮਦਨ, ਆਮਦਨ ਕਰ ਅਦਾਇਗੀ ਲਈ ਉਪਰ ਦਿੱਤੀ ਦਰ ਤੋਂ ਵਧੀਕ ਹੈ ਅਤੇ ਜੋ ਉਪਰ ਦਿੱਤੀ ਪ੍ਰਸਤਾਵਤ ਪੈਨਸ਼ਨ ਤੋਂ ਦੂਸਰੇ ਸਰੋਤਾਂ ਤੋਂ ਵਧੇਰੇ ਪੈਨਸ਼ਨ ਲੈ ਰਹੇ ਹੋਣ ਨੂੰ ਇਸ ਪ੍ਰਣਾਲੀ ਵਿੱਚੋਂ ਬਾਹਰ ਰੱਖਿਆ ਗਿਆ ਹੈ।



ਸਿੱਧੇ ਹਿਸਾਬ ਅਨੁਸਾਰ 60 ਸਾਲ ਦੀ ਉਮਰ ਤੋਂ ਵਡੇਰੇ ਸਭ ਬਜ਼ੁਰਗਾਂ ਨੂੰ 2000 ਰੁਪਏ ਮਹੀਨਾ ਅਦਾ ਕਰਨ ਨਾਲ ਵੱਧ ਤੋਂ ਵੱਧ ਭਾਰ ਲਗਭਗ 249238 ਕਰੋੜ ਰੁਪਏ ਦਾ ਪਵੇਗਾ। ਅਸਲ ਭਾਰ ਘੱਟ ਹੋਵੇਗਾ ਕਿਉਂਕਿ ਚਾਲੂ ਪੈਨਸ਼ਨ ਸਕੀਮਾਂ ਰਾਹੀਂ ਖਰਚੇ ਦੀ ਬੱਚਤ ਹੋ ਜਾਵੇਗੀ। ਪਰ ਇਹ ਧਿਆਨ ਦੇਣ ਯੋਗ ਹੈ ਕਿ ਵਿਆਪਕਤਾ ਅਤੇ ਮਿਲਣ ਵਾਲੀ ਪੈਨਸ਼ਨ ਦੋਵੇਂ ਵਧਾਉਣ ਜਿਹੇ ਲੋਕ ਲੁਭਾਊ ਤਰੀਕੇ ਅਪਨਾਉਣ ਨਾਲ ਸਰਕਾਰ ਦੇ ਸਰੋਤਾਂ ਉਪਰ ਭਾਰ ਪੈ ਸਕਦਾ ਹੈ ਜਿਸ ਨਾਲ ਜਾਂ ਤਾਂ ਵਧੇਰੇ ਟੈਕਸ ਲਗ ਸਕਦੇ ਹਨ ਅਤੇ ਜਾਂ ਮਹਿੰਗਾਈ ਵਧ ਸਕਦੀ ਹੈ ਜਿਨ੍ਹਾਂ ਦਾ ਬਜ਼ੁਰਗਾਂ ਉਪਰ ਵੀ ਅਸਰ ਪੈਂਦਾ ਹੈ। ਇਸ ਲਈ ਸ਼ਮੂਲੀਅਤ ਵਿੱਚੋਂ ਬਾਹਰ ਰੱਖਣ ਦੇ ਢੁੱਕਵੇਂ ਮਾਪਦੰਡ ਹੋਣਾ ਬਹੁਤ ਅਹਿਮ ਹੈ। ਪ੍ਰਸਤਾਵਤ ਸਰਵਵਿਆਪੀ ਪੈਨਸ਼ਨ ਸਕੀਮ ਵਿੱਚੋਂ ਆਮਦਨ ਕਰ ਅਦਾ ਕਰਨ ਵਾਲਿਆਂ ਨੂੰ ਬਾਹਰ ਰੱਖਿਆ ਗਿਆ ਹੈ ਪਰ ਪੇਂਡੂ/ਖੇਤੀ ਖੇਤਰ ਦੇ ਬਹੁਤੇ ਬਜ਼ੁਰਗਾਂ ਦੀ ਪਛਾਣ ਕਰਨ ਲਈ ਸ਼ਮੂਲੀਅਤ ਵਿੱਚੋਂ ਬਾਹਰ ਰੱਖਣ ਦੇ ਮਾਪਦੰਡ ਦੀ ਚੋਣ ਬਹੁਤ ਔਖੀ ਹੈ। ਇਸ ਤੋਂ ਇਲਾਵਾ, ਭਾਵੇਂ ਆਮਦਨ ਸੁਰੱਖਿਆ ਬਹੁਤ ਮਹੱਤਵਪੂਰਨ ਹੈ ਪਰ ਇਹ ਸਿਹਤ ਸੁਰੱਖਿਆ ਅਤੇ ਖੁਰਾਕ ਸੁਰੱਖਿਆ ਲਈ ਗਰੀਬਾਂ ਨੂੰ ਦਿੱਤੀਆਂ ਜਾਣ ਵਾਲੀਆਂ ਮੁਫਤ ਸੇਵਾਵਾਂ ਦਾ ਬਦਲ ਨਹੀਂ ਬਣ ਸਕਦੀ।

## ਮੌਜੂਦਾ ਸਰਕਾਰ ਦੀਆਂ ਪਹਿਲਾਂ

ਮੌਜੂਦਾ ਸਰਕਾਰ ਵਲੋਂ ਸ਼ੁਰੂ ਕੀਤੀਆਂ ਸਕੀਮਾਂ ਜਿਵੇਂ ਕਿ ਅਟਲ ਪੈਨਸ਼ਨ ਯੋਜਨਾ, ਪ੍ਰਧਾਨ ਮੰਤਰੀ



ਜਨ ਧਨ ਯੋਜਨਾ, ਜੀਵਨ ਜਿਓਤੀ ਯੋਜਨਾ, ਪ੍ਰਧਾਨ ਮੰਤਰੀ ਜਨ ਸੁਰੱਖਿਆ ਬੀਮਾ ਯੋਜਨਾ ਹੁਣ ਤੱਕ ਵਿਚਾਰੀਆਂ ਸਕੀਮਾਂ ਦੇ ਤੁਲਨਾਤਮਕ ਨਹੀਂ ਹਨ ਕਿਉਂਕਿ ਇਹ ਸਵੈ ਯੋਗਦਾਨ ਵਾਲੀਆਂ ਸਕੀਮਾਂ ਹਨ ਅਤੇ ਸਿਰਫ ਬਜ਼ੁਰਗਾਂ ਲਈ ਹੀ ਨਹੀਂ ਹਨ। ਪਰ ਇਹ ਪੱਕੇ ਤੌਰ ਤੇ ਭਵਿੱਖ ਦੀ ਬਜ਼ੁਰਗ ਅਬਾਦੀ ਦੀ ਸੁਰੱਖਿਆ ਉਪਰ ਪ੍ਰਭਾਵ ਰਖਦੀਆਂ ਹਨ।

ਗ਼ੈਰ ਸੰਗਠਿਤ ਖੇਤਰ ਲਈ ਅਟਲ ਪੈਨਸ਼ਨ ਯੋਜਨਾ ਖਾਤਾਧਾਰਕਾਂ ਨੂੰ 1000 ਤੋਂ 5000 ਰੁਪਏ ਤੱਕ ਪ੍ਰਤਿ ਮਹੀਨਾ ਪੈਨਸ਼ਨ ਦੀ ਜ਼ਾਮਨੀ ਲੈਂਦੀ ਹੈ। ਸਰਕਾਰ ਖਾਤਾਧਾਰਕ ਵਲੋਂ ਜਮ੍ਹਾਂ ਰਾਸ਼ੀ ਦਾ 50 ਪ੍ਰਤਿਸ਼ਤ ਜਾਂ 100 ਰੁਪਏ ਸਾਲਾਨਾ ਜੋ ਵੀ ਘੱਟ ਹੋਵੇ ਆਪਣੇ ਵਲੋਂ ਹਿੱਸਾ ਪਾਵੇਗੀ। ਸਿਰਫ ਉਹ ਗ਼ੈਰ ਆਮਦਨ ਕਰਦਾਤਾ ਜੋ ਕਿਸੇ ਹੋਰ ਕਾਨੂੰਨੀ ਪੈਨਸ਼ਨ ਸਕੀਮ ਵਿੱਚ ਸ਼ਾਮਲ ਨਹੀਂ ਹਨ, ਇਸ ਦੇ ਪਾਤਰ ਹੋਣਗੇ। ਸਰਕਾਰ ਸਿਰਫ ਉਨ੍ਹਾਂ ਲਈ ਆਪਣਾ ਯੋਗਦਾਨ ਦੇਵੇਗੀ ਜੋ ਇਸ ਸਕੀਮ ਵਿੱਚ 1 ਜੂਨ ਤੋਂ 31 ਦਸੰਬਰ 2015 ਤੱਕ ਸ਼ਾਮਲ ਹੋ ਗਏ ਹਨ।

2015 ਵਿੱਚ ਸ਼ੁਰੂ ਕੀਤੀ ਗਈ ਜਨ ਸੁਰੱਖਿਆ ਬੀਮਾ ਯੋਜਨਾ ਸਰਕਾਰ ਦੀ ਮੱਦਦਗਾਰੀ ਸਕੀਮ ਹੈ ਜੋ ਦੁਰਘਟਨਾ ਬੀਮਾ ਮੁਹੱਈਆ ਕਰਦੀ ਹੈ। 18-70 ਸਾਲ ਦੀ ਉਮਰ ਦੇ ਵਿਅਕਤੀ ਜਿਨ੍ਹਾਂ ਕੋਲ ਬੈਂਕ ਖਾਤਾ ਹੈ, ਇਸ ਸਕੀਮ ਦਾ 12 ਰੁਪਏ ਸਾਲਾਨਾ ਪ੍ਰੀਮੀਅਮ ਅਦਾ ਕਰ ਕੇ ਲਾਭ ਉਠਾ ਸਕਦੇ ਹਨ। ਪ੍ਰੀਮੀਅਮ ਖਾਤੇ ਵਿੱਚੋਂ ਅਦਾ ਕਰਨਾ ਹੁੰਦਾ ਹੈ ਜਾਂ ਉਨ੍ਹਾਂ ਦੇ ਖਾਤੇ ਵਿੱਚੋਂ ਆਪਣੇ ਆਪ ਕੱਟ ਲਿਆ ਜਾਂਦਾ ਹੈ। ਦੁਰਘਟਨਾ ਵਿੱਚ ਮੌਤ ਹੋ ਜਾਣ ਦੀ ਸੂਰਤ ਵਿੱਚ ਜਾਂ ਸਥਾਈ ਤੌਰ ਤੇ ਅਪਾਹਜ ਹੋ ਜਾਣ ਦੀ ਸੂਰਤ ਵਿੱਚ 2 ਲੱਖ ਰੁਪਏ ਅਦਾ ਕੀਤੇ ਜਾਂਦੇ ਹਨ ਅਤੇ ਅੰਸ਼ਿਕ ਅਪਾਹਜਪੁਣੇ ਲਈ ਇਕ ਲੱਖ ਰੁਪਏ। ਇਹ ਸਕੀਮ 2014 ਵਿੱਚ ਸ਼ੁਰੂ ਕੀਤੀ ਪ੍ਰਧਾਨ ਮੰਤਰੀ ਜਨ ਧਨ ਯੋਜਨਾ ਨਾਲ ਜੁੜੀ ਹੋਈ ਹੈ। ਇਸ ਸਕੀਮ ਅਧੀਨ ਜਨ ਧਨ ਯੋਜਨਾ ਖਾਤਾਧਾਰਕਾਂ ਨੂੰ ਵੱਖਰੀਆਂ-ਵੱਖਰੀਆਂ ਵਿੱਤੀ ਸੇਵਾਵਾਂ ਜਿਵੇਂ ਕਿ ਲੋੜ ਪੈਣ ਉਤੇ ਪੂਜੀ ਉਧਾਰ, ਬੀਮਾ, ਰਕਮ ਭੇਜਣਾ, ਓਵਰਡਰਾਫਟ ਸਹੂਲਤ ਆਦਿ ਨਿਸ਼ਚਿਤ ਕਰਦੀ ਹੈ। ਇਸ ਸਕੀਮ ਅਧੀਨ ਖਾਤੇ ਜ਼ੀਰੋ ਬੈਲੈਂਸ ਨਾਲ ਖੋਲ੍ਹੇ ਜਾ ਸਕਦੇ ਹਨ। ਇਨ੍ਹਾਂ ਖਾਤਿਆਂ ਨੂੰ ਖੋਲ੍ਹਣ ਦਾ ਤਰੀਕਾ ਬਹੁਤ ਅਸਾਨ ਹੈ। ਇਹ ਸਕੀਮ ਇਕ ਲੱਖ ਰੁਪਏ ਦਾ ਦੁਰਘਟਨਾ ਬੀਮਾ ਅਤੇ 30,000 ਰੁਪਏ ਦਾ ਜੀਵਨ ਬੀਮਾ ਮੁਹੱਈਆ ਕਰਦੀ ਹੈ ਜੋ ਖਾਤਾਧਾਰਕ ਦੀ ਮੌਤ ਬਾਅਦ ਅਦਾ ਕਰਨ ਯੋਗ ਹੁੰਦਾ ਹੈ। ਫ਼ਰਵਰੀ 2017 ਤੱਕ 27 ਕਰੋੜ ਤੋਂ ਵੱਧ ਖਾਤੇ ਖੁੱਲ੍ਹ ਚੁੱਕੇ ਸਨ ਜਿਨ੍ਹਾਂ ਵਿੱਚ 665 ਅਰਬ ਰੁਪਏ ਜਮ੍ਹਾਂ ਸਨ। ਇਸ ਸਕੀਮ ਦੀ ਓਵਰਡਰਾਫਟ ਅਤੇ ਹੋਰ ਸਹੂਲਤਾਂ ਲੈਣ ਲਈ ਨਕਲੀ ਖਾਤੇ ਖੁੱਲ੍ਹਣ ਕਾਰਨ ਬਹੁਤ ਆਲੋਚਨਾ ਵੀ ਹੋਈ ਹੈ। ਇਸ ਦੀ ਆਲੋਚਨਾ ਜਨਤਕ ਖੇਤਰ ਦੇ ਬੈਂਕਾਂ ਉਪਰ ਬਹੁਤ ਵਾਧੂ ਭਾਰ ਪਾਉਣ ਕਾਰਨ ਵੀ ਹੋਈ ਹੈ।

2015 ਵਿੱਚ ਸ਼ੁਰੂ ਹੋਏ ਪ੍ਰਧਾਨ ਮੰਤਰੀ ਜੀਵਨ ਜਿਓਤੀ ਬੀਮਾ ਯੋਜਨਾ, ਜੀਵਨ ਬੀਮਾ ਪਾਲਿਸੀ ਮੁਹੱਈਆ ਕਰਦੀ ਹੈ ਜੋ ਪਾਲਿਸੀ ਧਾਰਕ ਦੀ ਮੌਤ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਅਦਾ ਕਰਦੀ ਹੈ। 18-50 ਸਾਲ ਦੀ ਉਮਰ ਦੇ ਵਿਅਕਤੀ ਇਸ ਸਕੀਮ ਵਿੱਚ ਸ਼ਾਮਲ ਹੋ ਸਕਦੇ ਹਨ। ਹਰ ਸਾਲ 31 ਮਈ ਤੋਂ ਪਹਿਲਾਂ 330 ਰੁਪਏ ਦਾ ਪ੍ਰੀਮੀਅਮ ਅਦਾ ਕਰਨਾ ਹੁੰਦਾ ਹੈ।

ਇਨ੍ਹਾਂ ਸਕੀਮਾਂ ਦਾ ਸਮਾਲੋਚਨਾਤਮਕ ਆਂਕਲਨ ਕਰਨਾ ਹਾਲੇ ਬਹੁਤ ਜਲਦਬਾਜ਼ੀ ਹੋਵੇਗੀ। ਦੂਸਰਿਆਂ ਦੀ ਤਰ੍ਹਾਂ, ਕੁੱਝ ਬਜ਼ੁਰਗ ਵੀ ਇਨ੍ਹਾਂ ਸਵੈ-ਯੋਗਦਾਨ ਸਕੀਮਾਂ ਤੋਂ ਲਾਭ ਉਠਾ ਸਕਦੇ ਹਨ ਪਰ ਅਸਲੀ ਮੁੱਦਾ ਗਰੀਬਾਂ, ਪੂਰੀ ਤਰ੍ਹਾਂ ਦੂਸਰਿਆਂ ਉਪਰ ਆਸ਼ਰਿਤ, ਬਿਨਾਂ ਕਿਸੇ ਆਮਦਨ ਜਾਂ ਜਾਇਦਾਦ ਰਖਣ ਵਾਲੇ ਦੁਰਬਲ ਬਜ਼ੁਰਗਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦਾ ਹੈ। ਸ਼ਮੂਲੀਅਤ ਵਿੱਚੋਂ ਬਾਹਰ ਰੱਖਣ ਦੇ ਢੁਕਵੇਂ ਮਾਪਦੰਡ ਅਪਣਾ ਕੇ ਜ਼ਰੂਰਤਮੰਦਾਂ ਦੀ ਪਛਾਣ, ਅਰਜ਼ੀ ਦੇਣ ਦੇ ਤਰੀਕੇ ਨੂੰ ਸੌਖਾ ਕਰਨਾ, ਚੁਸਤ ਦਰੁਸਤ ਦੇਅ ਪ੍ਰਣਾਲੀ ਮੁੱਖ ਚੁਨੌਤੀਆਂ ਹਨ।

**ਅੰਤ ਵਿੱਚ, ਇਸ ਤੱਥ ਉਪਰ ਜ਼ੋਰ ਦੇਣ ਦੀ ਲੋੜ ਹੈ ਕਿ ਕਿਸੇ ਵੀ ਸਕੀਮ ਵਿੱਚ, ਜਿਸ ਵਿੱਚ ਰੁਪਿਆ ਪੈਸਾ ਸ਼ਾਮਲ ਹੋਵੇ, ਭਾਵੇਂ ਉਹ ਕਿੰਨੀ ਵੀ ਚੰਗੀ ਤਰ੍ਹਾਂ ਸੋਚੀ ਸਮਝੀ ਕਿਉਂ ਨਾ ਹੋਵੇ, ਜੇਕਰ ਉਹ ਕਾਰਗਰ ਨਿਗਰਾਨੀ ਪ੍ਰਣਾਲੀ ਰਾਹੀਂ ਜਾਂਚੀ ਨਾ ਜਾ ਰਹੀ ਹੋਵੇ, ਤਾਂ ਉਸ ਵਿੱਚ ਰਿਸ਼ਵਤਖੋਰੀ ਹੋਣ ਅਤੇ ਨਾਯਾਬ ਸਰੋਤਾਂ ਦੀ ਦੁਰਵਰਤੋਂ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।**

*(ਲੇਖਕ ਮੁੰਬਈ ਸਥਿਤ ਵਸੋਂ ਵਿਗਿਆਨ ਬਾਰੇ ਅੰਤਰਰਾਸ਼ਟਰੀ ਸੰਸਥਾ ਆਈ ਆਈ ਪੀ ਐੱਸ ਦੇ ਵਿਕਾਸ ਅਧਿਐਨ ਵਿਭਾਗ ਦੇ ਸਾਬਕਾ ਕਾਰਜਕਾਰੀ ਡਾਇਰੈਕਟਰ ਅਤੇ ਮੁਖੀ ਹਨ)*

*e-mail :sumati2610@gmail.com*

# ਜੀਵਨ ਦੀ ਦੂਜੀ ਪਾਰੀ ਦੀ ਸੁਰੱਖਿਆ ਯਕੀਨੀ ਬਣਾਉਣਾ

ਬਦਰੀ ਸਿੰਘ ਭੰਡਾਰੀ

ਪੈਨਸ਼ਨ ਜਾਂ ਬੁਢਾਪੇ ਦੇ ਸਮੇਂ ਦੀ ਆਮਦਨ ਸਮਾਜਿਕ ਸੁਰੱਖਿਆ ਢਾਂਚੇ ਦਾ ਇਕ ਅਹਿਮ ਅੰਗ ਹੈ। ਇਹ ਬੁਢਾਪੇ ਦੇ ਸਮੇਂ ਵਿੱਚ ਗਰੀਬੀ ਨੂੰ ਵਧਾਉਣ ਜਾਂ ਘਟਾਉਣ ਦੇ ਜੋਖਿਮ ਨੂੰ ਪ੍ਰਬੀਣਤਾ ਪ੍ਰਦਾਨ ਕਰਦਾ ਹੈ ਅਤੇ ਸੇਵਾ-ਮੁਕਤੀ ਤੋਂ ਬਾਅਦ ਸਾਰੇ ਜੀਵਨ ਦੀ ਖਪਤ ਨੂੰ ਪੱਧਰਾ ਕਰਨ ਅਤੇ ਜ਼ਿੰਦਗੀ ਦੇ ਮਿਆਰ ਨੂੰ ਬਰਕਰਾਰ ਰੱਖਣ ਦਾ ਇਕ ਸਾਧਨ ਹੈ। ਪੈਨਸ਼ਨ ਪ੍ਰਣਾਲੀ ਇਸ ਦੇ ਗਾਹਕਾਂ ਲਈ ਪਹੁੰਚਯੋਗ, ਮਾਲੀ ਤੌਰ ਤੇ ਨਿਪੁੰਨ ਅਤੇ ਆਰਥਿਕਤਾ ਲਈ ਢੁਕਵਾਂ ਹੋਣਾ ਚਾਹੀਦਾ ਹੈ ਤਾਂ ਕਿ ਇਹ ਕਿੱਤਾਕਾਰੀ ਦਲਾਂ ਅਤੇ ਆਮਦਨ ਢਾਂਚੇ ਤੱਕ ਵੱਧ ਤੋਂ ਵੱਧ ਪਹੁੰਚ ਹਾਸਿਲ ਕਰ ਸਕੇ। ਪੈਨਸ਼ਨ ਢਾਂਚੇ ਨੂੰ ਪਿਛਲੇ ਤਿੰਨ ਦਹਾਕਿਆਂ ਵਿੱਚ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਕਾਫੀ ਸੁਧਾਰਿਆ ਗਿਆ ਹੈ ਤਾਂ ਕਿ ਉਸ ਨੂੰ ਮਾਲੀ ਤੌਰ ਤੇ ਟਿਕਣਯੋਗ ਅਤੇ ਵਧ ਰਹੀਆਂ ਵਿਸ਼ਵਵਿਆਪੀ ਚੁਣੌਤੀਆਂ ਨਾਲ ਨਜਿੱਠਣ ਯੋਗ ਬਣਾਇਆ ਜਾ ਸਕੇ ਅਤੇ ਅਸੰਗਠਿਤ/ਗ਼ੈਰ ਅਸੰਗਠਿਤ ਖੇਤਰ ਵਿੱਚ ਉਨ੍ਹਾਂ ਦਾ ਦਾਇਰਾ ਵਧ ਸਕੇ।

ਰਵਾਇਤੀ ਤੌਰ ਤੇ ਭਾਰਤ ਵਿੱਚ ਬੁਢਾਪਾ ਆਮਦਨ ਸੁਰੱਖਿਆ ਸਾਂਝੇ ਪਰਿਵਾਰਕ ਢਾਂਚੇ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਜੋ ਕਿ ਕੁਝ ਸਮਾਂ ਪਹਿਲਾਂ ਤੱਕ ਸਾਡੀਆਂ ਜੜਾਂ ਵਿੱਚ ਸ਼ਾਮਿਲ ਸੀ, ਪਰ ਰਵਾਇਤੀ ਪਰਿਵਾਰਕ ਮਦਦ ਹੁਣ ਕਿੱਤੇ ਵਿੱਚ ਆ ਰਹੀਆਂ ਤਬਦੀਲੀਆਂ, ਸ਼ਹਿਰੀਕਰਨ ਅਤੇ ਇਕਹਿਰੇ ਪਰਿਵਾਰਾਂ ਦੇ ਹੋਂਦ ਵਿੱਚ ਆਉਣ ਕਾਰਨ ਖਤਮ ਹੁੰਦੀ ਜਾ ਰਹੀ ਹੈ। ਇਸ ਤੋਂ ਇਲਾਵਾ ਜਨਮ ਅਤੇ ਮੌਤ ਦਰ ਵਿੱਚ ਕਮੀ ਆਉਂਦੀ ਜਾ ਰਹੀ ਹੈ, ਮੈਡੀਕਲ ਸਾਇੰਸ ਵਿੱਚ ਤਰੱਕੀ ਹੋ ਰਹੀ ਹੈ, ਆਮਦਨ ਦਾ ਰਾਸ਼ਟਰੀ ਪੱਧਰ ਵੱਧਦਾ ਜਾ ਰਿਹਾ ਹੈ, ਜ਼ਿੰਦਗੀ ਜਿਉਣ ਦੀ ਦਰ ਵਧ ਰਹੀ ਹੈ ਅਤੇ ਕੁੱਝ ਸਮੇਂ ਪਹਿਲਾਂ ਸੇਵਾ-ਮੁਕਤ ਹੋਣ ਤੋਂ ਬਾਅਦ ਵਿਅਕਤੀ ਦੇ ਜਿਉਂਦੇ ਰਹਿਣ ਦੀ ਜੋ ਦਰ ਸੀ, ਉਸ ਵਿੱਚ ਹੁਣ ਵਾਧਾ ਹੁੰਦਾ ਜਾ ਰਿਹਾ ਹੈ। ਇਕ ਪਾਸੇ ਉੱਭਰ ਰਹੀਆਂ ਆਬਾਦੀ ਸੰਬੰਧੀ ਚੁਨੌਤੀਆਂ ਅਤੇ ਦੂਜੇ ਪਾਸੇ ਪੈਨਸ਼ਨ ਪ੍ਰਣਾਲੀ ਦਾ ਵਧ ਰਿਹਾ ਮਾਲੀ ਬੋਝ ਬਹੁਤ ਸਾਰੇ ਦੇਸ਼ਾਂ ਵਿੱਚ ਪੈਨਸ਼ਨ ਸੁਧਾਰਾਂ ਦਾ ਮੁੱਖ ਕਾਰਨ ਬਣਿਆ।

ਪੈਨਸ਼ਨ ਜਾਂ ਪ੍ਰਾਵੀਡੈਂਟ ਫੰਡ ਜਾਂ ਸੇਵਾ-ਮੁਕਤੀ ਤੋਂ ਬਾਅਦ ਮਿਲਣ ਵਾਲਾ ਫੰਡ ਜਾਂ ਸੇਵਾ-ਮੁਕਤੀ ਲਾਭ, ਜਿਨ੍ਹਾਂ ਨੂੰ ਕਿ ਵੱਖ-ਵੱਖ ਢੰਗ ਨਾਲ ਬੁਢਾਪਾ ਆਮਦਨ ਸੁਰੱਖਿਆ ਕਿਹਾ ਜਾਦਾ ਹੈ, ਹੁਣ ਇਤਿਹਾਸਕ ਤੌਰ ਤੇ ਸਿਰਫ ਸੰਗਠਿਤ ਖੇਤਰ ਦੇ ਵਰਕਰਾਂ ਤੱਕ ਹੀ, ਜਿਵੇਂ ਕਿ ਸਰਕਾਰੀ ਨੌਕਰੀਆਂ, ਜਨਤਕ ਖੇਤਰ ਦੀਆਂ ਨੌਕਰੀਆਂ ਅਤੇ ਨਿੱਜੀ ਖੇਤਰ ਦੇ ਕੁੱਝ ਵੱਡੇ ਅਦਾਰਿਆਂ ਦੇ ਵਰਕਰਾਂ ਤੱਕ ਹੀ ਸੀਮਤ ਹੋ ਗਈਆਂ ਹਨ। ਭਾਰਤੀ ਪੈਨਸ਼ਨ ਢਾਂਚਾ, 2004 ਵਿੱਚ ਹੋਏ ਪੈਨਸ਼ਨ ਸੁਧਾਰਾਂ ਤੋਂ ਪਹਿਲਾਂ ਤੱਕ ਹੇਠ ਲਿਖੀਆਂ ਪੈਨਸ਼ਨਾਂ, ਪ੍ਰਾਵੀਡੈਂਟ ਫੰਡਾਂ, ਸੇਵਾਮੁਕਤੀ ਯੋਜਨਾਵਾਂ ਤੱਕ ਹੀ ਸੀਮਤ ਸੀ।

(ੳ) ਟੈਕਸ ਫੰਡ ਤੇ ਕਾਇਮ ਸਮਾਜਿਕ ਪੈਨਸ਼ਨ, ਜੋ ਕਿ 60 ਸਾਲ ਤੋਂ ਉਪਰ ਉਮਰ ਵਰਗ ਦੇ ਗਰੀਬੀ ਰੇਖਾ ਤੋਂ ਹੇਠਾਂ ਦੇ ਲੋਕਾਂ, ਅਪਾਹਜਾਂ, ਅਤੇ ਵਿਧਵਾਵਾਂ ਨੂੰ ਘੱਟ ਤੋਂ ਘੱਟ ਪੱਧਰ ਦੀ ਸੁਰੱਖਿਆ ਰਾਸ਼ਟਰੀ ਸੁਰੱਖਿਆ ਸਹਾਇਤਾ ਪ੍ਰੋਗਰਾਮ (ਐੱਨ ਐੱਸ ਏ ਪੀ) ਅਧੀਨ ਪ੍ਰਦਾਨ ਕੀਤੀ ਜਾਂਦੀ ਹੈ।

(ਅ) ਸੈਂਟਰਲ ਸਿਵਲ ਸਰਵਿਸਿਜ਼ ਪੈਨਸ਼ਨ ਸਕੀਮ, 1972 ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨੂੰ ਸੇਵਾਮੁਕਤੀ ਦੇ ਮੌਕੇ ਉਤੇ ਦਿੱਤੀ ਜਾਣ ਵਾਲੀ ਪੈਨਸ਼ਨ ਸਕੀਮ ਹੈ। ਇਹ ਪੈਨਸ਼ਨ ਉਨ੍ਹਾਂ ਮੁਲਾਜ਼ਮਾਂ ਲਈ ਹੈ ਜੋ ਕਿ 2004 ਤੋਂ ਪਹਿਲਾਂ ਕੇਂਦਰੀ ਨੌਕਰੀ ਵਿੱਚ ਸ਼ਾਮਿਲ ਹੋਏ ਸਨ। ਅਜਿਹੀਆਂ ਹੀ ਸਕੀਮਾਂ ਰਾਜ ਸਰਕਾਰਾਂ ਦੇ ਮੁਲਾਜ਼ਮਾਂ ਅਤੇ ਕਈ ਹੋਰ ਜਨਤਕ ਖੇਤਰ ਦੇ ਮੁਲਾਜ਼ਮਾਂ, ਬੈਂਕਾਂ, ਬੀਮਾ ਕੰਪਨੀਆਂ ਆਦਿ ਦੇ ਮੁਲਾਜ਼ਮਾਂ ਲਈ ਵੀ ਲਾਗੂ ਹਨ।

(ੲ) ਮੁਲਾਜ਼ਮ ਪ੍ਰਾਵੀਡੈਂਟ ਫੰਡ (ਈ ਪੀ ਐੱਫ) ਅਤੇ ਇੰਪਲਾਈਜ਼ ਪੈਨਸ਼ਨ ਸਕੀਮ (ਈ ਪੀ ਐੱਸ), ਜੋ ਕਿ ਮੁਲਾਜ਼ਮ ਪ੍ਰਾਵੀਡੈਂਟ ਫੰਡ ਸੰਗਠਨ (ਈ ਪੀ ਐੱਫ ਓ) ਦੇ ਪ੍ਰਬੰਧ ਅਧੀਨ ਹਨ ਅਤੇ ਜਨਤਕ ਅਤੇ ਨਿੱਜੀ ਖੇਤਰ ਦੇ ਉਨ੍ਹਾਂ ਨੋਟੀਫਾਈਡ ਅਦਾਰਿਆਂ ਲਈ ਹਨ ਜਿਥੇ ਕਿ 20 ਜਾਂ ਇਸ ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ।

(ਸ) ਕਾਨੂੰਨੀ ਤੌਰ ਤੇ ਕਿੱਤਾਕਾਰੀਆਂ ਉੱਤੇ ਪ੍ਰਾਵੀਡੈਂਟ ਫੰਡ ਜਿਵੇਂ ਕਿ ਕੋਲਾ ਖਦਾਣਾਂ ਦਾ ਪ੍ਰਾਵੀਡੈਂਟ ਫੰਡ, ਸਮੁੰਦਰ ਵਿੱਚ ਕੰਮ ਕਰਨ ਵਾਲਿਆਂ ਦਾ ਪੀ ਐੱਫ, ਆਸਾਮ ਟੀ ਪਲਾਂਟੇਸ਼ਨ ਪੀ ਐੱਫ ਆਦਿ।

(ਹ) ਸੇਵਾਮੁਕਤ ਪੈਨਸ਼ਨ ਯੋਜਨਾਵਾਂ, ਜੋ ਜੀਵਨ ਬੀਮਾ ਕੰਪਨੀਆਂ ਅਤੇ ਮਿਊਚੁਅਲ ਫੰਡਜ਼ ਵਲੋਂ ਚਲਾਈਆਂ ਜਾ ਰਹੀਆਂ ਹਨ ਅਤੇ ਪਬਲਿਕ ਪ੍ਰਾਵੀਡੈਂਟ ਫੰਡ, ਜੋ ਕਿ ਭਾਰਤ ਸਰਕਾਰ ਵਲੋਂ ਬੈਂਕਾਂ ਅਤੇ ਡਾਕ ਘਰਾਂ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿੱਚ ਕੋਈ ਵੀ ਵਿਅਕਤੀ ਨਿੱਜੀ ਤੌਰ ਤੇ ਸ਼ਾਮਿਲ ਹੋ ਸਕਦਾ ਹੈ। ਇਨ੍ਹਾਂ ਦਾ ਲਾਭ ਇਹ ਹੈ ਕਿ ਇਨ੍ਹਾਂ ਵਿੱਚ ਟੈਕਸ ਛੋਟ ਵੀ ਮਿਲਦੀ ਹੈ।

ਭਾਰਤ ਵਿੱਚ ਪੈਨਸ਼ਨ ਸੁਧਾਰਾਂ ਦੀ ਲੋੜ ਇਕ ਪਾਸੇ ਸਿਵਲ ਸੁਧਾਰਾਂ ਦੇ ਫੰਡ ਰਹਿਤ ਅਤੇ ਬਜਟ ਸੰਬੰਧੀ ਬੋਝ, ਨਿਰਧਾਰਤ ਲਾਭਾਂ, ਸੇਵਾਮੁਕਤੀ

ਲੈਣ ਵੇਲੇ ਮੁਲਾਜ਼ਮ ਦੀ ਤਨਖ਼ਾਹ ਅਤੇ ਦੂਜੇ ਪਾਸੇ ਬੁਢਾਪੇ ਵੇਲੇ ਆਮਦਨ ਸੁਰੱਖਿਆ ਦੀ ਸਕੀਮ ਅਧੀਨ ਗ਼ੈਰ ਸੰਗਠਤ ਖੇਤਰ ਦੇ ਵੱਧ ਤੋਂ ਵੱਧ ਲੋਕਾਂ ਨੂੰ ਲਿਆਉਣ ਦੀ ਲੋੜ, ਜਿਨ੍ਹਾਂ ਦੀ ਗਿਣਤੀ ਕੰਮਕਾਜੀ ਲੋਕਾਂ ਦੀ 84 ਪ੍ਰਤਿਸ਼ਤ ਦੇ ਬਰਾਬਰ ਹੈ, ਕਾਰਨ ਬਣੀ। ਵੱਖ-ਵੱਖ ਮਾਹਿਰ ਕਮੇਟੀਆਂ ਜਿਵੇਂ ਕਿ ਓਲਡ ਏਜ ਸੋਸ਼ਲ ਇਨਕਮ ਸਕਿਓਰਟੀ (ਓ ਏ ਐੱਸ ਆਈ ਐੱਸ), ਭੱਟਾਚਾਰੀਆ, ਰੰਗਾਚਾਰੀਆ ਆਦਿ ਦੀਆਂ ਪੈਨਸ਼ਨ ਢਾਂਚੇ ਨੂੰ ਅਪਣਾਉਣ ਦੀਆਂ ਸਿਫਾਰਸ਼ਾਂ ਅਤੇ ਆਬਾਦੀ ਸੰਬੰਧੀ ਰੁਝਾਨਾਂ ਕਾਰਨ ਭਾਰਤ ਨੇ ਨਿਰਧਾਰਤ ਲਾਭਾਂ ਅਧੀਨ ਪੈਨਸ਼ਨ ਪ੍ਰਣਾਲੀ ਤੋਂ ਲਾਂਭੇ ਹੱਟ ਕੇ ਨਵੀਂ ਪੈਨਸ਼ਨ ਸਕੀਮ ਸ਼ੁਰੂ ਕੀਤੀ ਜਿਸ ਨੂੰ ਨੈਸ਼ਨਲ ਪੈਨਸ਼ਨ ਫੰਡ (ਐੱਨ ਪੀ ਐੱਸ) ਦਾ ਨਾਂ ਦਿੱਤਾ ਗਿਆ। ਨੈਸ਼ਨਲ ਪੈਨਸ਼ਨ ਪ੍ਰਣਾਲੀ (ਐੱਨ ਪੀ ਐੱਸ) ਇਕ ਨਿਰਧਾਰਤ ਹਿੱਸਾ ਪਾਊ ਸਕੀਮ ਹੈ ਜਿਸ ਦਾ ਪ੍ਰਬੰਧ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਿਟੀ (ਪੀ ਐੱਫ ਆਰ ਡੀ ਏ), ਇੰਡੀਆ ਵਲੋਂ ਕੀਤਾ ਜਾਂਦਾ ਹੈ। ਐੱਨ ਪੀ ਐੱਸ ਮੁਢਲੇ ਤੌਰ ਤੇ ਸਰਕਾਰੀ ਮੁਲਾਜ਼ਮਾਂ (ਹਥਿਆਰਬੰਦ ਫੌਜਾਂ ਨੂੰ ਛੱਡ ਕੇ) ਲਈ ਲਾਜ਼ਮੀ ਤੌਰ ਤੇ ਸ਼ੁਰੂ ਕੀਤੀ ਗਈ ਸੀ, ਜੋ ਕਿ ਪਹਿਲੀ ਜਨਵਰੀ 2004 ਤੋਂ ਬਾਅਦ ਨੌਕਰੀ ਵਿੱਚ ਸ਼ਾਮਿਲ ਹੋਏ ਸਨ। ਬਾਅਦ ਵਿੱਚ ਰਾਜ ਸਰਕਾਰਾਂ ਦੇ ਮੁਲਾਜ਼ਮਾਂ ਤੱਕ ਵੀ ਇਹ ਵਧਾ ਦਿੱਤੀ ਗਈ ਅੰਤਮ ਤੌਰ ਤੇ ਇਹ ਜਨਤਕ ਅਤੇ ਨਿੱਜੀ ਖੇਤਰ ਦੇ ਸਾਰੇ ਭਾਰਤੀ ਮੁਲਾਜ਼ਮਾਂ ਲਈ 1 ਮਈ 2009 ਤੋਂ ਇੱਛਕ ਅਧਾਰ ਉਤੇ ਲਾਗੂ ਕਰ ਦਿੱਤੀ ਗਈ। ਹੁਣ ਐੱਨ ਪੀ ਐੱਸ ਸਾਰੇ ਭਾਰਤੀ ਸ਼ਹਿਰੀਆਂ ਲਈ ਮੁਹੱਈਆ ਹੈ ਤਾਂ ਕਿ ਉਹ ਆਪਣੀ ਕੰਮ ਕਾਜੀ ਜ਼ਿੰਦਗੀ ਦੌਰਾਨ ਨਿਯਮਬੱਧ ਢੰਗ ਨਾਲ ਪੂੰਜੀ ਨਿਵੇਸ਼ ਕਰ ਸਕਣ ਅਤੇ ਮੁਵਾਮੁਕਤ ਹੋਣ ਉੱਤੇ ਪੈਨਸ਼ਨ ਹਾਸਿਲ ਕਰ ਸਕਣ। ਐੱਨ ਪੀ ਐੱਸ ਸਰਕਾਰੀ ਮੁਲਾਜ਼ਮਾਂ ਲਈ ਲਾਜ਼ਮੀ ਹੈ। ਉਨ੍ਹਾਂ ਦੀ ਤਨਖ਼ਾਹ ਦਾ 10 ਪ੍ਰਤਿਸ਼ਤ (ਮੁਢਲੀ ਤਨਖ਼ਾਹ ਜਮ੍ਹਾਂ ਡੀ ਏ) ਅਤੇ ਇਸ ਦੇ ਬਰਾਬਰ ਦੀ ਰਕਮ ਮਾਲਕ ਦੇ ਖਾਤੇ ਵਿੱਚੋਂ ਪੈਨਸ਼ਨ ਖਾਤੇ ਵਿੱਚ ਪਾਈ ਜਾਂਦੀ ਹੈ। ਇਸ ਖਾਤੇ ਨੂੰ ਮੁਲਾਜ਼ਮ ਦਾ ਸਥਾਈ ਸੇਵਾਮੁਕਤ ਖਾਤਾ ਨੰਬਰ (ਪੀ ਆਰ ਏ ਐੱਨ) ਕਿਹਾ ਜਾਂਦਾ ਹੈ। ਉਹ ਵਿਅਕਤੀ ਜੋ ਕਿ ਸਵੈ-ਇੱਛਕ ਆਧਾਰ ਉਤੇ ਐਨ ਪੀ ਐੱਸ ਨੂੰ ਅਪਣਾਉਂਦੇ ਹਨ, ਉਹ ਘੱਟੋ-ਘੱਟ ਹਰ ਸਾਲ 1000 ਰੁਪਏ ਇਸ ਵਿੱਚ ਨਿਵੇਸ਼ ਕਰ ਸਕਦੇ ਹਨ। ਇਸ ਰਕਮ ਨੂੰ ਇਕ ਵਿਅਕਤੀ ਦੀ ਆਮਦਨ ਦੇ ਪੱਧਰ ਦੇ ਅਧਾਰ ਉਤੇ ਵਧਾਇਆ ਵੀ ਜਾ ਸਕਦਾ ਹੈ। ਇਹ ਰਕਮਾਂ ਪੀ ਐਫ ਆਰ ਡੀ ਏ ਵਲੋਂ ਪ੍ਰਦਾਨ ਕੀਤੀਆਂ ਅਗਵਾਈ ਲੀਹਾਂ ਦੇ ਅਧਾਰ ਉਤੇ ਨਿਵੇਸ਼ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਸਰਕਾਰ ਸਕਿਓਰਟੀਆਂ, ਕਾਰਪੋਰੇਟ ਡਿਬੈਂਚਰਜ਼, ਬਾਂਡਜ਼ ਅਤੇ ਸਥਾਪਤ ਵਿਵਸਾਇਕ ਕੰਪਨੀਆਂ, ਜੋ ਕਿ ਪੀ ਐੱਫ ਆਰ ਡੀ ਏ ਕੋਲ ਰਜਿਸਟਰਡ ਹੋਣ, ਦੇ ਇਕਵਿਟੀ ਸ਼ੇਅਰਜ਼ ਵਿੱਚ ਨਿਵੇਸ਼ ਕੀਤਾ ਜਾ ਸਕਦਾ ਹੈ। ਗਾਹਕ ਦੀ ਇਹ ਮਰਜ਼ੀ ਹੁੰਦੀ ਹੈ ਕਿ ਪੈਨਸ਼ਨ ਫੰਡ ਦੀ ਚੋਣ ਕਰੇ ਤੇ ਨਿਵੇਸ਼ ਦਾ ਫੈਸਲਾ ਕਰੇ। (ਇਕਵਿਟੀ, ਕਾਰਪੋਰੇਟ ਬਾਂਡਜ਼, ਡਿਬੈਂਚਰਜ਼, ਸਰਕਾਰੀ ਸਕਿਓਰਿਟੀਜ਼ ਵਿੱਚੋਂ)। ਇਹ ਚੋਣ ਆਪਣੀ ਜੋਖਿਮ ਉਠਾਉਣ ਦੀ ਸਮਰਥਾ ਅਨੁਸਾਰ ਕੀਤੀ ਜਾ ਸਕਦੀ ਹੈ। ਨਿੱਜੀ ਸਕਿਓਰਿਟੀਆਂ ਦੀ ਚੋਣ ਪੈਨਸ਼ਨ ਫੰਡ ਮੈਨੇਜਰਾਂ ਵਲੋਂ ਇਕ ਵਿਸ਼ਾਲ ਅਸਾਸੇ ਦੇ ਦਾਇਰੇ ਵਿੱਚੋਂ ਕੀਤੀ ਜਾਂਦੀ ਹੈ।

ਐੱਨ ਪੀ ਐੱਸ ਦਾ ਇਕ ਗ਼ੈਰ-ਖੁੱਲ੍ਹਾ ਉਸਾਰੀ ਢੰਗ ਹੁੰਦਾ ਹੈ ਜਿਥੇ ਕਿ ਵੱਖ-ਵੱਖ ਸਰਗਰਮੀਆਂ ਜਿਵੇਂ ਕਿ ਗਾਹਕ ਦਾ ਪੰਜੀਕਰਨ ਆਦਿ ਕੀਤਾ ਜਾਂਦਾ ਹੈ, ਸਮੇਂ-ਸਮੇਂ ਉੱਤੇ ਪੈਨਸ਼ਨ ਦੀ ਕਿਸ਼ਤ ਵਸੂਲੀ ਜਾਂਦੀ ਹੈ, ਨਿੱਜੀ ਗਾਹਕਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ, ਗਾਹਕਾਂ ਦੇ ਫੰਡ ਦੀ ਪੂਲਿੰਗ ਕੀਤੀ ਜਾਂਦੀ ਹੈ, ਫੰਡਾਂ ਨੂੰ ਵਿੱਤੀ ਮਾਰਕੀਟ ਵਿੱਚ ਵਿੱਤੀ ਸਕਿਓਰਟੀਆਂ ਵਿੱਚ ਲਗਾਇਆ ਜਾਂਦਾ ਹੈ, ਸਕਿਓਰਟੀਆਂ ਦਾ ਰਿਕਾਰਡ ਰੱਖਿਆ ਜਾਦਾ ਹੈ, ਪੈਨਸ਼ਨ ਆਦਿ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹ ਕੰਮ ਵੱਖ-ਵੱਖ ਸੰਸਥਾਵਾਂ, ਵਿਚੋਲਿਆਂ ਨੂੰ ਸੌਂਪੇ ਜਾਂਦੇ ਹਨ। ਇਹ ਚੋਣ ਉਨ੍ਹਾਂ ਦੀ ਮੁਹਾਰਤ ਅਤੇ ਗਿਆਨ ਦੇ ਅਧਾਰ ਉੱਤੇ ਕੀਤੀ ਜਾਂਦੀ ਹੈ। ਇਸ ਵਿੱਚ ਸਰਕਾਰੀ ਦਫ਼ਤਰਾ ਦਾ ਇਕ ਸੈੱਟ (ਪੀ ਏ ਓਜ਼ ਅਤੇ ਡੀ ਡੀ ਓਜ਼) ਸ਼ਾਮਲ ਹੁੰਦਾ ਹੈ ਜੋ ਕਿ ਸਰਕਾਰੀ ਮੁਲਾਜ਼ਮਾਂ, ਬੈਂਕਾਂ, ਅਤੇ ਗ਼ੈਰ-ਬੈਂਕਿੰਗ ਵਿੱਤੀ ਕੰਪਨੀਆਂ ਲਈ ਵੱਖ-ਵੱਖ ਐੱਨ ਪੀ ਐੱਸ ਨਾਲ ਸੰਬੰਧਿਤ ਸਰਗਰਮੀਆਂ ਚਲਾਉਂਦੇ ਹਨ ਜਿਨ੍ਹਾਂ ਨੂੰ ਪੁਆਇੰਟਸ ਆਫ ਪਰੈਜ਼ੈਂਸ (ਪੀ ਓ ਪੀ) ਕਿਹਾ ਜਾਦਾ ਹੈ। ਉਨ੍ਹਾਂ ਨੂੰ ਐੱਨ ਪੀ ਐੱਸ ਖਾਤੇ ਖੋਲ੍ਹਣ, ਗਾਹਕਾਂ ਤੋਂ ਪੈਸੇ ਲੈਣ ਅਤੇ ਉਸ ਰਕਮ ਨੂੰ ਟਰੱਸਟੀ ਬੈਂਕ ਵਿੱਚ ਐੱਨ ਪੀ ਐੱਸ ਟਰੱਸਟ ਖਾਤੇ ਵਿੱਚ ਜਮ੍ਹਾਂ ਕਰਵਾਉਣ ਦਾ ਅਧਿਕਾਰ ਹੁੰਦਾ ਹੈ। ਰਿਕਾਰਡ ਰੱਖਣ ਵਾਲੀ ਕੇਂਦਰੀ ਏਜੰਸੀ (ਸੀ ਆਰ ਏ) ਗਾਹਕਾਂ ਦੇ ਅੰਕੜਿਆਂ ਦਾ ਰਿਕਾਰਡ ਰੱਖਦੀ ਹੈ ਅਤੇ ਐੱਨ ਪੀ ਐੱਸ ਵਿੱਚ ਵੱਖ-ਵੱਖ ਕੰਮ ਕਰਨ ਵਾਲਿਆਂ ਨਾਲ ਤਾਲਮੇਲ ਬਿਠਾਉਂਦੀ ਹੈ। ਇਹ ਏਜੰਸੀ ਹਰ ਗਾਹਕ ਨੂੰ ਵਿਸ਼ੇਸ਼ ਸਥਾਈ ਰਿਟਾਇਰਮੈਂਟ ਖਾਤਾ ਨੰਬਰ (ਪੀ ਆਰ ਏ ਐੱਨ) ਜਾਰੀ ਕਰਦੀ ਹੈ, ਸਾਰੇ ਪੀ ਆਰ ਏ ਐੱਨ ਦਾ ਡਾਟਾਬੇਸ ਸੰਭਾਲਦੀ ਹੈ ਅਤੇ ਹਰ ਗਾਹਕ ਦੇ ਖਾਤੇ ਵਿੱਚ ਪੀ ਆਰ ਏ ਐੱਨ ਅਧੀਨ ਹੋਣ ਵਾਲੇ ਲੈਣ-ਦੇਣ ਨੂੰ ਰਿਕਾਰਡ ਕਰਦੀ ਹੈ। ਇਹ ਐੱਨ ਪੀ ਐੱਸ ਟਰੱਸਟ ਅਤੇ ਹੋਰ ਵਿਚੋਲਿਆ ਜਿਵੇਂ ਕਿ ਸਰਕਾਰੀ ਨੋਡਲ ਦਫ਼ਤਰਾਂ, ਪੀ ਏ ਓਜ਼, ਡੀ ਡੀ ਓਜ਼, ਪੀ ਓ ਪੀਜ਼, ਰਿਟਾਇਰਮੈਂਟ ਸਲਾਹਕਾਰਾਂ, ਟਰੱਸਟੀ ਬੈਂਕਾਂ, ਪੈਨਸ਼ਨ ਫੰਡ, ਐਨੁਇਟੀ ਸਰਵਿਸ ਪ੍ਰਦਾਨ ਕਰਨ ਵਾਲਿਆਂ, ਅਤੇ ਗਾਹਕਾਂ ਦਰਮਿਆਨ ਵਿਚੋਲੇ ਵਜੋਂ ਕੰਮ ਕਰਦੀ ਹੈ। ਐੱਨ ਪੀ ਐੱਸ ਲਈ ਕੇਂਦਰੀਕ੍ਰਿਤ ਰਿਕਾਰਡ ਰੱਖਣਾ ਇਹ ਯਕੀਨੀ ਬਣਾਉਂਦਾ ਹੈ ਕਿ ਨਿੱਜੀ ਪੈਨਸ਼ਨ ਖਾਤਾ ਦੇਸ਼ ਭਰ ਵਿੱਚ ਕਿਤੇ ਵੀ, ਕਿਸੇ ਵੀ ਕਿੱਤੇ ਵਿੱਚ ਅਤੇ ਕਿਸੇ ਵੀ ਰੋਜ਼ਗਾਰ ਵਿੱਚ ਲਿਜਾਇਆ ਜਾ ਸਕਦਾ ਹੈ। ਐੱਨ ਪੀ ਐੱਸ ਦਾ ਪ੍ਰਬੰਧ ਉੱਚ ਪੱਧਰੀ ਤਕਨਾਲੋਜੀ ਅਧੀਨ ਕੀਤਾ ਜਾਂਦਾ ਹੈ। ਸੂਚਨਾਵਾਂ ਅਤੇ ਫੰਡਾਂ ਦਾ ਅਦਾਨ ਪ੍ਰਦਾਨ ਇੱਕ ਇਲੈਕਟ੍ਰਾਨਿਕ ਆਧਾਰਿਤ ਮਾਹੌਲ ਵਿੱਚ ਹੁੰਦਾ ਹੈ ਜਿਸ ਨਾਲ ਗਤੀ, ਸਹੀਪਨ ਅਤੇ ਨਿਪੁੰਨਤਾ ਯਕੀਨੀ ਬਣਦੀ ਹੈ। ਪੈਨਸ਼ਨ ਫੰਡ (ਪੀ ਐਫਜ਼) ਜੋ ਕਿ ਪੀ ਐੱਫ ਆਰ ਡੀ ਏ ਕੋਲ ਰਜਿਸਟਰਡ ਹਨ, ਨੂੰ ਅਧਿਕਾਰ ਹੁੰਦਾ ਹੈ ਕਿ ਉਹ ਗਾਹਕ ਦੇ ਪੈਨਸ਼ਨ ਫੰਡ ਨੂੰ ਪੀ ਐੱਫ ਆਰ ਡੀ ਏ ਦੀਆਂ ਨਿਵੇਸ਼ ਹਦਾਇਤਾਂ ਅਨੁਸਾਰ ਗਾਹਕ ਦੇ ਹਿੱਤ ਵਿੱਚ ਲਗਾਉਣ।

ਇਕ ਐੱਨ ਪੀ ਐੱਸ ਖਾਤਾ ਸਰਕਾਰੀ ਖੇਤਰ ਵਿੱਚ ਕੰਮ ਕਰਦੇ ਵਿਅਕਤੀਆਂ ਵਲੋਂ ਡਰੌਇੰਗ ਐਂਡ ਡਿਸਬਰਸਿੰਗ ਆਫੀਸਰ (ਡੀ ਡੀ ਓ) ਰਾਹੀਂ ਜਾਂ ਪੇਅ ਐਂਡ ਅਕਾਊਂਟ ਆਫੀਸਰ (ਪੀ ਏ ਓ) ਰਾਹੀਂ ਖੁਲ੍ਹਵਾਇਆ ਜਾ ਸਕਦਾ ਹੈ। ਕਾਰਪੋਰੇਟ ਖੇਤਰ ਵਿੱਚ ਜਾਂ ਅਸੰਗਠਿਤ ਖੇਤਰ ਵਿੱਚ ਇਹ ਖਾਤਾ ਕਿਸੇ ਵੀ ਪੁਆਇੰਟਸ ਆਫ ਪ੍ਰੈਜ਼ੈਂਸ (ਪੀ ਓ ਪੀਜ਼) ਰਾਹੀਂ ਖੁਲ੍ਹਵਾਇਆ ਜਾ ਸਕਦਾ ਹੈ। ਇਨ੍ਹਾਂ ਵਿੱਚ ਜਨਤਕ ਅਤੇ ਨਿੱਜੀ ਖੇਤਰ ਦੇ ਬੈਂਕ, ਪ੍ਰਾਈਵੇਟ ਖੇਤਰ ਦੇ ਬੈਂਕ, ਡਾਕਘਰ ਅਤੇ ਕੁਝ

ਗ਼ੈਰ-ਬੈਂਕਿੰਗ ਵਿੱਤੀ ਸੰਸਥਾਵਾਂ ਸ਼ਾਮਲ ਹਨ। ਅਜਿਹੇ ਸੰਸਥਾਨਾਂ ਦੇ ਦੇਸ਼ ਭਰ ਵਿੱਚ 60,000 ਤੋਂ ਵੱਧ ਦਫ਼ਤਰ ਹਨ। ਇਨ੍ਹਾਂ ਦੇ ਮੁਲਾਜ਼ਮ ਨਿਰਧਾਰਤ ਗਾਹਕ ਰਜਿਸਟ੍ਰੇਸ਼ਨ ਫਾਰਮ (ਐੱਨ ਐੱਸ ਆਰ ਐੱਫ-1) ਭਰ ਕੇ ਅਤੇ ਉਸ ਨੂੰ ਪੀ ਓ ਪੀ ਕੋਲ ਆਪਣੇ ਗਾਹਕ ਦੀ ਜਾਣੋ (ਕੇ ਵਾਈ ਸੀ) ਦਸਤਾਵੇਜ਼ – ਸ਼ਨਾਖਤ ਅਤੇ ਪਤੇ ਦੇ ਸਬੂਤ ਸਮੇਤ ਜਮ੍ਹਾਂ ਕਰਵਾ ਕੇ ਖੋਲ੍ਹ ਸਕਦੇ ਹਨ। ਸਿਰਫ ਕੁਝ ਹੀ ਪੀ ਓ ਪੀਜ਼ ਦੀਆਂ ਸ਼ਾਖਾਵਾਂ ਜਾਂ ਨੁਮਾਇੰਦਾ ਦਫ਼ਤਰ ਜਾਂ ਬਰਾਂਚਾਂ ਵਿਦੇਸ਼ਾਂ ਵਿੱਚ ਹਨ। ਪੀ ਓ ਪੀਜ਼ ਦੀ ਵਿਸਤ੍ਰਿਤ ਸੂਚੀ (www.pfrda.org.in) ਅਤੇ (www.npscra.nsdl.co.in) ਉਤੇ ਮੁਹੱਈਆ ਹੈ। ਕੋਈ ਵੀ ਵਿਅਕਤੀ ਆਪਣਾ ਐੱਨ ਪੀ ਐੱਸ ਖਾਤਾ ਆਨਲਾਈਨ ਐੱਨ ਪੀ ਐੱਸ ਪੋਰਟਲ ਰਾਹੀਂ ਐੱਨ ਪੀ ਐੱਸ ਟਰੱਸਟ ਦੀ ਵੈੱਬਸਾਈਟ (www. npstrust.org.in) ਉੱਤੇ ਖੋਲ੍ਹ ਸਕਦਾ ਹੈ। ਈ ਐੱਨ ਪੀ ਐੱਸ ਅਧੀਨ ਇਕ ਵਿਅਕਤੀ ਆਪਣਾ ਐੱਨ ਪੀ ਐੱਸ ਖਾਤਾ ਆਨਲਾਈਨ ਆਧਾਰ ਜਾਂ ਪੈਨ ਕਾਰਡ ਦੀ ਵਰਤੋਂ ਕਰਕੇ ਤੇ ਬੈਂਕ ਖਾਤਾ ਕੇ ਵਾਈ ਸੀ ਦਸਤਾਵੇਜ਼ ਨਾਲ ਖੋਲ੍ਹ ਸਕਦਾ ਹੈ। ਇਹ ਕੁੱਝ ਪੀ ਓ ਪੀਜ਼ ਵਲੋਂ ਆਪਣੇ ਗਾਹਕਾਂ ਨੂੰ ਇੰਟਰਨੈੱਟ ਪੋਰਟਲਜ਼ ਰਾਹੀਂ ਮੁਹੱਈਆ ਕਰਵਾਈ ਜਾਂਦੀ ਆਨਲਾਈਨ ਰਜਿਸਟ੍ਰੇਸ਼ਨ ਸਹੂਲਤ ਤੋਂ ਇਕ ਵਾਧੂ ਸਹੂਲਤ ਹੈ। ਐੱਨ ਪੀ ਐੱਸ ਦੇ ਮੈਂਬਰ ਬਣ ਕੇ ਇਕ ਗਾਹਕ ਇਕ ਸਥਾਈ ਰਿਟਾਇਰਮੈਂਟ ਖਾਤਾ ਨੰਬਰ (ਪੀ ਆਰ ਏ ਐੱਨ) ਹਾਸਲ ਕਰਦਾ ਹੈ ਜਿਸ ਵਿੱਚ ਉਸ ਦੀ ਸਾਰੀ ਰਕਮ ਜਮ੍ਹਾਂ ਹੁੰਦੀ ਹੈ ਅਤੇ ਇਸ ਨੂੰ ਦੇਸ਼ ਭਰ ਦੀ ਕਿਸੇ ਵੀ ਥਾਂ ਉਤੇ ਅਤੇ ਕਿਸੇ ਵੀ ਰੋਜ਼ਗਾਰ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਇਹ ਤਕਨਾਲੋਜੀ ਦੇ ਆਧਾਰ ਉਤੇ ਕੰਮ ਕਰਦਾ ਹੈ ਇਸ ਲਈ ਗਾਹਕ ਆਨਲਾਈਨ ਆਪਣੇ ਖਾਤਿਆਂ ਨੂੰ ਵੇਖ ਸਕਦੇ ਹਨ। ਉਹ ਐੱਨ ਪੀ ਐੱਸ ਮੋਬਾਈਲ ਐਪ ਰਾਹੀਂ ਵੀ ਇਸ ਨੂੰ ਵੇਖ ਸਕਦੇ ਹਨ।

ਕੇਂਦਰ ਸਰਕਾਰ ਦੇ ਮੁਲਾਜ਼ਮਾਂ ਲਈ ਐੱਨ ਪੀ ਐੱਸ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਦੇ ਵਿੱਤ ਮੰਤਰਾਲਾ ਨੇ ਦਸੰਬਰ 2003 ਵਿੱਚ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਇਸ ਨੂੰ ਅਮਲ ਵਿੱਚ ਲਿਆਉਣ ਲਈ ਕੰਟਰੋਲਰ ਜਨਰਲ ਆਫ ਅਕਾਊਂਟਸ ਨੇ ਜਨਵਰੀ 2004 ਵਿੱਚ ਇਕ ਓ ਐੱਮ ਜਾਰੀ ਕੀਤਾ। ਜਨਵਰੀ 2004 ਤੋਂ ਮਾਰਚ 2008 ਤੱਕ ਐੱਨ ਪੀ ਐੱਸ ਵਿੱਚ ਮੁਲਾਜ਼ਮਾਂ ਦੀ ਆਈ ਰਕਮ ਜਨਤਕ ਖਾਤੇ ਵਿੱਚ ਰੱਖੀ ਗਈ ਅਤੇ ਇਸ ਦੀ ਸਾਂਭ ਸੰਭਾਲ ਦਾ ਕੰਮ ਕੇਂਦਰੀ ਪੈਨਸ਼ਨ ਖਾਤਾ ਦਫ਼ਤਰ ਵਲੋਂ ਕੀਤਾ ਜਾਂਦਾ ਰਿਹਾ। ਇਹ ਫੰਡ ਪੀ ਐੱਫ ਆਰ ਡੀ ਏ ਵਲੋਂ ਸ਼ੁਰੂ ਕੀਤੇ ਗਏ ਟਰਸਟੀ ਬੈਂਕ ਕੋਲ ਮਾਰਚ 2008 ਤੋਂ ਬਾਅਦ ਰੱਖੇ ਜਾਣ ਲੱਗੇ। ਉਸ ਬੈਂਕ ਦਾ ਕੰਮ ਇਸ ਰਕਮ ਨੂੰ ਸਰਕਾਰ ਵਲੋਂ ਮੁਢਲੇ ਤੌਰ ਤੇ ਜਾਰੀ ਕੀਤੀਆਂ ਨਿਵੇਸ਼ ਅਗਵਾਈ ਲੀਹਾਂ ਅਨੁਸਾਰ ਮਾਰਕੀਟ ਵਿੱਚ ਲਗਾਉਣਾ ਸੀ। ਇਸ ਰਕਮ ਉਤੇ 8 ਪ੍ਰਤਿਸ਼ਤ ਸਾਲਾਨਾ ਵਿਆਜ ਸਰਕਾਰ ਵਲੋਂ ਤਦ ਤੱਕ ਅਦਾ ਕੀਤਾ ਜਾਂਦਾ ਸੀ ਜਦ ਤੱਕ ਕਿ ਉਸ ਨੂੰ ਟਰਸਟੀ ਬੈਂਕ ਹਵਾਲੇ ਨਹੀਂ ਕੀਤਾ ਜਾਂਦਾ ਸੀ। ਕੰਟਰੋਲਰ ਜਨਰਲ ਆਫ ਅਕਾਊਂਟਸ, ਖਰਚਾ ਵਿਭਾਗ ਦੇ ਦਫ਼ਤਰ ਨੇ ਇਕ ਵਿਸਤ੍ਰਿਤ ਪ੍ਰਣਾਲੀ ਅਤੇ ਸਮਾਂ ਸੀਮਾ ਐੱਨ ਪੀ ਐੱਸ ਰਕਮਾਂ ਨੂੰ ਕੇਂਦਰੀ ਰਿਕਾਰਡ ਕੀਪਿੰਗ ਏਜੰਸੀ ਅਤੇ ਟਰਸਟੀ ਬੈਂਕ ਵਿੱਚ ਜਮ੍ਹਾਂ ਕਰਵਾਉਣ ਲਈ ਸਤੰਬਰ 2008 ਵਿੱਚ ਜਾਰੀ ਕੀਤੀ। ਇਸੇ ਤਰ੍ਹਾਂ ਸਰਬ ਭਾਰਤੀ ਸੇਵਾਵਾਂ (ਏ ਆਈ ਐੱਸ) ਦੇ ਅਧਿਕਾਰੀਆਂ ਲਈ ਅਮਲਾ ਵਿਭਾਗ ਵਲੋਂ ਰਾਜ ਸਰਕਾਰਾਂ ਦੇ ਮੁੱਖ ਸਕੱਤਰਾਂ ਨੂੰ ਸਤੰਬਰ 2009 ਵਿੱਚ ਅਗਵਾਈ ਲੀਹਾਂ ਜਾਰੀ ਕੀਤੀਆਂ ਗਈਆਂ।

ਐੱਨ ਪੀ ਐੱਸ ਵਲੋਂ ਦੋ ਤਰ੍ਹਾਂ ਦੇ ਖਾਤਿਆਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਨਾਂ ਹਨ, ਟਾਇਰ-1 ਅਤੇ ਟਾਇਰ-2। ਟਾਇਰ-1 ਖਾਤ ਪੈਨਸ਼ਨ ਖਾਤਾ ਹੈ ਅਤੇ ਸਭ ਲਈ ਖੋਲ੍ਹਣਾ ਜ਼ਰੂਰੀ ਹੈ ਅਤੇ ਟਾਇਰ-2 ਖਾਤਾ ਇਕ ਇੱਛਤ ਨਿਵੇਸ਼ ਖਾਤਾ ਹੈ। ਟਾਇਰ-1 ਖਾਤੇ ਵਿੱਚੋਂ ਅੰਸ਼ਕ ਤੌਰ ਤੇ ਰਕਮ ਕਢਵਾਈ ਜਾ ਸਕਦੀ ਹੈ ਜੋ ਕਿ ਗਾਹਕ ਵਲੋਂ ਜਮ੍ਹਾਂ ਕਰਵਾਈ ਗਈ ਰਕਮ ਦੇ 25 ਪ੍ਰਤਿਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਹ ਰਕਮ ਬੱਚਿਆਂ ਦੀ ਉੱਚ ਵਿੱਦਿਆ ਅਤੇ ਵਿਆਹ ਲਈ, ਮਕਾਨ ਖਰੀਦਣ ਜਾਂ ਉਸਾਰੀ ਕਰਨ ਲਈ, ਆਪਣਾ ਜਾਂ ਪਤਨੀ ਦਾ, ਬੱਚਿਆਂ ਦਾ ਜਾਂ ਆਸ਼੍ਰਿਤ ਮਾਤਾ ਪਿਤਾ ਦਾ ਵਿਸ਼ੇਸ਼ ਇਲਾਜ ਕਰਵਾਉਣ ਲਈ ਕਢਵਾਈ ਜਾ ਸਕਦੀ ਹੈ। ਅੰਸ਼ਕ ਤੌਰ ਤੇ ਇਹ ਰਕਮ ਕਿਸੇ ਹਾਦਸੇ ਜਾਂ ਜੀਵਨ ਲਈ ਖ਼ਤਰਨਾਕ ਬੀਮਾਰੀ ਦੇ ਇਲਾਜ ਲਈ ਵੀ ਕਢਵਾਈ ਜਾ ਸਕਦੀ ਹੈ। ਰਕਮ ਜਮ੍ਹਾਂ ਕਰਵਾਉਣ ਦੇ ਦੌਰ ਵਿੱਚ ਇਕ ਰਕਮ ਵੱਧ ਤੋਂ ਵੱਧ ਤਿੰਨ ਵਾਰ ਕਢਵਾਈ ਜਾ ਸਕਦੀ ਹੈ। ਪਹਿਲੀ ਵਾਰੀ ਇਹ ਰਕਮ ਐੱਨ ਪੀ ਐੱਸ ਦਾ ਮੈਂਬਰ ਬਣਨ ਤੋਂ 3 ਸਾਲ ਬਾਅਦ ਕਢਵਾਈ ਜਾ ਸਕਦੀ ਹੈ। ਟਾਇਰ-1 ਖਾਤੇ ਵਿੱਚੋਂ ਅੰਸ਼ਕ ਰਕਮ ਕਢਵਾਉਣ ਉੱਤੇ ਟੈਕਸ ਤੋਂ ਪੂਰੀ ਛੋਟ ਹੁੰਦੀ ਹੈ। ਟਾਇਰ-2 ਖਾਤੇ ਵਿੱਚ ਸਵੈ-ਇੱਛਕ ਤੌਰ ਤੇ ਬੱਚਤ ਕੀਤੀ ਜਾ ਸਕਦੀ ਹੈ ਅਤੇ ਰਕਮ ਜਮ੍ਹਾਂ ਕਰਵਾਉਣ ਅਤੇ ਕਢਵਾਉਣ ਵਿੱਚ ਪੂਰੀ ਲੱਚਕ ਪ੍ਰਦਾਨ ਕੀਤੀ ਜਾਂਦੀ ਹੈ। ਪਰ ਇਸ ਖਾਤੇ ਵਿੱਚ ਰਕਮ ਜਮ੍ਹਾਂ ਕਰਵਾਉਣ ਜਾਂ ਕਢਵਾਉਣ ਵਿੱਚ ਕੋਈ ਟੈਕਸ ਛੋਟ ਨਹੀਂ ਦਿੱਤੀ ਜਾਂਦੀ।

ਸੇਵਾਮੁਕਤ ਜਾਂ 60 ਸਾਲ ਦੀ ਉਮਰ ਹਾਸਲ ਕਰ ਲੈਣ ਉਤੇ ਗਾਹਕ ਆਪਣੇ ਪੀ ਆਰ ਏ ਐੱਨ ਵਿੱਚ ਘੱਟੋ-ਘੱਟ 40 ਪ੍ਰਤਿਸ਼ਤ ਰਕਮ ਪੈਨਸ਼ਨ ਲਈ ਰੱਖੇਗਾ। ਅਤੇ ਬਾਕੀ 60 ਪ੍ਰਤਿਸ਼ਤ ਉੱਕਾਪੁੱਕਾ ਕਢਵਾਈ ਜਾ ਸਕੇਗੀ। ਕੁੱਲ ਕਢਵਾਈ ਰਕਮ ਦਾ 40 ਪ੍ਰਤਿਸ਼ਤ ਟੈਕਸ ਤੋਂ ਛੋਟ ਵਾਲਾ ਹੋਵੇਗਾ। ਸੇਵਾਮੁਕਤੀ ਵੇਲੇ ਮਿਲੀ ਰਕਮ ਨੂੰ ਵੀ ਟੈਕਸ ਤੋਂ ਛੋਟ ਹੋਵੇਗੀ। ਜੇ ਕੋਈ ਗਾਹਕ 60 ਸਾਲ ਦੀ ਉਮਰ ਤੋਂ ਪਹਿਲਾਂ ਨੌਕਰੀ ਤਿਆਗਦਾ ਹੈ, ਉਸ ਨੂੰ ਘੱਟੋ-ਘੱਟ 80 ਪ੍ਰਤਿਸ਼ਤ ਬਕਾਇਆ ਰਕਮ ਨਿਵੇਸ਼ ਕਰਨੀ ਪਵੇਗੀ ਅਤੇ ਬਾਕੀ 20 ਪ੍ਰਤਿਸ਼ਤ ਰਕਮ ਉਹ ਕਢਵਾ ਸਕੇਗਾ। 60 ਸਾਲ ਦੀ ਉਮਰ ਤੋਂ ਪਹਿਲਾਂ ਜਾਂ ਸੇਵਾਮੁਕਤੀ ਤੋਂ ਪਹਿਲਾਂ ਗਾਹਕ ਦੀ ਮੌਤ ਦੀ ਸਥਿਤੀ ਵਿੱਚ ਉਸ ਵਲੋਂ ਨਾਮਜ਼ਦ ਵਿਅਕਤੀ ਹੀ ਸਾਰੀ ਬਕਾਇਆ ਰਕਮ ਉੱਕਾਪੁੱਕਾ ਕਿਸੇ ਟੈਕਸ ਦੀ ਅਦਾਇਗੀ ਤੋਂ ਬਿਨਾਂ ਕਢਵਾ ਸਕੇਗਾ। ਮਾਰਕੀਟਾ ਦੇ ਰੁਝਾਨਾਂ ਨੂੰ ਵੇਖਦੇ ਹੋਏ ਜਿਵੇਂ ਕਿ ਸਕਿਉਰਿਟੀਆਂ ਢੁਕਵੇਂ ਸਮੇਂ ਉਤੇ ਕਢਵਾਉਣ ਲਈ ਇਕ ਗਾਹਕ ਆਪਣੇ ਐੱਨ ਪੀ ਐੱਸ ਫੰਡ ਦੀ ਰਕਮ ਨੂੰ 70 ਸਾਲ ਦੀ ਉਮਰ ਤੱਕ ਰੱਖ ਸਕੇਗਾ ਅਤੇ ਬਾਂਡਾਂ ਦੀ ਖਰੀਦ 60 ਸਾਲ ਦੀ ਉਮਰ ਪੂਰੀ ਹੋਣ ਜਾਂ ਸੇਵਾਮੁਕਤੀ ਤੋਂ ਵੱਧ ਤੋਂ ਵੱਧ 3 ਸਾਲ ਤੱਕ ਟਾਲ ਸਕੇਗਾ। ਰਕਮ ਨੂੰ ਕਢਵਾਉਣ ਦੇ ਇਸ ਟਾਲਣ ਦੇ ਪ੍ਰੋਗਰਾਮ ਦੌਰਾਨ ਚਾਹੁਣ ਉਤੇ ਵਿਅਕਤੀ ਇਸ ਵਿੱਚ ਆਪਣਾ ਯੋਗਦਾਨ ਦੇਣਾ ਜਾਰੀ ਰੱਖ ਸਕਦਾ ਹੈ।

## ਪ੍ਰਵਾਸੀ ਭਾਰਤੀਆਂ ਲਈ ਐੱਨ ਪੀ ਐੱਸ

ਪ੍ਰਵਾਸੀ ਭਾਰਤੀ (ਐੱਨ ਆਰ ਆਈਜ਼) ਆਪਣੇ ਐੱਨ ਪੀ ਐੱਸ ਖਾਤੇ ਦੇਸ਼ ਪਰਤਣ ਜਾਂ ਦੇਸ਼ ਨਾ ਪਰਤਣ ਦੇ ਆਧਾਰ ਉਤੇ ਖੋਲ੍ਹ ਸਕਦੇ

ਹਨ। ਇਸ ਦੇ ਲਈ ਉਹ ਆਪਣੀ ਰਕਮ ਐੱਨ ਆਰ ਈ/ਐੱਫ ਸੀ ਐੱਨ ਆਰ/ਐੱਨ ਆਰ ਓ ਖਾਤਿਆਂ ਰਾਹੀਂ ਜਮ੍ਹਾਂ ਕਰਵਾ ਸਕਦੇ ਹਨ। ਵਾਪਸ ਨਾ ਪਰਤਣ ਵਾਲੇ ਵਿਅਕਤੀਆਂ ਦੇ ਖਾਤਿਆਂ ਲਈ ਮਿਆਦ ਪੁੱਗਣ ਜਾਂ ਅੰਸ਼ਕ ਰਕਮ ਕਢਵਾਉਣ ਲਈ ਐੱਨ ਪੀ ਐੱਸ ਫੰਡ ਸਿਰਫ ਐੱਨ ਆਰ ਓ ਖਾਤੇ ਵਿੱਚ ਹੀ ਜਮ੍ਹਾਂ ਹੋ ਸਕਣਗੇ। ਐੱਨ ਪੀ ਐੱਸ ਖਾਤਾ ਸਿਰਫ ਨਿੱਜੀ ਵਿਅਕਤੀ ਦੇ ਨਾਂ ਉਤੇ ਹੀ ਖੋਲ੍ਹਿਆ ਜਾ ਸਕੇਗਾ ਅਤੇ ਇਸ ਨੂੰ ਪਾਵਰ ਆਫ ਅਟਾਰਨੀ (ਪੀ ਓ ਏ) ਰਾਹੀਂ ਚਲਾਇਆ ਜਾ ਸਕੇਗਾ। ਜੇ ਵਿਦੇਸ਼ ਵਿੱਚ ਖਾਤਾ ਪੀ ਓ ਪੀ ਸੇਵਾ ਪ੍ਰਦਾਨ ਕਰਨ ਵਾਲੇ ਰਾਹੀਂ ਖੁੱਲ੍ਹਵਾਇਆ ਜਾਂਦਾ ਹੈ ਤਾਂ ਟਾਇਰ-1 ਖਾਤੇ ਵਿੱਚ ਘੱਟੋ-ਘੱਟ 6000 ਰੁਪਏ ਅਤੇ ਟਾਇਰ-2 ਖਾਤੇ ਵਿੱਚ ਘੱਟੋ-ਘੱਟ 2000 ਰੁਪਏ ਜਮ੍ਹਾਂ ਕਰਵਾਉਣੇ ਪੈਣਗੇ। ਬਾਅਦ ਵਿੱਚ ਇਹ ਰਕਮ ਸਾਲਾਨਾ ਆਧਾਰ ਉੱਤੇ ਜਾਂ ਇਸ ਤੋਂ ਵੀ ਘੱਟ ਮਿਆਦ ਉੱਤੇ ਗਾਹਕ ਦੀ ਸਹੂਲਤ ਅਨੁਸਾਰ ਜਮ੍ਹਾਂ ਹੋ ਸਕੇਗੀ। ਵਿਦੇਸ਼ ਵਿੱਚ ਰਹਿਣ ਵਾਲੇ ਲੋਕਾਂ ਲਈ ਪੀ ਓ ਪੀ ਸੇਵਾ ਖਰਚਾ 8 ਅਮਰੀਕੀ ਡਾਲਰ ਜਾਂ ਇਸ ਦੇ ਬਰਾਬਰ ਸਥਾਨਕ ਕਰੰਸੀ ਵਿੱਚ ਹੋਵੇਗਾ ਅਤੇ ਮੁਢਲੇ ਚਾਰਜ ਜਮ੍ਹਾਂ ਕਰਵਾਈ ਗਈ ਰਕਮ ਦੇ 1 ਪ੍ਰਤਿਸ਼ਤ ਦੇ ਬਰਾਬਰ ਹੋਣਗੇ। ਸਾਰੇ ਗ਼ੈਰ ਵਿੱਤੀ ਲੈਣ-ਦੇਣ-1 ਅਮਰੀਕੀ ਡਾਲਰ ਜਾਂ ਇਸ ਦੇ ਬਰਾਬਰ ਦੀ ਸਥਾਨਕ ਕਰੰਸੀ ਦੇ ਹਿਸਾਬ ਨਾਲ ਕੀਤੇ ਜਾਣਗੇ। ਜੇ ਖਾਤਾ ਭਾਰਤ ਵਿੱਚ ਖੋਲ੍ਹਿਆ ਜਾਂਦਾ ਹੈ ਤਾਂ ਘੱਟੋ-ਘੱਟ ਮੁਢਲੀ ਰਕਮ ਅਤੇ ਸਾਲਾਨਾ ਅੰਸ਼ਦਾਨ ਟਾਇਰ-1 ਖਾਤੇ ਵਿੱਚ 500 ਰੁਪਏ ਅਤੇ 1000 ਰੁਪਏ ਕ੍ਰਮਵਾਰ ਹੋਵੇਗੀ। ਭਾਰਤ ਵਿੱਚ ਖਾਤਾ ਖੋਲ੍ਹਣ ਉੱਤੇ ਇਹ ਰਕਮ ਭਾਰਤ ਵਿੱਚ ਰਹਿਣ ਵਾਲੇ ਲੋਕਾਂ ਦੇ ਬਰਾਬਰ ਭਾਵ 125 ਰੁਪਏ ਅਤੇ 0.25 ਪ੍ਰਤਿਸ਼ਤ ਦੇ ਬਰਾਬਰ ਹੋਵੇਗੀ ਅਤੇ ਇਸ ਵਿੱਚ ਘੱਟੋ-ਘੱਟ 20 ਰੁਪਏ ਅਤੇ ਵੱਧ ਤੋਂ ਵੱਧ 25,000 ਰੁਪਏ ਜਮ੍ਹਾਂ ਕਰਵਾਏ ਜਾ ਸਕਣਗੇ। ਹਰ ਗ਼ੈਰ-ਵਿੱਤੀ ਲੈਣ ਦੇਣ ਲਈ 20 ਰੁਪਏ ਦੇ ਹਿਸਾਬ ਨਾਲ ਵਸੂਲੇ ਜਾਣਗੇ।

## ਐੱਨ ਪੀ ਐੱਸ ਅਧੀਨ ਟੈਕਸ ਲਾਭ

ਮੁਲਾਜ਼ਮਾਂ ਦਾ ਐੱਨ ਪੀ ਐੱਸ ਵਿੱਚ ਆਪਣਾ ਹਿੱਸਾ, ਜੋ ਕਿ ਤਨਖ਼ਾਹ ਦੇ 10 ਪ੍ਰਤਿਸ਼ਤ ਤੱਕ ਦੇ ਬਰਾਬਰ ਹੁੰਦਾ ਹੈ (ਮੁੱਢਲੀ ਤਨਖ਼ਾਹ+ਡੀ ਏ), ਇਸ ਨੂੰ ਆਮਦਨ ਕਰ ਕਾਨੂੰਨ ਦੀ ਧਾਰਾ 80 ਸੀ ਸੀ ਡੀ (1) ਅਧੀਨ ਜੋ ਟੈਕਸ ਛੋਟ ਹਾਸਲ ਹੁੰਦੀ ਹੈ ਉਸ ਦੀ ਧਾਰਾ 80 ਸੀ ਸੀ ਈ ਅਧੀਨ ਵੱਧ ਤੋਂ ਵੱਧ ਹੱਦ 1,50,000 ਰੁਪਏ ਹੁੰਦੀ ਹੈ। ਇੱਕ ਮੁਲਾਜ਼ਮ ਮਾਲਕ ਦੇ 10 ਪ੍ਰਤਿਸ਼ਤ ਤੱਕ ਦੇ ਹਿੱਸੇ ਉੱਤੇ ਵੀ ਮੁੱਢਲੀ ਤਨਖ਼ਾਹ ਅਤੇ ਡੀ ਏ ਉੱਤੇ ਧਾਰਾ 80 ਸੀ ਸੀ ਡੀ (2) ਅਧੀਨ ਛੋਟ ਹਾਸਲ ਕਰਦਾ ਹੈ ਅਤੇ ਇਸ ਦੀ ਕੋਈ ਮਾਲੀ ਹੱਦ ਨਹੀਂ ਹੁੰਦੀ। ਇਸ ਤੋਂ ਇਲਾਵਾ 50,000 ਰੁਪਏ ਤੱਕ ਦੇ ਨਿਵੇਸ਼ ਉੱਤੇ ਵਾਧੂ ਛੋਟ ਐੱਨ ਪੀ ਐੱਸ ਅਧੀਨ ਧਾਰਾ 80 ਸੀ ਸੀ ਡੀ (1 ਬੀ) ਅਧੀਨ ਪ੍ਰਦਾਨ ਕੀਤੀ ਜਾਂਦੀ ਹੈ ਜੋ ਕਿ 1,50,000 ਦੀ ਹੱਦ ਤੋਂ ਵੱਖਰੀ ਹੁੰਦੀ ਹੈ। ਇਸ ਤਰ੍ਹਾਂ ਐੱਨ ਪੀ ਐੱਸ ਵਿੱਚ ਦਿੱਤੀ ਰਕਮ ਉੱਤੇ 2,00,000 ਰੁਪਏ ਤੱਕ ਦੀ ਛੋਟ ਮਿਲਦੀ ਹੈ। ਇਸ ਤੋਂ ਇਲਾਵਾ ਇਕ ਨਿੱਜੀ ਵਿਅਕਤੀ, ਜੋ ਕਿ ਇਕ ਮੁਲਾਜ਼ਮ ਹੈ ਅਤੇ ਇਕ ਨਿੱਜੀ ਵਿਅਕਤੀ ਜੋ ਕਿ ਸਵੈ-ਰੋਜ਼ਗਾਰ ਕਰਦਾ ਹੈ, ਵਿੱਚ ਬਰਾਬਰੀ ਲਿਆਉਣ ਲਈ ਵਿੱਤ ਕਾਨੂੰਨ 2017 ਵਿੱਚ ਪ੍ਰਬੰਧ ਕੀਤਾ ਗਿਆ ਹੈ ਕਿ ਸਵੈ-ਰੋਜ਼ਗਾਰ ਕਰਨ ਵਾਲੇ ਵਿਅਕਤੀਆਂ ਲਈ ਕਟੌਤੀ ਦੀ ਉਪਰਲੀ ਹੱਦ 10 ਪ੍ਰਤਿਸ਼ਤ ਤੋਂ ਵਧਾ ਕੇ 20 ਪ੍ਰਤਿਸ਼ਤ ਕੀਤੀ ਜਾਵੇ। ਮਾਲਕ ਹਰ ਮੁਲਾਜ਼ਮ ਦੇ ਐੱਨ ਪੀ ਐੱਸ ਖਾਤੇ ਵਿੱਚ 10 ਪ੍ਰਤਿਸ਼ਤ ਦੀ ਮੁੱਢਲੀ ਤਨਖ਼ਾਹ ਅਤੇ ਡੀ ਏ ਵਿਚਲੀ ਕਟੌਤੀ ਨੂੰ ਵਪਾਰਕ ਖਰਚੇ ਵਜੋਂ ਗਿਣੇਗਾ ਅਤੇ ਕਿਸੇ ਉਪਰਲੀ ਹੱਦ ਤੋਂ ਬਿਨਾਂ ਧਾਰਾ 36(1)(iv)(a) ਅਧੀਨ ਛੋਟ ਹਾਸਲ ਕਰੇਗਾ।

## ਐੱਨ ਪੀ ਐੱਸ ਅਧੀਨ ਫੀਸਾਂ ਤੇ ਖਰਚੇ

ਰਾਸ਼ਟਰੀ ਪੈਨਸ਼ਨ ਸਕੀਮ ਅਧੀਨ ਨਿਵੇਸ਼ ਕਰਨ ਉੱਤੇ ਖਰਚੇ, ਜਿਨ੍ਹਾਂ ਵਿੱਚ ਖਾਤਾ ਖੋਲ੍ਹਣ ਅਤੇ ਪੀ ਓ ਪੀ ਨੂੰ ਅਦਾਇਗੀ ਕਰਨ ਦੇ ਖਰਚੇ, ਸੀ ਆਰ ਏ ਦੇ ਖਾਤਾ ਸੰਭਾਲਣ ਦੇ ਖਰਚੇ, ਪੈਨਸ਼ਨ ਫੰਡ ਦੇ ਨਿਵੇਸ਼ ਪ੍ਰਬੰਧਨ ਦੀ ਫੀਸ, ਕਸਟੋਡੀਅਨ ਦੇ ਅਸਾਸੇ ਸੰਭਾਲ ਖਰਚੇ ਅਤੇ ਐੱਨ ਪੀ ਐੱਸ ਟਰਸਟ ਦੇ ਸੇਵਾ ਖਰਚੇ ਜੇ ਸਾਰੇ ਇਕੱਠੇ ਕਰ ਦਿੱਤੇ ਜਾਣ ਤਾਂ ਅਸਾਸੇ ਦੇ 0.5 ਪ੍ਰਤਿਸ਼ਤ ਤੋਂ ਵੀ ਘੱਟ ਬਣਦੇ ਹਨ ਜੋ ਕਿ ਬੀਮਾ ਕੰਪਨੀਆਂ ਅਤੇ ਮਿਊਚੁਅਲ ਫੰਡ ਵਲੋਂ ਵਸੂਲੇ ਜਾਂਦੇ ਸੇਵਾਮੁਕਤੀ ਖਰਚੇ ਤੋਂ ਕਾਫੀ ਘੱਟ ਹਨ।

## ਐੱਨ ਪੀ ਐੱਸ ਅਧੀਨ ਨਿਵੇਸ਼ ਪ੍ਰਬੰਧਨ ਅਤੇ ਵਾਪਸੀਆਂ

ਸਰਕਾਰੀ ਖੇਤਰ ਦੇ ਗਾਹਕਾਂ ਲਈ ਨਿਵੇਸ਼ ਢਾਂਚਾ – ਇਸ ਵੇਲੇ ਸਰਕਾਰੀ ਮੁਲਾਜ਼ਮਾਂ ਦਾ ਐੱਨ ਪੀ ਐੱਸ ਵਿੱਚ ਹਿੱਸਾ 3 ਪੈਨਸ਼ਨ ਫੰਡਾਂ ਨੂੰ ਅਲਾਟ ਕੀਤਾ ਜਾਂਦਾ ਹੈ। ਇਹ ਹਨ – ਐੱਸ ਬੀ ਆਈ ਪੈਨਸ਼ਨ ਫੰਡ, ਯੂ ਟੀ ਆਈ ਰਿਟਾਇਰਮੈਂਟ ਸਲਿਊਸ਼ਨਜ਼ ਅਤੇ ਐੱਲ ਆਈ ਸੀ ਪੈਨਸ਼ਨ ਫੰਡ। ਇਹ ਰਕਮ ਪਿਛਲੇ ਸਾਲ ਦੀ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਆਧਾਰ ਉਤੇ ਨਿਵੇਸ਼ ਕੀਤੀ ਜਾਂਦੀ ਹੈ। ਪ੍ਰਾਵੀਡੈਂਟ ਫੰਡ ਵਲੋਂ ਇਹ ਰਕਮ ਪੀ ਐੱਫ ਆਰ ਡੀ ਏ ਵਲੋਂ ਨਿਰਧਾਰਤ ਕੀਤੀਆਂ ਨਿਵੇਸ਼ ਅਗਵਾਈ ਲੀਹਾਂ ਦੇ ਆਧਾਰ ਉਤੇ ਨਿਵੇਸ਼ ਕੀਤੀ ਜਾਂਦੀ ਹੈ :

(ੳ) 50 ਪ੍ਰਤਿਸ਼ਤ ਤੱਕ ਸਰਕਾਰੀ ਸਕਿਊਰਿਟੀਆਂ ਅਤੇ ਸੰਬੰਧਤ ਦਸਤਾਵੇਜ਼ਾਂ ਵਿੱਚ।

(ਅ) 45 ਪ੍ਰਤਿਸ਼ਤ ਤੱਕ ਕਰਜ਼ਾ ਅਤੇ ਸੰਬੰਧਤ ਦਸਤਾਵੇਜ਼ਾਂ ਵਿੱਚ।

(ੲ) 15 ਪ੍ਰਤਿਸ਼ਤ ਤੱਕ ਇਕੁਵਿਟੀ ਅਤੇ ਸੰਬੰਧਤ ਦਸਤਾਵੇਜ਼ਾਂ ਵਿੱਚ।

(ਸ) 5 ਪ੍ਰਤਿਸ਼ਤ ਤੱਕ ਛੋਟੀ ਮਿਆਦ ਦੇ ਕਰਜ਼ਾ ਦਸਤਾਵੇਜ਼ਾਂ ਅਤੇ ਸੰਬੰਧਤ ਨਿਵੇਸ਼ ਵਿੱਚ।

(ਹ) 5 ਪ੍ਰਤਿਸ਼ਤ ਤੱਕ ਅਸੈਟ ਬੈਕਡ, ਟਰਸਟ ਢਾਂਚੇ ਅਤੇ ਹੋਰ ਨਿਵੇਸ਼ਾਂ ਵਿੱਚ।

ਸਰਕਾਰੀ ਮੁਲਾਜ਼ਮਾਂ ਤੋਂ ਬਿਨਾਂ ਜੋ ਗਾਹਕ ਹਨ, ਉਹ 8 ਫੰਡਾਂ ਵਿੱਚੋਂ ਕਿਸੇ ਇਕ ਦੀ ਚੋਣ ਕਰ ਸਕਦੇ ਹਨ ਜਿਵੇਂ ਕਿ ਐੱਚ ਡੀ ਐੱਫ ਸੀ ਪੈਨਸ਼ਨ ਮੈਨੇਜਮੈਂਟ ਕੰਪਨੀ ਲਿਮਟਿਡ, ਆਈ ਸੀ ਆਈ ਸੀ ਆਈ ਪਰੂਡੈਂਸ਼ੀਅਲ ਪੈਨਸ਼ਨ ਫੰਡ ਮੈਨੇਜਮੈਂਟ ਕੰਪਨੀ ਲਿਮਟਿਡ, ਕੋਟਕ ਮਹਿੰਦਰਾ ਪੈਨਸ਼ਨ ਫੰਡ ਲਿਮਟਿਡ, ਐੱਲ ਆਈ ਸੀ ਪੈਨਸ਼ਨ ਫੰਡ ਲਿਮਟਿਡ, ਰਿਲਾਇੰਸ ਕੈਪੀਟਲ ਫੰਡ ਲਿਮਟਿਡ, ਐੱਸ ਬੀ ਆਈ ਪੈਨਸ਼ਨ ਫੰਡ ਪ੍ਰਾਈਵੇਟ ਲਿਮਟਿਡ, ਯੂ ਟੀ ਆਈ ਰਿਟਾਇਰਮੈਂਟ ਸਾਲਿਊਸ਼ਨਜ਼ ਲਿਮਟਿਡ ਅਤੇ ਬਿਰਲਾ ਸਨਲਾਈਫ ਪੈਨਸ਼ਨ ਮੈਨੇਜਮੈਂਟ ਲਿਮਟਿਡ। ਇਸ ਤੋਂ ਇਲਾਵਾ ਗਾਹਕ ਉਨ੍ਹਾਂ ਦੇ ਫੰਡਾਂ ਦੇ ਨਿਵੇਸ਼ ਢਾਂਚੇ ਵਿੱਚੋਂ ਵੀ ਚੋਣ ਕਰ ਸਕਦਾ ਹੈ। ਇਕ ਵਿਅਕਤੀ ਇਕੁਵਿਟੀ ਸ਼ੇਅਰ, ਸਰਕਾਰੀ ਸਿਕਿਉਰਟੀਆਂ, ਕਾਰਪੋਰੇਟ ਬਾਂਡਾਂ ਵਿੱਚ ਸਾਂਝੇ ਤੌਰ ਤੇ ਵੀ ਨਿਵੇਸ਼ ਕਰ ਸਕਦਾ ਹੈ।

ਉਸ ਨੂੰ ਸਰਕਾਰੀ ਸਿਕਿਉਰਿਟੀਆਂ ਜਾਂ ਕਾਰਪੋਰੇਟ ਬਾਂਡਾਂ/ਡੀਬੈਂਚਰਾਂ ਵਿੱਚ ਨਿਵੇਸ਼ ਕਰਨ ਵੇਲੇ ਹਰ ਇਕ ਵਿੱਚ 100 ਪ੍ਰਤਿਸ਼ਤ ਤੱਕ ਜਾਣ ਦੀ ਖੁੱਲ੍ਹ ਹੁੰਦੀ ਹੈ।

3 ਜੂਨ 2017 ਨੂੰ ਐੱਨ ਪੀ ਐੱਸ ਅਧੀਨ 10.7 ਮਿਲੀਅਨ ਗਾਹਕ ਸਨ ਅਤੇ ਉਨ੍ਹਾਂ ਦੀ ਕੁੱਲ ਰਕਮ 142,263 ਕਰੋੜ ਰੁਪਏ ਜਮ੍ਹਾਂ ਸੀ ਅਤੇ ਪ੍ਰਬੰਧ ਅਧੀਨ 184,948 ਕਰੋੜ ਰੁਪਏ ਦੇ ਕੁੱਲ ਅਸਾਸੇ ਸਨ। ਸਰਕਾਰੀ ਮੁਲਾਜ਼ਮਾਂ ਦੇ ਕੁੱਲ ਖਾਤਿਆਂ ਵਿੱਚੋਂ ਪ੍ਰਤਿਸ਼ਤ 49 ਪ੍ਰਤਿਸ਼ਤ ਸੀ ਅਤੇ ਏ ਯੂ ਐੱਮ ਵਿੱਚ ਉਹ 88 ਪ੍ਰਤਿਸ਼ਤ ਸੀ। ਜੇ ਗਾਹਕ, ਉਨ੍ਹਾਂ ਦਾ ਅੰਸ਼ਦਾਨ ਅਤੇ ਅਟੱਲ ਪੈਨਸ਼ਨ ਯੋਜਨਾ (ਏ ਪੀ ਵਾਈ) ਦੇ ਏ ਯੂ ਐੱਮ ਨੂੰ ਜੋੜ ਲਿਆ ਜਾਵੇ ਤਾਂ ਕੁੱਲ ਗਾਹਕ 16.1 ਮਿਲੀਅਨ ਹੋ ਜਾਣਗੇ, ਉਨ੍ਹਾਂ ਦਾ ਅੰਸ਼ਦਾਨ 144,340 ਕਰੋੜ ਰੁਪਏ ਦਾ ਹੋਵੇਗਾ ਅਤੇ ਏ ਯੂ ਐੱਮ 187,151 ਕਰੋੜ ਰੁਪਏ ਹੋਵੇਗਾ। ਸੈਕਟਰ ਅਨੁਸਾਰ ਵੇਰਵਾ ਤਾਲਿਕਾ-1 ਅਨੁਸਾਰ ਹੈ।

ਤਾਲਿਕਾ-1 : ਐੱਨ ਪੀ ਐੱਸ ਅਧੀਨ ਗਾਹਕ, ਅੰਸ਼ਦਾਨ ਅਤੇ ਏ ਯੂ ਐੱਮ

| ਖੇਤਰ | ਗਾਹਕਾਂ ਦੀ ਗਿਣਤੀ | | ਕੁੱਲ ਫੰਡ | | ਕੁੱਲ ਅਸਾਸੇ ਪ੍ਰਬੰਧਨ | |
|---|---|---|---|---|---|---|
| | ਕੁੱਲ ਗਿਣਤੀ | ਪ੍ਰਤਿਸ਼ਤ | ਕਰੋੜ ਰੁਪਏ | ਪ੍ਰਤਿਸ਼ਤ | ਕਰੋੜ ਰੁਪਏ | ਪ੍ਰਤਿਸ਼ਤ |
| ਕੇਂਦਰ ਸਰਕਾਰ | 1,819,457 | 17.0 | 51,332 | 36.1 | 70,965 | 38.4 |
| ਰਾਜ ਸਰਕਾਰ | 3,412,486 | 31.8 | 72,331 | 50.8 | 91,595 | 49.5 |
| ਉੱਪ ਜੋੜ | 5,231,943 | 48.8 | 123,663 | 86.9 | 162,561 | 87.9 |
| ਕਾਰਪੋਰੇਟ | 608,434 | 5.7 | 12,950 | 9.1 | 16,091 | 8.7 |
| ਗ਼ੈਰ-ਸੰਗਠਿਤ | 460,468 | 4.3 | 3,387 | 2.4 | 3,520 | 1.9 |
| ਉੱਪ ਜੋੜ | 1,068,902 | 10.0 | 16,337 | 11.5 | 19,610 | 10.6 |
| ਐੱਨ ਪੀ ਐੱਸ ਲਾਈਟ | 4,424,806 | 41.3 | 2,263 | 1.6 | 2,777 | 1.5 |
| ਕੁੱਲ | 10,725,651 | 100.0 | 142,263 | 100.0 | 184,948 | 100.0 |
| ਏ ਪੀ ਵਾਈ | 5,372,618 | | 2,077 | | 2,203 | |
| ਕੁੱਲ ਜੋੜ | 16,098,269 | | 144,340 | | 187,151 | |

ਤਾਲਿਕਾ-2 : ਸਕੀਮ ਅਨੁਸਾਰ ਅਤੇ ਪੀ ਐੱਫ ਅਨੁਸਾਰ ਸਕੀਮਾਂ ਦੀ ਸ਼ੁਰੂਆਤ ਤੋਂ ਵਾਪਸੀ ਜਿਵੇਂ ਕਿ 29 ਅਪ੍ਰੈਲ 2017 ਨੂੰ ਸੀ

| ਪੈਨਸ਼ਨ ਫੰਡ | | ਐੱਸ ਬੀ ਆਈ | ਯੂ ਟੀ ਆਈ | ਐੱਲ ਆਈ ਸੀ | ਕੋਟਕ | ਰਿਲਾਇੰਸ | ਆਈ ਸੀ ਆਈ ਸੀ ਆਈ | ਐੱਚ ਡੀ ਐੱਫ ਸੀ |
|---|---|---|---|---|---|---|---|---|
| ਸੀ ਜੀ | | 10.43 | 10.06 | 10.13 | | | | |
| ਐੱਸ ਜੀ | | 10.04 | 10.11 | 10.23 | | | | |
| ਕਾਰਪੋਰੇਟ ਸੀ ਜੀ | | 10.61 | | 10.79 | | | | |
| ਟਾਇਰ-1 | ਥ | 9.69 | 11.81 | 13.89 | 10.94 | 11.01 | 11.84 | 16.80 |
| | ਸੀ | 11.14 | 9.79 | 11.61 | 11.06 | 9.67 | 11.11 | 11.65 |
| | ਜੀ | 10.06 | 8.75 | 12.44 | 8.96 | 8.63 | 9.03 | 11.04 |
| ਟਾਇਰ-2 | ਈ | 9.33 | 9.64 | 8.91 | 10.08 | 9.59 | 9.31 | 12.31 |
| | ਸੀ | 10.80 | 9.99 | 9.94 | 9.80 | 9.44 | 11.04 | 9.90 |
| | ਜੀ | 10.29 | 9.86 | 12.63 | 8.82 | 8.95 | 9.20 | 11.65 |
| ਐੱਨ ਪੀ ਐੱਸ ਸਵਾਵਲੰਬਨ | | 11.10 | 10.96 | 10.92 | 11.18 | | | |

ਸਰੋਤ : www.npst.org.in

ਕੇਂਦਰ ਸਰਕਾਰ-1 ਅਪ੍ਰੈਲ,08

ਰਾਜ ਸਰਕਾਰ-25 ਜੂਨ,09

ਸਵਾਵਲੰਬਨ : (ਐੱਸ ਬੀ ਆਈ, ਐੱਲ ਆਈ ਸੀ, ਯੂ ਟੀ ਆਈ) 4 ਅਕਤੂਬਰ, 10, (ਕੋਟਕ ਪੀ ਐਫ)-31 ਜਨਵਰੀ, 12

ਕਾਰਪੋਰੇਟ (ਕੇਂਦਰ ਸਰਕਾਰ ਪੈਟਰਨ)-5 ਨਵੰਬਰ, 2012

ਸਕੀਮ - (ਈ, ਸੀ, ਜੀ) (ਟਾਇਰ-1)-(ਐੱਸ ਬੀ ਆਈ, ਯੂ ਟੀ ਆਈ, ਆਈ ਸੀ ਆਈ ਸੀ ਆਈ, ਰਿਲਾਇੰਸ,ਕੋਟਕ) : 1 ਮਈ 09, (ਐੱਲ ਆਈ ਸੀ) - 23 ਜੁਲਾਈ, 13, (ਐੱਚ ਡੀ ਐੱਫ ਸੀ ਪੀ ਐੱਫ)-1 ਅਗਸਤ, 13

ਸਕੀਮ - (ਈ, ਸੀ, ਜੀ) (ਟਾਇਰ-2)-(ਐੱਸ ਬੀ ਆਈ, ਯੂ ਟੀ ਆਈ, ਆਈ ਸੀ ਆਈ ਸੀ ਆਈ, ਰਿਲਾਇੰਸ,ਕੋਟਕ) : 14 ਦਸੰਬਰ 09, (ਐੱਲ ਆਈ ਸੀ) - 12 ਅਗਸਤ, 13, (ਐੱਚ ਡੀ ਐੱਫ ਸੀ ਪੀ ਐੱਫ)-1 ਅਗਸਤ, 13

ਐੱਨ ਪੀ ਐੱਸ ਪੋਰਟਫੋਲੀਓ ਅਸਾਸੇ ਵਰਗਾਂ ਅਤੇ ਸਕਿਓਰਿਟੀਆਂ ਵਿੱਚ ਪੂਰੀ ਤਰ੍ਹਾਂ ਬਹੁਭਾਂਤੀ ਹੈ। ਇਸ ਵੇਲੇ ਕੁੱਲ ਐੱਨ ਪੀ ਐੱਸ ਦਾ ਲਗਭਗ 13.5 ਪ੍ਰਤਿਸ਼ਤ ਇਕਵਿਟੀ ਸ਼ੇਅਰਾਂ ਵਿੱਚ, ਲਗਭਗ 48 ਪ੍ਰਤਿਸ਼ਤ ਸਰਕਾਰੀ ਸਕਿਓਰਿਟੀਆਂ ਵਿੱਚ 35.5 ਪ੍ਰਤਿਸ਼ਤ ਕਾਰਪੋਰੇਟ ਬਾਂਡ ਵਿੱਚ ਅਤੇ ਬਾਕੀ ਥੋੜ੍ਹੀ ਮਿਆਦ ਦੇ ਮਾਰਕੀਟ ਦਸਤਾਵੇਜ਼ਾਂ ਵਿੱਚ ਨਿਵੇਸ਼ਿਤ ਹੈ। ਇਸ ਤੋਂ ਇਲਾਵਾ ਕਾਰਪੋਰੇਟ ਬਾਂਡ ਪੋਰਟਫੋਲੀਓ ਦਾ 98 ਪ੍ਰਤਿਸ਼ਤ ਏ ਏ ਜਾਂ ਉੱਚ ਦਰ ਵਾਲੀਆਂ ਸਕਿਓਰਿਟੀਆਂ ਵਿੱਚ ਨਿਵੇਸ਼ਤ ਹੈ।

ਐੱਨ ਪੀ ਐੱਸ ਉੱਤੇ ਸਾਲਾਨਾ ਔਸਤਨ ਵਾਪਸੀ (ਮਿਸ਼ਰਤ ਸਾਲਾਨਾ ਵਿਕਾਸ ਦਰ- ਸੀ ਏ ਜੀ ਆਰ) ਸੀ ਜੀ ਅਤੇ ਐੱਸ ਜੀ ਸਕੀਮ ਲਈ, ਸ਼ੁਰੂਆਤ ਤੋਂ ਲੈ ਕੇ ਅਪ੍ਰੈਲ 2017 ਦੇ ਅੰਤ ਤੱਕ 10 ਪ੍ਰਤਿਸ਼ਤ ਤੋਂ ਵੱਧ ਰਹੀ। ਸਕੀਮ ਅਨੁਸਾਰ ਅਤੇ ਪੈਨਸ਼ਨ ਫੰਡ ਅਨੁਸਾਰ ਵੇਰਵੇ ਤਾਲਿਕਾ-2 ਵਿੱਚ ਦਿੱਤੇ ਗਏ ਹਨ।

**ਇਸ ਲਈ ਟੈਕਸ ਨਿਪੁੰਨਤਾ ਤੋਂ ਇਲਾਵਾ ਅਤੇ 50,000 ਰੁਪਏ ਦੀ ਵਿਸ਼ੇਸ਼ ਟੈਕਸ ਛੋਟ ਤੋਂ ਇਲਾਵਾ, ਸਾਦਾ ਢਾਂਚਾ, ਪਾਰਦਰਸ਼ਤਾ, ਵੱਖ-ਵੱਖ ਥਾਵਾਂ ਅਤੇ ਰੋਜ਼ਗਾਰਾਂ ਵਿੱਚ ਲਿਜਾਉਣ ਦੀ ਖੁੱਲ੍ਹ, ਪੈਨਸ਼ਨ ਫੰਡਾਂ ਅਤੇ ਨਿਵੇਸ਼ ਢਾਂਚੇ ਦੀ ਚੋਣ ਕਰਨ ਦੀ ਖੁੱਲ੍ਹ, ਘੱਟ ਪ੍ਰਬੰਧਨ ਲਾਗਤ ਅਤੇ ਵਧੇਰੇ ਕਮਾਈ ਕਾਰਨ ਗਾਹਕਾਂ ਲਈ ਰਾਸ਼ਟਰੀ ਪੈਨਸ਼ਨ ਪ੍ਰਣਾਲੀ ਇਕ ਆਕਰਸ਼ਕ ਸੇਵਾਮੁਕਤ ਚੋਣ ਬਣ ਗਈ ਹੈ।**

*(ਲੇਖਕ ਪੈਨਸ਼ਨ ਫੰਡ ਰੈਗੂਲੇਟਰੀ ਅਤੇ ਵਿਕਾਸ ਅਥਾਰਿਟੀ (ਪੀ ਐੱਚ ਆਰ ਡੀ ਏ) ਮੈਂਬਰ (ਇਕਨਾਮਿਕਸ) ਹਨ। ਇਸ ਤੋਂ ਪਹਿਲਾਂ ਉਹ 32 ਸਾਲ ਭਾਰਤ ਸਰਕਾਰ ਦੇ ਵੱਖ-ਵੱਖ ਅਹੁਦਿਆਂ ਉਤੇ ਕਾਰਜਰਤ ਰਹੇ)*

*e-mail :badris.bhandari@pfda.org.in*

# ਸਾਰਿਆਂ ਲਈ ਸਿਹਤ

ਕੇ. ਸੀਤਾ ਪ੍ਰਭੂ

**ਸਮਾਜਿਕ ਸੁਰੱਖਿਆ ਅਤੇ ਸਿਹਤ ਸੁਰੱਖਿਆ:**

ਆਰਥਿਕ ਅਸਥਿਰਤਾ ਅਤੇ ਸੰਕਟ ਕਾਲੀਨ ਸਮਿਆਂ ਦੌਰਾਨ ਸਮਾਜਿਕ ਸੁਰੱਖਿਆ ਨੇ ਇਕ ਵਿਸ਼ੇ ਦੇ ਤੌਰ ਤੇ ਹਮੇਸ਼ਾ ਮਹੱਤਵ ਹਾਸਲ ਕੀਤਾ ਹੈ। ਭਾਵੇਂ ਕਿ 1942 ਵਿੱਚ ਬੇਵਰਿਜ ਕਮੇਟੀ ਨੇ ਆਪਣੀ ਰਿਪੋਰਟ ਅੰਦਰ ਸਮਾਜਿਕ ਸੁਰੱਖਿਆ ਨੂੰ ਵਿਆਪਕ ਤੌਰ ਤੇ ਪਰਿਭਾਸ਼ਤ ਕਰਦਿਆਂ ਇਸ ਨੂੰ ਲੋੜ ਤੋਂ ਵੱਧ ਆਜ਼ਾਦੀ, ਗਰਦਾਨਿਆਂ ਪਰ ਇਸ ਪਰਿਭਾਸ਼ਾ ਉਤੇ ਅਮਲ ਨਹੀਂ ਕੀਤਾ ਜਾ ਸਕਦਾ ਅਤੇ 1950ਵਿਆਂ ਵਿੱਚ ਅੰਤਰਰਾਸ਼ਟਰੀ ਕਿਰਤ ਸੰਗਠਨ ਸੰਮੇਲਨ ਵਿੱਚ ਸਮਾਜਿਕ ਸੁਰੱਖਿਆ ਦੀ ਜ਼ਿਆਦਾ ਤਰਕਸੰਗਤ, ਅਚਨਚੇਤੀ ਕਦਮਾਂ ਨਾਲ ਸੰਬੰਧਿਤ ਪਰਿਭਾਸ਼ਾ ਨੂੰ ਅਪਣਾਇਆ ਗਿਆ। 1989 ਵਿੱਚ ਡ੍ਰੀਜ਼ ਅਤੇ ਸੇਲ ਵਲੋਂ ਵਿਕਾਸਸ਼ੀਲ ਦੇਸ਼ਾਂ ਦੇ ਸੰਦਰਭ ਵਿੱਚ ਪਰਿਭਾਸ਼ਾ ਨੂੰ ਵਿਸਤਾਰ ਦੇਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ, ਇਸ ਤੋਂ ਬਾਅਦ ਪ੍ਰਭੂ ਨੇ ਇਹ ਮੁੜ ਤੋਂ ਦੁਹਰਾਇਆ ਕਿ ਭਾਰਤ ਵਾਸਤੇ ਜੋ ਪ੍ਰਸੰਗਿਕ ਹੈ, ਉਹ ਹੈ ਸਮਾਜਿਕ, ਆਰਥਿਕ ਸੁਰੱਖਿਆ ਦੀ ਧਾਰਨਾ ਜੋ ਸਮਾਜਿਕ ਸਮਰੱਥਾਵਾਂ ਅਤੇ ਸਮਾਜਿਕ ਸੁਰੱਖਿਆ ਵਿੱਚ ਵਾਧੇ ਨੂੰ ਯਕੀਨੀ ਬਣਾਉਂਦੀ ਹੈ। ਸਿਹਤ ਸੁਰੱਖਿਆ, ਸਮਾਜਿਕ ਸੁਰੱਖਿਆ ਦੀ ਇਸ ਵਿਆਪਕ ਵਿਚਾਰਧਾਰਾ ਦਾ ਇਕ ਅਨਿੱਖੜਵਾਂ ਅੰਗ ਹੈ।

## ਸਰਿਆਂ ਲਈ ਸਿਹਤ

ਸਿਹਤ ਸੁਰੱਖਿਆ ਅਸਾਧਾਰਣ ਤੌਰ ਤੇ ਸਭ ਲਈ ਸਿਹਤ ਦੀ ਧਾਰਨਾ ਨਾਲ ਜੁੜੀ ਹੋਈ ਹੈ ਜਿਸ ਨੂੰ 1978 ਦੇ ਅਲਮਾ ਅੱਤਾ ਐਲਾਨਨਾਮੇ ਤੋਂ ਬਾਅਦ ਪ੍ਰਮੁੱਖ ਮਹੱਤਵ ਹਾਸਲ ਹੋਇਆ। ਇਸ ਦਾ ਟੀਚਾ 2000 ਤੱਕ ਸਾਰਿਆਂ ਲਈ ਸਿਹਤ ਨੂੰ ਹਾਸਲ ਕਰਨਾ ਸੀ। ਇਸ ਟੀਚੇ ਤੋਂ ਉਤਸਾਹਿਤ ਹੋ ਕੇ ਅਤੇ ਆਈ ਸੀ ਐੱਸ ਐੱਸ ਆਰ-ਆਈ ਸੀ ਐੱਮ ਆਰ ਦੀ 1981 ਦੀ ਰਿਪੋਰਟ ਦੇ ਅਧਾਰ ਉਤੇ, ਭਾਰਤ ਸਰਕਾਰ ਵਲੋਂ 1983 ਵਿੱਚ ਰਾਸ਼ਟਰੀ ਸਿਹਤ ਨੀਤੀ ਦਾ ਐਲਾਨ ਕੀਤਾ ਗਿਆ ਜਿਸ ਨੂੰ 2002 ਵਿੱਚ ਰਾਸ਼ਟਰੀ ਸਿਹਤ ਨੀਤੀ ਨਾਲ ਬਦਲ ਦਿੱਤਾ ਗਿਆ। ਰਾਸ਼ਟਰੀ ਦਿਹਾਤੀ ਸਿਹਤ ਮਿਸ਼ਨ (ਐੱਨ ਆਰ ਐੱਚ ਐੱਮ) 2002 ਵਿੱਚ ਦੇਸ਼ ਅੰਦਰ ਮੁੱਢਲੀ ਸਿਹਤ ਸੰਭਾਲ ਪ੍ਰਣਾਲੀ ਵਿੱਚ ਨਵੀਂ ਜਾਨ ਪਾਉਣ ਲਈ ਸ਼ੁਰੂ ਕੀਤਾ ਗਿਆ ਸੀ। ਇਨ੍ਹਾਂ ਨੀਤੀਗਤ ਪਹਿਲਕਦਮੀਆਂ ਦੇ ਬਾਵਜੂਦ ਸਭਨਾਂ ਲਈ ਸਿਹਤ ਇਕ ਅਧੂਰਾ ਖਰੜਾ ਬਣਿਆ ਹੋਇਆ ਹੈ। ਭਾਰਤ ਵਿੱਚ ਮੁੱਢਲੀ ਸਿਹਤ ਦੇ ਸੂਚਕ ਹਾਲੇ ਵੀ ਬੰਗਲਾਦੇਸ਼ ਵਰਗੇ ਘੱਟ ਆਮਦਨ ਵਾਲੇ ਦੇਸ਼ਾਂ ਨਾਲੋਂ ਹੇਠਾਂ ਹਨ ਅਤੇ ਅਹਿਮ ਦਹਿਸਦੀ ਵਿਕਾਸ ਟੀਚੇ ਅੱਖੋਂ ਪਰੋਖੇ ਹੋ ਰਹੇ ਹਨ।

ਭਾਰਤ ਦੀ ਸਿਹਤ ਪ੍ਰਣਾਲੀ ਅਨਿਆਂਪੂਰਨ ਵਿਕਾਸ ਦੀ ਕਿਸਮ ਦਾ ਦਰਪਣ ਹੈ ਜੋ ਦੇਸ਼ ਵਿੱਚ ਹੋਇਆ ਹੈ। ਉੱਚ ਆਮਦਨ ਅਤੇ ਦੌਲਤ ਦੀ ਗ਼ੈਰ-ਬਰਾਬਰੀ ਦਾ ਸਿੱਟਾ ਖਿੱਲਰੀ ਪੁਲਰੀ ਸਿਹਤ ਪੱਧਤੀ ਦੇ ਰੂਪ ਵਿੱਚ ਨਿਕਲਿਆ ਹੈ ਜੋ ਤੀਜੇ ਦਰਜੇ ਦੀਆਂ ਰੋਗ ਨਿਵਾਰਕ ਸੇਵਾਵਾਂ ਮੁਖੀ ਹੈ। ਇਸ ਨਾਲ ਜ਼ਿਆਦਾ ਬੁਨਿਆਦੀ ਰੋਕਥਾਮ ਅਤੇ ਮੁਢਲੀਆਂ ਸਿਹਤ ਸੇਵਾਵਾਂ ਨਜ਼ਰਅੰਦਾਜ਼ ਹੋ ਰਹੀਆਂ ਹਨ ਜੋ ਗਰੀਬਾਂ ਦੇ ਜਿਉਂਦੇ ਰਹਿਣ ਲਈ ਜ਼ਰੂਰੀ ਹਨ। ਵਿਸ਼ਵ ਸਿਹਤ ਸੰਸਥਾ ਨੇ ਇਕ ਅਨੁਮਾਨ ਲਾਇਆ ਕਿ 2008 ਵਿੱਚ 5.2 ਮਿਲੀਅਨ ਭਾਰਤੀ ਗ਼ੈਰ-ਸੰਕ੍ਰਮਣ ਵਾਲੀਆਂ ਬਿਮਾਰੀਆਂ ਨਾਲ ਰੱਬ ਨੂੰ ਪਿਆਰੇ ਹੋ ਗਏ ਜੋ ਦੇਸ਼ ਵਿੱਚ ਹੋਈਆਂ ਕੁੱਲ ਮੌਤਾਂ ਦਾ 53 ਪ੍ਰਤਿਸ਼ਤ ਬਣਦਾ ਹੈ। ਸਾਰੇ ਦਿਹਾਤੀ ਅਤੇ ਸ਼ਹਿਰੀ ਖੇਤਰਾਂ, ਰਾਜਾਂ ਅਤੇ ਸਮਾਜਿਕ ਸਮੂਹਾਂ ਵਿੱਚ ਸਿਹਤ ਸੰਬੰਧੀ ਨਤੀਜਿਆ ਦੇ ਵੱਡੇ ਵਖਰੇਵੇਂ ਵੀ ਆਮਦਨ ਅਤੇ ਦੌਲਤ ਦੇ ਅਸਾਵੇਂਪਨ ਨੂੰ ਦਰਸਾਉਂਦੇ ਹਨ। 2015 ਵਿੱਚ ਸਿਹਤ ਸੰਬੰਧੀ ਗ਼ੈਰ-ਬਰਾਬਰੀ ਕਰਕੇ ਭਾਰਤ ਦੇ ਸਿਹਤ ਸੂਚੀ ਮੁੱਲ ਵਿੱਚ 24 ਪ੍ਰਤਿਸ਼ਤ ਦੀ ਹਾਨੀ ਹੋਈ। ਇਹ ਅੰਕੜੇ ਯੂ ਐੱਨ ਡੀ ਪੀ ਵਲੋਂ ਪ੍ਰਦਾਨ ਕੀਤੇ ਗਏ





ਗੈਰ-ਬਰਾਬਰੀ ਅਡਜਸਟਿਡ ਮਨੁੱਖੀ ਵਿਕਾਸ ਸੂਚੀ ਤੋਂ ਲਏ ਗਏ ਹਨ।

ਬੁਨਿਆਦੀ ਮੁੱਢਲੀ ਅਤੇ ਰੋਕਥਾਮ ਵਾਲੀ ਸਿਹਤ ਸੰਭਾਲ ਯਕੀਨੀ ਬਣਾਉਣ ਪ੍ਰਤਿ ਘੱਟ ਰਾਜਨੀਤਕ ਪ੍ਰਤਿਬਧਤਾ ਦਾ ਮਤਲਬ ਹੈ ਕਿ ਸਿੱਖਿਆ ਤੋਂ ਉਲਟ, ਸਾਰਿਆਂ ਲਈ ਸਿਹਤ ਕਦੇ ਵੀ ਚੋਣਾਂ ਦਾ ਮੁੱਦਾ ਨਹੀਂ ਰਿਹਾ, ਭਾਵੇਂ ਕਿ ਚੁਣਾਵੀ ਲਾਭ ਦੀਆਂ ਸੰਭਾਵਨਾਵਾਂ ਸਪੱਸ਼ਟ ਹਨ ਜਿਵੇਂ ਕਿ ਆਂਧਰਾ ਪ੍ਰਦੇਸ਼ ਵਿੱਚ ਹੋਇਆ। ਸਿਹਤ ਖੇਤਰ ਪ੍ਰਤਿ ਆਮ ਰਾਜਨੀਤਕ ਬੇਰੁਖੀ ਘੱਟ ਬਜਟ ਆਵੰਟਨ ਤੋਂ ਵੀ ਸਪੱਸ਼ਟ ਝਲਕਦੀ ਹੈ ਜਿਸ ਲਈ ਜਨਤਕ ਖਰਚ, ਸ਼ਾਨਦਾਰ ਆਰਥਿਕ ਤਰੱਕੀ ਦੇ ਬਾਵਜੂਦ, ਪਿਛਲੇ ਦਹਾਕੇ ਦੌਰਾਨ ਕੁੱਲ ਘਰੇਲੂ ਉਤਪਾਦ ਦਾ 1.5 ਪ੍ਰਤਿਸ਼ਤ ਤੋਂ ਵੱਧ ਨਹੀਂ ਰਿਹਾ। ਇਸ ਦਾ ਮਤਲਬ ਹੈ ਕਿ 75 ਪ੍ਰਤਿਸ਼ਤ ਸਿਹਤ ਸੰਭਾਲ ਲਾਗਤਾਂ ਆਪਣੀਆਂ ਜੇਬਾਂ ਵਿੱਚੋਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਘਾਤਕ ਸਿਹਤ ਖਰਚੇ ਵੱਡੀ ਗਿਣਤੀ ਲੋਕਾਂ ਨੂੰ ਲਗਾਤਾਰ ਗਰੀਬੀ ਤੋਂ ਹੇਠਾਂ ਧੱਕ ਰਹੇ ਹਨ।

## ਭਾਰਤ ਵਿੱਚ ਸਿਹਤ ਬੀਮਾ

ਬ੍ਰਾਜ਼ੀਲ, ਬੋਲੀਵੀਆ, ਇੰਡੋਨੇਸ਼ੀਆ ਅਤੇ ਥਾਈਲੈਂਡ ਵਰਗੇ ਦੇਸ਼, ਜਿਨ੍ਹਾਂ ਨੂੰ ਪਹਿਲੋਂ ਵੱਡੀ ਗੈਰ-ਬਰਾਬਰੀ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਪ੍ਰਤਿ ਅਸਮਤਲ ਪਹੁੰਚ ਵਾਲੇ ਦੇਸ਼ਾਂ ਵਜੋਂ ਜਾਣਿਆ ਜਾਂਦਾ ਸੀ, ਵਲੋਂ ਇਕਸਮਾਨ ਸਿਹਤ ਸੰਭਾਲ ਲਾਗੂ ਕਰਨ ਲਈ 1980 ਵਿੱਚ ਨੀਤੀਗਤ ਸੁਧਾਰ ਕੀਤੇ ਗਏ। ਥਾਈਲੈਂਡ ਦੀ 30 ਬਾਹਟ ਸਕੀਮ, ਇੰਡੋਨੇਸ਼ੀਆ ਦੇ ਵਿਕੇਂਦਰੀਕਰਨ ਸੁਧਾਰ ਅਤੇ ਸਿਹਤ ਬੀਮਾ ਅਤੇ ਬ੍ਰਾਜ਼ੀਲ ਦੀ ਏਕੀਕ੍ਰਿਤ ਸਿਹਤ ਪ੍ਰਣਾਲੀ ਇਸ ਗੱਲ ਦੀਆਂ ਮਿਸਾਲਾਂ ਹਨ ਕਿ ਇਨ੍ਹਾਂ ਦੇਸ਼ਾਂ ਨੇ ਕਿਵੇਂ ਸਾਰੀ ਜਨਸੰਖਿਆ ਦੀਆਂ ਮੁੱਢਲੀਆਂ ਸਿਹਤ ਲੋੜਾਂ ਨੂੰ ਪੂਰਾ ਕੀਤਾ ਹੈ ਇਨ੍ਹਾਂ ਦੇਸ਼ਾਂ ਦੀਆਂ ਮਿਸਾਲਾਂ ਇਸ਼ਾਰਾ ਕਰਦੀਆਂ ਹਨ ਕਿ ਸਾਰਿਆਂ ਲਈ ਸਿਹਤ ਸੇਵਾਵਾਂ ਯਕੀਨੀ ਬਣਾਉਣ ਵਾਸਤੇ ਮੁੱਢਲੀ ਸਿਹਤ ਸੰਭਾਲ ਨੂੰ ਮਜਬੂਤ ਕਰਨਾ ਪਹਿਲੀ ਸ਼ਰਤ ਅਤੇ ਜ਼ਰੂਰਤ ਹੈ।

ਭਾਰਤ ਵਿੱਚ ਸਿਹਤ ਬੀਮਾ ਰੋਜ਼ਗਾਰ ਰਾਜ ਬੀਮਾ ਯੋਜਨਾ (ਈ ਐੱਸ ਆਈ ਐੱਸ) ਅਤੇ ਕੇਂਦਰ ਸਰਕਾਰ ਸਿਹਤ ਯੋਜਨਾ (ਸੀ ਜੀ ਐੱਚ ਐੱਸ) ਨਾਲ ਸ਼ੁਰੂ ਹੋਇਆ ਜੋ ਸਰਕਾਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਆਸ਼ਰਤਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਦਾ ਹੈ। ਇਨ੍ਹਾਂ ਸਕੀਮਾਂ ਅਧੀਨ ਉੱਚ ਪੱਧਰੀ ਸੈਕੰਡਰੀ ਅਤੇ ਤੀਸਰੇ ਦਰਜੇ ਦੀ ਸਾਂਭ ਸੰਭਾਲ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਦੇ ਦਾਇਰੇ ਵਿੱਚ ਜਨਤਕ ਖੇਤਰ ਦੇ ਅਦਾਰਿਆਂ ਦੀ 10 ਪ੍ਰਤਿਸ਼ਤ ਤੋਂ ਵੀ ਘੱਟ ਕੰਮਕਾਜੀ ਵਸੋਂ ਆਉਂਦੀ ਹੈ।

2005 ਵਿੱਚ ਸ਼ਰਤਾਂ ਸਹਿਤ ਨਕਦ ਤਬਦੀਲੀ ਦੀ 'ਜਨਨੀ ਸੁਰੱਖਿਆ ਯੋਜਨਾ' ਸ਼ੁਰੂ ਕੀਤੀ ਗਈ ਸੀ ਤਾਂ ਕਿ ਪੇਂਡੂ ਖੇਤਰਾਂ ਦੀਆਂ ਗਰੀਬ ਔਰਤਾਂ ਨੂੰ ਹਸਪਤਾਲਾਂ ਵਿੱਚ ਜਣੇਪਾ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਇਸ ਸਕੀਮ ਨਾਲ ਹਸਪਤਾਲਾਂ ਅੰਦਰ ਜਣੇਪਾ ਕਰਵਾਉਣ ਵਿੱਚ ਕਾਫੀ ਸੁਧਾਰ ਆਇਆ, ਖ਼ਾਸ ਕਰਕੇ ਗਰੀਬ ਰਾਜਾਂ ਅੰਦਰ, ਭਾਵੇਂ ਕਿ ਇਸ ਨਾਲ ਮਾਤਾਵਾਂ ਦੀ ਮੌਤ ਦਰ ਵਿੱਚ ਕੋਈ ਬਹੁਤਾ ਫਰਕ ਨਹੀਂ ਪਿਆ।

ਰਾਸ਼ਟਰੀ ਸਿਹਤ ਬੀਮਾ ਯੋਜਨਾ (ਆਰ ਐੱਸ ਬੀ ਵਾਈ) 2008 ਵਿੱਚ ਸ਼ੁਰੂ ਕੀਤੀ ਗਈ ਸੀ ਤਾਂ ਕਿ ਕਮਜ਼ੋਰ ਸਮੂਹਾਂ ਨੂੰ ਵਿੱਤੋਂ ਬਾਹਰੇ ਸਿਹਤ ਸੰਬੰਧੀ ਖਰਚਿਆਂ ਤੋਂ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਵਿਅਕਤੀਆਂ ਲਈ ਵਧੀਆ ਸਿਹਤ ਸਹੂਲਤਾਂ ਯਕੀਨੀ ਬਣਾਈਆਂ ਜਾ ਸਕਣ। ਭਾਵੇਂ ਕਿ ਸ਼ੁਰੂਆਤ ਵਿੱਚ ਇਸ ਸਕੀਮ ਦੇ ਦਾਇਰੇ ਹੇਠ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰ ਹੀ ਆਉਂਦੇ ਸਨ, ਪਰ ਬਾਅਦ ਵਿੱਚ ਇਸ ਨੂੰ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਕਮਜ਼ੋਰ ਵਰਗਾਂ ਤੱਕ ਵੀ ਵਧਾ ਦਿੱਤਾ ਗਿਆ, ਜਿਵੇਂ ਕਿ ਰਿਕਸ਼ਾ ਚਾਲਕ ਅਤੇ ਕੂੜਾ ਚੁਗਣ ਵਾਲੇ। ਇਸ ਸਕੀਮ ਅਧੀਨ ਹਸਪਤਾਲ ਦਾਖਲ ਹੋਣ ਦੀ ਹਾਲਤ ਵਿੱਚ 30,000 ਰੁਪਏ ਦਾ ਬੀਮਾ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਲਈ ਲਾਭਪਾਤਰੀ ਪਰਿਵਾਰ ਕੋਲੋਂ ਪੰਜੀਕਰਨ ਲਈ ਸਾਲਾਨਾ 30 ਰੁਪਏ ਫੀਸ ਵਸੂਲ ਕੀਤੀ ਜਾਂਦੀ ਹੈ। ਹਾਲ ਹੀ ਵਿੱਚ ਬੀਮੇ ਦੀ ਸੀਮਾ ਨੂੰ ਵਧਾ ਕੇ 1 ਲੱਖ ਰੁਪਏ ਕਰ ਦਿੱਤਾ ਗਿਆ ਹੈ। ਮਾਰਚ 2016 ਦੇ ਅਖੀਰ ਤੱਕ ਯੋਗ 72.8 ਮਿਲੀਅਨ ਪਰਿਵਾਰਾਂ ਵਿੱਚੋਂ 41.3 ਮਿਲੀਅਨ ਪਰਿਵਾਰ ਆਰ ਐੱਸ ਬੀ ਵਾਈ ਸਕੀਮ ਦੇ ਦਾਇਰੇ ਹੇਠ ਆ ਚੁੱਕੇ ਸਨ। ਪਰ ਹਸਪਤਾਲ ਦਾਖਲ ਹੋਣ ਦੇ ਕੁੱਲ ਮਾਮਲੇ ਸਿਰਫ 11.8 ਮਿਲੀਅਨ ਹੀ ਸਨ ਜਿਸ ਤੋਂ ਇਸ ਸਕੀਮ ਦਾ ਪੂਰਾ ਲਾਭ ਨਾ ਲਏ ਜਾਣ ਦਾ ਪਤਾ ਲਗਦਾ ਹੈ। ਜ਼ਮੀਨੀ ਪੱਧਰ ਤੋਂ ਹਾਸਲ ਸਬੂਤ ਕਹਿੰਦੇ ਹਨ ਕਿ ਸਿਹਤ ਖਰਚੇ ਉਤੇ ਵਿੱਤੀ ਬੋਝ ਘੱਟ ਕਰਨ ਦਾ ਆਰ ਐੱਸ ਬੀ ਵਾਈ ਦਾ ਇੱਛਤ ਨਤੀਜਾ ਹੋ ਸਕਦਾ ਹੈ ਨਾ ਪੂਰਾ ਹੋਇਆ ਹੋਵੇ ਅਤੇ ਜੇਬੋਂ ਬਾਹਰੇ ਖਰਚੇ ਵੀ ਨਾ ਘਟੇ ਹੋਣ।




ਇਸ ਦਾ ਕਾਰਨ ਦਵਾਈਆਂ ਅਤੇ ਜਾਂਚ ਅਤੇ ਦੂਸਰੀਆ ਸੇਵਾਵਾਂ ਲਈ ਮਰੀਜ਼ ਵਲੋਂ ਕੀਤਾ ਭੁਗਤਾਨ ਹੈ ਜੋ ਆਰ ਐੱਸ ਬੀ ਵਾਈ ਸਕੀਮ ਦੇ ਦਾਇਰੇ ਹੇਠ ਨਹੀਂ ਆਉਂਦਾ ਵਾਧੂ ਆਵਾਜਾਈ ਖਰਚੇ ਵੀ ਇਸ ਦਾ ਇਕ ਕਾਰਨ ਹਨ। ਆਰ ਐੱਸ ਬੀ ਵਾਈ ਸਕੀਮ ਦੀ ਕਾਰਗੁਜ਼ਾਰੀ ਕੇਰਲ ਵਰਗੇ ਰਾਜਾਂ ਵਿੱਚ ਬੇਹਤਰ ਹੈ ਜਿਥੇ ਵਧੀਆ ਸਿਹਤ ਸੰਭਾਲ ਬੁਨਿਆਦੀ ਢਾਂਚਾ ਖੜ੍ਹਾ ਕੀਤਾ ਗਿਆ ਹੈ।

ਘੱਟੋ-ਘੱਟ ਅੱਠ ਰਾਜ ਸਰਕਾਰਾਂ ਸਿਹਤ ਬੀਮਾ ਯੋਜਨਾਵਾਂ ਚਲਾ ਰਹੀਆਂ ਹਨ, ਇਨ੍ਹਾਂ ਵਿੱਚ ਵਾਜਪਾਈ ਅਰੋਗਿਆਸ਼੍ਰੀ ਸਕੀਮ (ਵੀ ਏ ਐੱਸ) ਜੋ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਲਈ ਹੈ ਅਤੇ ਯਸ਼ਸਵਿਨੀ ਸਹਿਕਾਰਤਾ ਕਿਸਾਨ ਸਿਹਤ ਸੰਭਾਲ ਸਕੀਮ ਪ੍ਰਮੁੱਖ ਹਨ ਜੋ ਕਰਨਾਟਕ ਵਿੱਚ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਆਂਧਰ ਪ੍ਰਦੇਸ਼ (ਤਿਲੰਗਾਨਾ ਸਮੇਤ) ਵਿੱਚ ਰਾਜੀਵ ਗਾਂਧੀ ਅਰੋਗਿਆਸ਼੍ਰੀ ਸਕੀਮ (ਆਰ ਏ ਐੱਸ) ਅਤੇ ਤਾਮਿਲਨਾਡੂ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਸਕੀਮ ਵੀ ਚਲਾਈ ਜਾ ਰਹੀ ਹੈ। ਮਹਾਰਾਸ਼ਟਰ ਵਿੱਚ ਰਾਜੀਵ ਗਾਂਧੀ ਅਰੋਗਿਆ ਯੋਜਨਾ, ਗੁਜਰਾਤ ਵਿੱਚ ਮੁੱਖ ਮੰਤਰੀ ਅਗਰੁਤਮ ਯੋਜਨਾ ਅਤੇ ਛੱਤੀਸਗੜ੍ਹ ਵਿੱਚ ਸੰਜੀਵਨੀ ਕੋਸ਼ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਵਿੱਚੋਂ ਆਂਧਰ ਪ੍ਰਦੇਸ਼ ਦੀ ਆਰ ਏ ਐੱਸ ਯੋਜਨਾ ਸਭਨਾਂ ਲਈ ਸਿਹਤ ਸੰਭਾਲ ਦੇ ਟੀਚੇ ਸਭ ਤੋਂ ਨੇੜੇ ਹੈ ਜਿਸ ਦੇ ਦਾਇਰੇ ਹੇਠ 85 ਪ੍ਰਤਿਸ਼ਤ ਵਸੋਂ ਆਉਂਦੀ ਹੈ। ਪਰ, ਇਸ ਦੀ ਬਣਤਰ ਸੈਕੰਡਰੀ ਅਤੇ ਤੀਜੇ ਦਰਜੇ ਦੀ ਸਿਹਤ ਸੰਭਾਲ ਪੱਖੀ ਹੋਣ ਕਾਰਨ ਲਗਭਗ ਅਧਿਉ ਵੱਧ ਭੁਗਤਾਨ ਦਿਲ, ਕੈਂਸਰ ਅਤੇ ਗੁਰਦਾ ਫੇਲ੍ਹ ਹੋਣ ਦੇ ਮਾਮਲਿਆਂ ਲਈ ਕੀਤਾ ਗਿਆ ਜਦ ਕਿ ਸਭ ਤੋਂ ਗਰੀਬ 40 ਪ੍ਰਤਿਸ਼ਤ ਵਸੋਂ ਲਈ ਸੁਲਗਦੇ ਹੋਏ ਮੁੱਦੇ ਸਮੇਂ ਤੋਂ ਪਹਿਲਾਂ ਮੌਤ ਅਤੇ ਹੇਠਲੀ ਸਾਹ ਪ੍ਰਣਾਲੀ ਦੇ ਸੰਕ੍ਰਮਣ ਕਾਰਨ ਹੋਣ ਵਾਲੀ ਅੰਗਹੀਣਤਾ, ਦਸਤਾਂ ਦੇ ਮਾਮਲੇ, ਤਪਦਿਕ ਅਤੇ ਦਿਲ ਦੇ ਰੋਗਾਂ ਦੇ ਹਨ ਜਿਨ੍ਹਾਂ ਨੂੰ ਸਭ ਤੋਂ ਵੱਧ ਧਿਆਨ ਦੀ ਜ਼ਰੂਰਤ ਹੈ ਅਤੇ ਜਿਨ੍ਹਾਂ ਦਾ ਇਲਾਜ ਅਸਲ ਵਿੱਚ ਮੁੱਢਲੇ ਪੱਧਰ ਉਤੇ ਕੀਤਾ ਜਾ ਸਕਦਾ ਹੈ। ਕੁੱਲ ਮਿਲਾ ਕੇ 2015 ਤੱਕ, 280 ਮਿਲੀਅਨ ਤੋਂ ਵੱਧ ਜਾਂ ਇਕ ਚੁਥਾਈ ਜਨਸੰਖਿਆ ਲਈ ਕਿਸੇ ਨਾ ਕਿਸੇ ਪ੍ਰਕਾਰ ਦੀ ਸਿਹਤ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਹ ਸਰਕਾਰ ਦੇ ਬੀਮਾ ਯੋਜਨਾਵਾਂ ਰਾਹੀਂ ਪ੍ਰਦਾਨ ਕੀਤੇ ਜਾ ਰਹੇ ਹਨ, ਜਿਵੇਂ ਸੀ ਜੀ ਐੱਚ ਐੱਸ, ਈ ਐੱਸ ਆਈ ਐੱਸ, ਰਾਜ ਵਿਸ਼ੇਸ਼ ਬੀਮਾ ਯੋਜਨਾਵਾਂ ਅਤੇ ਆਰ ਐੱਸ ਬੀ ਵਾਈ ਪਰ ਮੇਘਾਲਿਆ ਨੂੰ ਛੱਡ ਕੇ, ਕੇਂਦਰ ਅਤੇ ਰਾਜਾਂ ਦੀਆਂ ਯੋਜਨਾਵਾਂ ਦੇ ਦਾਇਰੇ ਹੇਠ ਮੁੱਢਲੀ ਸੰਭਾਲ ਨਹੀਂ ਆਉਂਦੀ, ਸਿਰਫ ਸੀਮਤ ਜਿਹਾ ਦਾਇਰਾ ਹੀ ਹੈ। ਇਨ੍ਹਾਂ ਸਾਰੀਆਂ ਸਕੀਮਾਂ ਦਾ ਕੇਂਦਰ ਬਿੰਦੂ ਸੈਕੰਡਰੀ ਸਹਾਇਕ ਸਿਹਤ ਸੰਭਾਲ ਹੀ ਹੈ।

## ਅਗਾਂਹ ਦਾ ਰਸਤਾ

ਭਾਰਤ ਦੀ 2017 ਦੀ ਨਵੀਂ ਸਿਹਤ ਨੀਤੀ ਵਿੱਚ ਵਿਆਪਕ ਮੁੱਢਲੀ ਸਿਹਤ ਸੰਭਾਲ ਪ੍ਰਤਿ ਸਰਕਾਰੀ ਨੀਤੀਆਂ ਵਿੱਚ ਮਿਸਾਲੀ ਬਦਲਾਅ ਨਜ਼ਰ ਆ ਰਿਹਾ ਹੈ ਅਤੇ ਇਹ ਦੋ ਕਾਰਨਾਂ ਕਰਕੇ ਅਹਿਮ ਹੈ: ਪਹਿਲਾ, ਇਸ ਵਿੱਚ ਸਿਹਤ ਨੂੰ ਬਿਮਾਰੀ ਦੀ ਅਣਹੋਂਦ ਦੀ ਬਜਾਇ ਤੰਦਰੁਸਤੀ ਦੇ ਸ਼ਬਦਾਂ ਵਿੱਚ ਵਿਆਖਿਆਤ ਕੀਤਾ ਗਿਆ ਹੈ ਅਤੇ ਦੂਜਾ, ਇਸ ਨਾਲ ਮੁਢਲੀ ਸੰਭਾਲ ਤੇ ਮੁੜ ਤੋਂ ਧਿਆਨ ਕੇਂਦਰਿਤ ਹੋਇਆ ਹੈ ਜਿਸ ਵਿੱਚ ਜਨਤਕ ਖੇਤਰ ਨੂੰ ਅਹਿਮ ਭੂਮਿਕਾ ਦਿੱਤੀ ਗਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਭਾਵੇਂ ਇਸ ਨੇ ਕੁੱਲ ਘਰੇਲੂ ਉਤਪਾਦ ਦੇ 2.5 ਪ੍ਰਤਿਸ਼ਤ ਖਰਚੇ ਦੇ ਟੀਚੇ ਨੂੰ 2025 ਤੱਕ ਪਿੱਛੇ ਧੱਕ ਦਿੱਤਾ ਹੈ, ਜਦ ਕਿ ਸਿਹਤ ਖੇਤਰ ਤੋਂ ਉਮੀਦਾਂ ਲਗਾਤਾਰ ਵਧ ਰਹੀਆਂ ਹਨ। ਜਨਤਕ-ਨਿੱਜੀ ਭਾਈਵਾਲੀਆਂ ਨੂੰ ਵਿੱਤੀ ਸੰਕਟ ਵਿੱਚੋਂ ਬਾਹਰ ਦੇ ਇਕ ਰਸਤੇ ਵਜੋਂ ਵੇਖਿਆ ਜਾ ਰਿਹਾ ਹੈ। ਪਰ ਇਸ ਸੰਬੰਧੀ ਸਬੂਤ ਜ਼ਿਆਦਾ ਹੌਸਲਾ ਅਫਜ਼ਾਈ ਕਰਨ ਵਾਲੇ ਨਹੀਂ ਅਤੇ ਇਸ਼ਾਰਾ ਕਰਦੇ ਹਨ ਕਿ ਜੇ ਇਨ੍ਹਾਂ ਸਕੀਮਾਂ ਦੀ ਰੂਪ-ਰੇਖਾ ਧਿਆਨ ਨਾਲ ਨਾ ਬਣਾਈ ਗਈ ਤਾਂ ਇਸ ਨਾਲ ਉਦਾਰਵਾਦੀ ਜਨਤਕ ਸਬਸਿਡੀਆਂ ਦੀ ਕੀਮਤ ਤੋਂ ਨਿੱਜੀ ਖੇਤਰ ਚੋਖਾ ਲਾਭ ਲੈ ਜਾਵੇਗਾ।

**ਅੰਤਰਰਾਸ਼ਟਰੀ ਅਨੁਭਵ ਸਾਫ ਦਰਸਾਉਂਦੇ ਹਨ ਕਿ ਸਿਹਤ ਬੀਮਾ ਤਾਂ ਹੀ ਸਹੀ ਤਰੀਕੇ ਨਾਲ ਕੰਮ ਕਰਦਾ ਹੈ ਜੇ ਸਿਹਤ ਸੰਬੰਧੀ ਮੁੱਢਲਾ ਬੁਨਿਆਦੀ ਢਾਂਚਾ ਮੌਜੂਦ ਹੋਵੇ। ਇਹ ਅਜਿਹਾ ਕੰਮ ਹੈ ਜੋ ਸਿਰਫ ਸਰਕਾਰ ਹੀ ਕਰ ਸਕਦੀ ਹੈ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜੇ ਸਾਰਿਆਂ ਲਈ ਸਿਹਤ ਨੂੰ ਹਕੀਕਤ ਵਿੱਚ ਬਦਲਣਾ ਹੈ ਤਾਂ ਸਰਕਾਰ ਨੂੰ ਸਿਹਤ ਖੇਤਰ ਲਈ ਜ਼ਰੂਰੀ ਫੰਡ ਜੁਟਾਉਣੇ ਪੈਣਗੇ ਅਤੇ ਇਸ ਦੇ ਨਾਲ ਹੀ ਵਧੇਰੇ ਕੁਸ਼ਲਤਾ ਯਕੀਨੀ ਬਣਾਉਣ ਲਈ ਇਸ ਖੇਤਰ ਵਿੱਚ ਸੁਧਾਰ ਕਰਨੇ ਪੈਣਗੇ।**

ਰਾਓ (2017) ਇਸ ਸੰਬੰਧੀ ਵਿਚਾਰ ਦਿੰਦੇ ਹਨ ਕਿ ਇਸ ਉਦੇਸ਼ ਲਈ ਕਿੰਨੇ ਧਨ ਦੀ ਜ਼ਰੂਰਤ ਹੈ। ਉਨ੍ਹਾਂ ਦੇ ਅਨੁਮਾਨਾਂ ਅਨੁਸਾਰ ਡਲਿਵਰੀ ਪ੍ਰਣਾਲੀ ਨੂੰ ਮਜਬੂਤ ਕਰਨ ਲਈ ਕੁੱਲ ਘਰੇਲੂ ਉਤਪਾਦ ਦੇ 1 ਤੋਂ 1.5 ਪ੍ਰਤਿਸ਼ਤ

*ਬਾਕੀ ਸਫ਼ਾ 22 ਉੱਤੇ*

# ਦਿਵਿਆਂਗਾਂ ਦਾ ਸ਼ਕਤੀਕਰਨ

✍ ਸੰਧਿਆ ਲਿਮਏ

ਭਾਰਤ ਵਿੱਚ ਪਰਿਵਾਰ ਰਵਾਇਤੀ ਤੌਰ ਤੇ ਗ਼ੈਰ-ਰਸਮੀ ਸਮਾਜਿਕ ਸੁਰੱਖਿਆ ਦੀ ਪ੍ਰਣਾਲੀ ਰਿਹਾ ਹੈ। ਸਾਂਝੇ ਪਰਿਵਾਰਾਂ ਦੀ ਇਕ ਪ੍ਰਣਾਲੀ ਸੀ ਜਿਸ ਵਿੱਚ ਪਰਿਵਾਰਕ ਮੈਂਬਰ ਇਕੱਠੇ ਰਹਿੰਦੇ ਹਨ ਅਤੇ ਜ਼ਰੂਰਤਮੰਦ ਦੀ ਜ਼ਿੰਮੇਵਾਰੀ ਚੁੱਕਦੇ ਹਨ। ਉਦਯੋਗਿਕ ਕ੍ਰਾਂਤੀ, ਆਧੁਨਿਕੀਕਰਨ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਅਤੇ ਸ਼ਹਿਰਾਂ ਵਿੱਚ ਨੌਕਰੀ ਦੇ ਮੌਕਿਆਂ ਕਰਕੇ ਸਾਂਝੇ ਪਰਿਵਾਰਾਂ ਦੀ ਪ੍ਰਣਾਲੀ ਟੁੱਟ ਗਈ ਅਤੇ ਸਮਾਜਿਕ ਸੁਰੱਖਿਆ ਦਾ ਸੰਸਥਾਨ ਅਸਤ ਵਿਅਸਤ ਹੋ ਗਿਆ। ਇਸ ਕਰਕੇ ਸਰਕਾਰ ਨੂੰ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਕਦਮ ਚੁੱਕਣੇ ਪਏ।

ਸਮਾਜਿਕ ਸੁਰੱਖਿਆ ਸਰਕਾਰ ਦੀ ਕਾਰਜ ਯੋਜਨਾ ਹੈ ਜਿਸ ਨੂੰ ਜਨਸੰਖਿਆ ਦੀ ਭਲਾਈ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ। ਇਸ ਪ੍ਰਕਾਰ, ਸਮਾਜਿਕ ਸੁਰੱਖਿਆ ਦਾ ਉਦੇਸ਼ ਕਮਜ਼ੋਰ ਲੋਕਾਂ ਜਿਵੇਂ ਬੱਚਿਆਂ, ਬਜ਼ੁਰਗਾਂ ਅਤੇ ਅੰਗਹੀਣ ਲੋਕਾਂ ਨੂੰ ਵੱਖ-ਵੱਖ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਨਾ ਹੈ ਤਾਂ ਕਿ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋ ਸਕੇ। ਭਾਰਤ ਵਿੱਚ ਸਮਾਜਿਕ ਸੁਰੱਖਿਆ ਨੂੰ ਸਮਾਜਿਕ ਬੀਮਾ, ਰਾਸ਼ਟਰੀ ਭਵਿੱਖ ਨਿਧੀ, ਸਮਾਜਿਕ ਸਹਾਇਤਾ, ਮਾਲਕਾਂ ਦੀ ਜ਼ਿੰਮੇਵਾਰੀ ਦੀ ਸਕੀਮ, ਸਮਾਜਿਕ ਸੁਰੱਖਿਆ ਲਈ ਇਕਸਮਾਨ ਸਕੀਮ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ (ਮਾਰੂਥੀ ਅਤੇ ਮੁਸਤਿਆਰੀ ਬੇਗਮ, 2011)।

ਭਾਰਤ ਦੇ ਸੰਵਿਧਾਨ ਦਾ ਆਰਟੀਕਲ 43 ਇਸ ਦੇਸ਼ ਦੇ ਨਾਗਰਿਕਾਂ ਨੂੰ ਸਰਕਾਰ ਵਲੋਂ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਨੂੰ ਬਿਆਨ ਕਰਦਾ ਹੈ। ਆਰਟੀਕਲ 14 (ਸੱਤਵਾਂ ਸ਼ਡਿਊਲ) ਜ਼ਾਮਨੀ ਦਿੰਦਾ ਹੈ ਕਿ ਕਾਨੂੰਨ ਦੇ ਸਾਹਮਣੇ ਸਾਰੇ ਵਿਅਕਤੀ ਬਰਾਬਰ ਹੋਣਗੇ। ਸਰਕਾਰ ਨੂੰ ਅੰਗਹੀਣਾਂ ਅਤੇ ਬੇਰੋਜ਼ਗਾਰਾਂ ਨੂੰ ਮੁਆਵਜ਼ਾ ਪ੍ਰਦਾਨ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ। ਆਰਟੀਕਲ 41 ਵਿਆਖਿਆ ਕਰਦਾ ਹੈ ਕਿ ਸਰਕਾਰ ਆਪਣੀ ਆਰਥਿਕ ਸਮਰੱਥਾ ਅਤੇ ਵਿਕਾਸ ਦੀਆਂ ਸੀਮਾਵਾਂ ਦੇ ਅੰਦਰ ਰਹਿ ਕੇ, ਕੰਮ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਅਤੇ ਬੇਰੋਜ਼ਗਾਰੀ ਮਾਮਲਿਆਂ ਵਿੱਚ ਜਨਤਕ ਸਹਾਇਤਾ, ਬੁਢਾਪਾ, ਬਿਮਾਰੀ ਅਤੇ ਅੰਗਹੀਣਤਾ ਤੋਂ ਸੁਰੱਖਿਆ ਦੇਣ ਲਈ ਪ੍ਰਭਾਵੀ ਇੰਤਜ਼ਾਮ ਕਰੇਗੀ (ਸ਼ੰਕਰ, 2006)। ਇਸ ਐਕਟ (ਅੰਗਹੀਣਤਾ ਵਾਲੇ ਵਿਅਕਤੀਆਂ ਦਾ ਐਕਟ, 1995 ਅਤੇ ਅਪੰਗਤਾ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਐਕਟ, 2016) ਵਿੱਚ ਰੋਕਥਾਮ ਵਾਲੇ ਸਮਾਜਿਕ ਸੁਰੱਖਿਆ ਉਪਾਵਾਂ ਦਾ ਪ੍ਰਾਵਧਾਨ ਹੈ ਜਿਵੇਂ ਕਿ ਜਨਮ ਤੋਂ ਪਹਿਲਾਂ ਅਤੇ ਬਾਅਦ ਮਾਂ ਅਤੇ ਬੱਚੇ ਦੀ ਸੰਭਾਲ, ਇਸ ਵਿੱਚ ਸਮਾਜਿਕ ਸੁਰੱਖਿਆ ਦੇ ਪ੍ਰਾਵਧਾਨਾਂ ਜਿਵੇਂ ਕਿ ਬੇਰੋਜ਼ਗਾਰੀ ਭੱਤਾ ਅਤੇ ਬੀਮਾ ਦਾ ਜ਼ਿਕਰ ਹੈ, ਇਹ ਐਕਟ ਅੰਗਹੀਣ ਵਿਅਕਤੀਆਂ ਦੇ ਹੱਕਾਂ ਲਈ ਮਦਦ ਪ੍ਰਦਾਨ ਕਰਦਾ ਹੈ ਜਿਸ ਵਿੱਚ ਅੰਗਹੀਣਤਾ ਦਾ ਸ਼ਿਕਾਰ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ ਤਾਂ ਕਿ ਆਜ਼ਾਦ ਜ਼ਿੰਦਗੀ ਜੀਅ ਸਕਣ ਅਤੇ ਉਨ੍ਹਾਂ ਦੀ ਹਰ ਪ੍ਰਕਾਰ ਦੀ ਹਿੰਸਾ ਆਦਿ ਤੋਂ ਰੱਖਿਆ ਕੀਤੀ ਜਾ ਸਕੇ।



## ਸਮਾਜਿਕ ਸੁਰੱਖਿਆ ਸਕੀਮ

ਅੰਗਹੀਣ ਵਿਅਕਤੀਆਂ ਲਈ ਹਰੇਕ ਰਾਜ ਸਰਕਾਰ ਕੋਲ ਸਮਾਜਕਿ ਸੁਰੱਖਿਆ ਸਕੀਮ ਹੁੰਦੀ ਹੈ ਜੋ ਗਰੀਬ ਹਨ ਜਾਂ ਆਪਣਾ ਗੁਜ਼ਾਰਾ ਕਰਨ ਤੋਂ ਅਸਮਰੱਥ ਹਨ, ਸਰਕਾਰ ਸੰਬੰਧਿਤ ਰਾਜਾਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਪ੍ਰਾਰਥੀ ਦੀ ਸਾਲਾਨਾ ਆਮਦਨ ਦੇ ਹਿਸਾਬ ਨਾਲ ਮਾਸਿਕ ਗੁਜ਼ਾਰਾ ਭੱਤਾ ਪ੍ਰਦਾਨ ਕਰਦੀ ਹੈ। ਸਮਾਜਿਕ ਸੁਰੱਖਿਆ ਸਕੀਮ ਤਹਿਤ ਅਨੇਕ ਪ੍ਰੋਗਰਾਮ/ਯੋਜਨਾਵਾਂ ਚੱਲ ਰਹੀਆਂ ਹਨ ਜਿਵੇਂ ਕਿ ਇੰਦਰਾ ਗਾਂਧੀ ਰਾਸ਼ਟਰੀ ਅੰਗਹੀਣਤਾ ਪੈਨਸ਼ਨ ਸਕੀਮ, ਅੰਗਹੀਣ ਵਿਅਕਤੀਆਂ ਦੇ ਸ਼ਕਤੀਕਰਨ ਲਈ ਰਾਸ਼ਟਰੀ ਇਨਾਮਾਂ ਦੀ ਸਕੀਮ, ਅੰਗਹੀਣ ਵਿਦਿਆਰਥੀਆਂ ਲਈ ਵਜ਼ੀਫਾ ਸਕੀਮ, ਮੁੱਖ ਮੰਤਰੀ ਨਿਸ਼ਕਤੀਕਰਨ ਸਿੱਖਿਆ ਯੋਜਨਾ, ਉਪਕਰਨ ਖਰੀਦਣ ਲਈ ਸਹਾਇਤਾ ਅਤੇ ਨੌਕਰੀਆਂ ਵਿੱਚ ਰਾਖਵਾਂਕਰਨ।

- ਰੋਕਥਾਮ ਵਾਲੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਸਮਾਜਿਕ ਸਹਾਇਤਾ ਦੀਆਂ ਉਹ ਯੋਜਨਾਵਾਂ ਹਨ ਜਿਨ੍ਹਾਂ ਦਾ ਮਕਸਦ ਸਿਹਤ ਸੰਭਾਲ, ਬਿਮਾਰੀਆਂ ਲਈ ਟੀਕਾਕਰਨ, ਬੱਚਿਆਂ ਅਤੇ ਮਾਵਾਂ ਲਈ ਜਨਮ ਤੋਂ ਪਹਿਲਾਂ ਅਤੇ ਬਾਅਦ ਖ਼ਤਰੇ ਦੀ ਰੋਕਥਾਮ ਕਰਨਾ ਹੁੰਦਾ ਹੈ।




• ਪ੍ਰੋਤਸਾਹਨ ਵਾਲੀਆਂ ਸਮਾਜਿਕ ਸੁਰੱਖਿਆ ਸਕੀਮਾਂ ਅੰਗਹੀਣ ਲੋਕਾਂ ਨੂੰ ਮਦਦ ਪ੍ਰਦਾਨ ਕਰ ਰਹੀਆਂ ਹਨ। ਇਸ ਤਹਿਤ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਵਲੋਂ ਸਿਹਤ, ਸਿੱਖਿਆ, ਪੁਨਰਵਾਸ ਸੇਵਾਵਾਂ ਅਤੇ ਰਾਖਵਾਂਕਰਨ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਪ੍ਰੋਗਰਾਮ ਚਲਾਏ ਜਾਂਦੇ ਹਨ ਤਾਂ ਕਿ ਅੰਗਹੀਣ ਵਿਅਕਤੀ ਸਮਾਜਿਕ ਅਤੇ ਆਰਥਿਕ ਗਤੀਵਿਧੀਆਂ ਵਿੱਚ ਭਾਗ ਲੈਣ ਦੇ ਸਮਰੱਥ ਹੋ ਸਕਣ।

## ਟੈਕਸ

ਅੰਗਹੀਣਤਾ ਵਾਲੇ ਵਿਅਕਤੀ ਸੈਕਸ਼ਨ 80 ਯੂ ਤਹਿਤ ਪੇਸ਼ੇਵਰ ਟੈਕਸ ਅਤੇ ਆਮਦਨ ਕਰ ਛੋਟ ਦੇ ਹੱਕਦਾਰ ਹਨ ਅਤੇ ਅੰਗਹੀਣ ਵਿਅਕਤੀਆਂ ਦੇ ਕਾਨੂੰਨੀ ਵਾਰਸ ਸੈਕਸ਼ਨ 80 ਡੀ ਡੀ ਅਧੀਨ ਆਮਦਨ ਕਰ ਛੋਟ ਦੇ ਹੱਕਦਾਰ ਹਨ। ਛੋਟ ਵਿਅਕਤੀ ਦੀ ਅੰਗਹੀਣਤਾ ਦੇ ਪੱਧਰ ਉਤੇ ਅਧਾਰਤ ਹੁੰਦੀ ਹੈ।

## ਸਿੱਖਿਆ

• ਅੰਗਹੀਣਤਾ ਵਾਲੇ ਵਿਦਿਆਰਥੀਆਂ ਲਈ ਰਾਸ਼ਟਰੀ ਵਜ਼ੀਫਾ ਜੋ ਪੋਸਟ ਮੈਟਰਿਕ, ਪੇਸ਼ੇਵਰ, ਅਤੇ ਤਕਨੀਕੀ ਕੋਰਸ, ਜੋ ਕਿ ਇਕ ਸਾਲ ਤੋਂ ਵੱਧ ਦੇ ਹਨ, ਕਰ ਰਹੇ ਹਨ। ਆਤਮ ਕੇਂਦਰਿਤ, ਦਿਮਾਗੀ ਲਕਵਾ, ਮਾਨਸਿਕ ਰੁਕਾਵਟ, ਬਹੁ-ਪ੍ਰਕਾਰੀ ਅੰਗਹੀਣਤਾ ਵਾਲੇ ਵਿਦਿਆਰਥੀਆਂ ਨੂੰ 9ਵੀਂ ਜਮਾਤ ਤੋਂ ਅੱਗੇ ਵਜ਼ੀਫਾ ਦਿੱਤਾ ਜਾਂਦਾ ਹੈ। ਅਜਿਹੇ ਵਜ਼ੀਫੇ ਲਈ ਮਾਪਦੰਡ ਇਹ ਹੈ ਕਿ ਅੰਗਹੀਣਤਾ 40 ਪ੍ਰਤਿਸ਼ਤ ਤੋਂ ਵੱਧ ਹੋਣੀ ਚਾਹੀਦੀ ਹੈ ਅਤੇ ਮਾਸਿਕ ਪਰਿਵਾਰਕ ਆਮਦਨ 15,000 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ।

• ਕਮਜ਼ੋਰ ਨਜ਼ਰ/ਸੁਣਨ ਤੋਂ ਅਸਮਰੱਥ ਵਿਦਿਆਰਥੀਆਂ ਨੂੰ ਕੰਪਿਊਟਰ ਅਤੇ ਸੰਪਾਦਨ ਸਾਫਟਵੇਅਰ ਖਰੀਦਣ ਲਈ ਵਿੱਤੀ ਮਦਦ ਪ੍ਰਦਾਨ ਕੀਤੀ ਜਾਂਦੀ ਹੈ ਜੋ ਗ੍ਰੈਜੂਏਟ/ਪੋਸਟ ਗ੍ਰੈਜੂਏਟ ਪੇਸ਼ੇਵਰ ਕੋਰਸ ਕਰ ਰਹੇ ਹਨ। ਮਾਨਸਿਕ ਰੁਕਾਵਾਟ ਵਾਲੇ ਵਿਦਿਆਰਥੀਆਂ ਨੂੰ ਸਹਾਇਕ ਸਾਫਟਵੇਅਰ ਖਰੀਦਣ ਲਈ ਮਾਇਕ ਮਦਦ ਪ੍ਰਦਾਨ ਕੀਤੀ ਜਾਂਦੀ ਹੈ।

• ਅੰਗਹੀਣਤਾ ਵਾਲੇ ਵਿਦਿਆਰਥੀਆਂ ਲਈ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਿੱਖਿਆ ਸੰਸਥਾਨਾ ਵਿੱਚ 30 ਪ੍ਰਤਿਸ਼ਤ ਸੀਟਾਂ ਰਾਖਵੀਆਂ ਰੱਖੀਆਂ ਜਾਂਦੀਆਂ ਹਨ।

• ਅੰਗਹੀਣ ਬੱਚਿਆਂ ਲਈ ਵਿਆਪਕ ਸਿੱਖਿਆ ਯੋਜਨਾ – ਇਸ ਯੋਜਨਾ ਤਹਿਤ ਅੰਗਹੀਣ ਵਿਦਿਆਰਥੀਆਂ ਨੂੰ ਪਹੁੰਚ ਵਿਚਲਾ ਅਤੇ ਰੁਕਾਵਟ ਰਹਿਤ ਬਣਿਆ ਬਣਾਇਆ ਬੁਨਿਆਦੀ ਢਾਂਚਾ ਅਤੇ ਆਵਾਜਾਈ ਸਹੂਲਤਾਂ, ਕਿਤਾਬਾਂ, ਵਰਦੀਆਂ ਅਤੇ ਸਟੇਸ਼ਨਰੀ, ਵਿਸ਼ੇਸ਼ ਸਿਖਲਾਈ ਯੰਤਰ ਅਤੇ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਸਕੀਮ ਦੇ ਦੂਜੇ ਪ੍ਰਾਵਧਾਨਾਂ ਵਿੱਚ ਨਜ਼ਰ ਤੋਂ ਸੱਖਣੇ ਵਿਦਿਆਰਥੀਆਂ ਨੂੰ ਗਣਿਤ ਅਤੇ ਚਿੱਤਰ ਵਾਲੇ ਸਵਾਲਾਂ ਤੋਂ ਛੋਟ ਦਿੱਤੀ ਜਾਂਦੀ ਹੈ, ਨਜ਼ਰ ਤੋਂ ਸੱਖਣੇ, ਹੱਡੀਆਂ ਦੀ ਅਪੰਗਤਾ, ਸਿੱਖਣ ਦੀ ਅੰਗਹੀਣਤਾ ਵਾਲੇ ਵਿਦਿਆਰਥੀਆਂ ਨੂੰ ਲੇਖਕ ਅਤੇ ਪੜ੍ਹਨ ਵਾਲਿਆਂ ਦੀ ਵਰਤੋਂ ਦੀ ਆਗਿਆ ਹੁੰਦੀ ਹੈ, ਅਗੰਹੀਣ ਵਿਦਿਆਰਥੀਆਂ ਨੂੰ ਇਮਤਿਹਾਨਾਂ ਵਿੱਚ ਵਾਧੂ ਸਮਾਂ ਦਿੱਤਾ ਜਾਂਦਾ ਹੈ, ਤੀਜੀ ਭਾਸ਼ਾ ਤੋਂ ਛੋਟ ਹੁੰਦੀ ਹੈ ਅਤੇ ਸਮਾਵੇਸ਼ੀ ਸਿੱਖਿਆ ਸੰਭਵ ਬਣਾਉਣ ਲਈ ਪਾਠਕ੍ਰਮ ਵਿੱਚ ਸੋਧ ਕੀਤੀ ਜਾਂਦੀ ਹੈ।

• ਸੈਕੰਡਰੀ ਪੱਧਰ ਉਤੇ ਅੰਗਹੀਣਾਂ ਲਈ ਸਮਾਵੇਸ਼ੀ ਸਿੱਖਿਆ (ਆਈ ਈ ਡੀ ਐੱਸ ਐੱਸ) – ਇਸ ਸਕੀਮ ਅਧੀਨ 14 ਸਾਲ ਜਾਂ ਉਸ ਤੋਂ ਵੱਧ ਉਮਰ ਵਾਲੇ ਅੰਗਹੀਣ ਬੱਚਿਆਂ ਨੂੰ ਸਰਕਾਰੀ, ਸਥਾਨਕ ਸਭਾਵਾਂ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ 9ਵੀਂ ਤੇ 12ਵੀਂ ਤੱਕ ਦੀ ਸੈਕੰਡਰੀ ਸਿੱਖਿਆ ਪੂਰੀ ਕਰਨ ਲਈ ਮਦਦ ਦਿੱਤੀ ਜਾਂਦੀ ਹੈ। ਇਸ ਸਕੀਮ ਵਿੱਚ ਅੰਗਹੀਣਤਾ ਵਾਲੇ ਬੱਚਿਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਐਲੀਮੈਂਟਰੀ ਸਿੱਖਿਆ ਤੋਂ ਸੈਕੰਡਰੀ ਸਿੱਖਿਆ ਵੱਲ ਜਾਣ ਲਈ ਮਦਦ ਕੀਤੀ ਜਾਂਦੀ ਹੈ ਅਤੇ ਅਪੰਗਤਾ ਲਈ ਉਪਕਰਨ ਪ੍ਰਦਾਨ ਕੀਤੇ ਜਾਂਦੇ ਹਨ, ਸਿੱਖਣ ਸਮੱਗਰੀ ਤੱਕ ਰਸਾਈ ਕਰਵਾਈ ਜਾਂਦੀ ਹੈ, ਆਵਾਜਾਈ, ਹੋਸਟਲ ਸਹੂਲਤਾਂ ਵਜ਼ੀਫਾ, ਕਿਤਾਬਾਂ, ਸਹਾਇਕ ਤਕਨੀਕਾਂ ਅਤੇ ਲੇਖਕਾਂ ਅਤੇ ਪੜ੍ਹਨ ਵਾਲਿਆਂ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ।

• ਰਾਜੀਵ ਗਾਂਧੀ ਫੈਲੋਸ਼ਿਪ ਸਕੀਮ – ਇਸ ਸਕੀਮ ਅਧੀਨ ਅੰਗਹੀਣ ਵਿਅਕਤੀਆਂ ਨੂੰ ਐੱਮ-ਫਿਲ/ਪੀ ਐੱਚ ਡੀ ਦੀ ਉਚੇਰੀ ਪੜ੍ਹਾਈ ਕਰਨ ਲਈ ਪੰਜ ਸਾਲਾਂ ਵਾਸਤੇ ਵਜ਼ੀਫਾ ਦਿੱਤਾ ਜਾਂਦਾ ਹੈ। ਇਸ ਸਕੀਮ ਤਹਿਤ ਹਰੇਕ ਸਾਲ 200 ਫੈਲੋਸ਼ਿਪ ਪ੍ਰਦਾਨ ਕੀਤੇ ਜਾਂਦੇ ਹਨ। ਇਸ ਵਿੱਚ ਵਿਸ਼ਵਵਿਦਿਆਲਾ ਅਨੁਦਾਨ ਆਯੋਗ ਦੇ ਦਾਇਰੇ ਹੇਠ ਆਉਂਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਸੰਸਥਾਨ ਆਉਂਦੇ ਹਨ।

## ਰੋਜ਼ਗਾਰ

• ਸਰਕਾਰ ਵਲੋਂ ਸਰਕਾਰੀ ਨੌਕਰੀਆਂ, ਜਨਤਕ ਖੇਤਰ ਦੇ ਬੈਂਕਾਂ ਅਤੇ ਸਰਕਾਰੀ ਉਪਕ੍ਰਮਾਂ ਵਿੱਚ ਅੰਗਹੀਣ ਵਿਅਕਤੀਆਂ ਲਈ ਗਰੁੱਪ ਏ,

ਬੀ, ਸੀ ਅਤੇ ਡੀ ਦੀਆਂ ਪੰਜ ਪ੍ਰਤਿਸ਼ਤ ਨੌਕਰੀਆਂ ਰਾਖਵੀਆਂ ਰੱਖੀਆਂ ਗਈਆਂ ਹਨ।

• ਸਰਕਾਰੀ ਨੌਕਰੀਆਂ ਵਿੱਚ ਅੰਗਹੀਣ ਵਿਅਕਤੀਆਂ ਦੀ ਭਰਤੀ ਲਈ ਉਪਰਲੀ ਉਮਰ ਸੀਮਾ ਵਿੱਚ 10 ਸਾਲ ਦੀ ਛੋਟ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਅਰਜ਼ੀ ਫੀਸ ਅਤੇ ਇਮਤਿਹਾਨ ਫੀਸ ਦੇ ਭੁਗਤਾਨ ਤੋਂ ਵੀ ਛੋਟ ਦਿੱਤੀ ਜਾਂਦੀ ਹੈ।

• ਸਰਕਾਰ ਵਲੋਂ ਵੱਖ-ਵੱਖ ਵਿਭਾਗਾਂ ਅਤੇ ਸੈਕਸ਼ਨਾਂ ਵਿੱਚ ਸਥਾਨਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਨੂੰ ਕੰਮ ਕਰਨ ਦੀ ਯੋਗਤਾ ਦੇ ਅਧਾਰ ਤੇ ਅੰਗਹੀਣ ਵਿਅਕਤੀਆਂ ਲਈ ਰਾਖਵੀਆਂ ਰੱਖਣਾ ਲਾਜ਼ਮੀ ਹੈ।

• ਸਰਕਾਰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਗਰੁੱਪ ਸੀ ਅਤੇ ਡੀ ਵਿੱਚ ਖੇਤਰ ਅਧਾਰਤ ਭਰਤੀ ਕੀਤੇ ਅੰਗਹੀਣ ਵਿਅਕਤੀਆਂ ਨੂੰ, ਪ੍ਰਸ਼ਾਸਕੀ ਮਜਬੂਰੀਆਂ ਦੇ ਚੱਲਦਿਆਂ ਜਿਥੋਂ ਤੱਕ ਸੰਭਵ ਹੋ ਸਕੇ, ਖੇਤਰ ਵਿੱਚ ਉਨ੍ਹਾਂ ਦੇ ਰਿਹਾਇਸ਼ੀ ਸਥਾਨ ਕੋਲ ਨੌਕਰੀ ਦਿੱਤੀ ਜਾਵੇ। ਅੰਗਹੀਣ ਕਰਮਚਾਰੀਆਂ ਵਲੋਂ ਆਪਣੇ ਰਿਹਾਇਸ਼ ਦੇ ਸਥਾਨ ਦੇ ਲਾਗੇ ਬਦਲੀ ਕਰਨ ਲਈ ਦਿੱਤੀਆਂ ਬੇਨਤੀਆਂ ਨੂੰ ਵੀ ਤਰਜੀਹ ਦਿੱਤੀ ਜਾਵੇ।

• ਸਰਕਾਰ ਵਲੋਂ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਅੰਗਹੀਣ ਵਿਅਕਤੀਆਂ ਲਈ ਵਿਸ਼ੇਸ਼ ਰੋਜ਼ਗਾਰ ਐਕਸਚੇਂਜਾਂ ਸਥਾਪਤ ਕੀਤੀਆਂ ਗਈਆਂ ਹਨ। ਸਾਰੇ ਜ਼ਿਲ੍ਹਾ ਮੁੱਖ ਦਫ਼ਤਰਾਂ ਵਿੱਚ ਰਾਖਵੀਆਂ ਸਰਕਾਰੀ ਨੌਕਰੀਆਂ ਵਿੱਚ ਅੰਗਹੀਣਾਂ ਦੀ ਭਰਤੀ ਲਈ ਵਿਸ਼ੇਸ਼ ਰੋਜ਼ਗਾਰ ਸੈੱਲ ਸਥਾਪਤ ਕੀਤੇ ਗਏ ਹਨ। ਜਿਹੜੀਆਂ ਥਾਵਾਂ ਉਤੇ ਵਿਸ਼ੇਸ਼ ਰੋਜ਼ਗਾਰ ਐਕਸਚੇਂਜ ਦੀ ਸਥਾਪਨਾ ਨਹੀਂ ਕੀਤੀ ਗਈ, ਉਥੇ ਨਿਯਮਤ ਰੋਜ਼ਗਾਰ ਐਕਸਚੇਂਜ ਵਿੱਚ ਵਿਸ਼ੇਸ਼ ਰੋਜ਼ਗਾਰ ਸੈੱਲ ਸਥਾਪਤ ਕੀਤੇ ਗਏ ਹਨ। ਅੰਗਹੀਣ ਵਿਅਕਤੀਆਂ ਨੂੰ ਰਾਖਵੀਆਂ ਸਰਕਾਰੀ ਨੌਕਰੀਆਂ ਦੇ ਯੋਗ ਹੋਣ ਲਈ ਆਪਣੇ ਆਪ ਨੂੰ ਵਿਸ਼ੇਸ਼ ਰੋਜ਼ਗਾਰ ਐਕਸਚੇਂਜ ਸੈੱਲਾਂ ਵਿੱਚ ਪੰਜੀਕ੍ਰਿਤ ਕਰਵਾਉਣਾ ਲਾਜ਼ਮੀ ਹੈ। ਵਿਸ਼ੇਸ਼ ਰੋਜ਼ਗਾਰ ਪੰਜੀਕਰਨ ਅੰਗਹੀਣਾਂ ਲਈ 17 ਕਿੱਤਾ ਮੁਖੀ ਮੁੜ-ਵਸੇਬਾ ਕੇਂਦਰਾਂ ਉਤੇ ਵੀ ਕਰਵਾਇਆ ਜਾ ਸਕਦਾ ਹੈ।

• ਸਰਕਾਰ ਨਿੱਜੀ ਖੇਤਰ ਵਿੱਚ ਮਾਲਕਾਂ ਨੂੰ ਪ੍ਰੋਤਸਾਹਨ ਦੇ ਕੇ ਅੰਗਹੀਣ ਵਿਅਕਤੀਆਂ ਦੇ ਰੋਜ਼ਗਾਰ ਦਾ ਇੰਤਜ਼ਾਮ ਵੀ ਕਰਦੀ ਹੈ। ਸਰਕਾਰ ਅੰਗਹੀਣ ਵਿਅਕਤੀਆਂ ਦੇ ਰੋਜ਼ਗਾਰ ਲਈ ਤਿੰਨ ਸਾਲ ਵਾਸਤੇ ਅੰਗਹੀਣ ਕਰਮਚਾਰੀ ਦੇ ਭਵਿੱਖ ਨਿਧੀ ਫੰਡ ਵਿੱਚ ਮਾਲਕਾਂ ਵਲੋਂ ਪਾਏ ਜਾਣ ਵਾਲੇ ਯੋਗਦਾਨ ਦਾ ਭੁਗਤਾਨ ਕਰਦੀ ਹੈ, ਜਿਨ੍ਹਾਂ ਦੀ ਮਾਸਿਕ ਤਨਖ਼ਾਹ ਘੱਟੋ-ਘੱਟ 25,000 ਰੁਪਏ ਹੋਵੇ।

• ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਵਲੋਂ ਜਨਤਕ ਖੇਤਰ ਦੀਆਂ ਤੇਲ ਕੰਪਨੀਆਂ ਦੀਆਂ ਸਾਰੀਆਂ ਡੀਲਰਸ਼ਿਪ ਏਜੰਸੀਆਂ ਵਿੱਚੋਂ 7.5 ਪ੍ਰਤਿਸ਼ਤ ਅੰਗਹੀਣ ਵਿਅਕਤੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ।

• ਰਾਸ਼ਟਰੀ ਅੰਗਹੀਣ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ ਵਲੋਂ ਅੰਗਹੀਣ ਵਿਅਕਤੀਆਂ ਨੂੰ ਸਵੈ-ਰੋਜ਼ਗਾਰ ਲਈ ਕਰਜ਼ੇ ਪ੍ਰਦਾਨ ਕੀਤੇ ਜਾਂਦੇ ਹਨ। ਇਨ੍ਹਾਂ ਵਿੱਚ ਸੇਵਾ, ਵਪਾਰ, ਉਦਯੋਗਿਕ ਇਕਾਈਆਂ, ਉਚੇਰੀ ਸਿੱਖਿਆ ਲਈ, ਪੇਸ਼ੇਵਰ ਸਿਖਲਾਈ, ਨਿਰਮਾਣ, ਅੰਗਹੀਣਾਂ ਲਈ ਸਹਾਇਕ ਉਪਕਰਣਾਂ ਦੇ ਉਤਪਾਦਨ ਲਈ ਛੋਟੇ ਵਪਾਰਕ ਕਾਰੋਬਾਰ ਸਥਾਪਤ ਕਰਨ ਲਈ ਕਰਜ਼ੇ ਦੇਣਾ ਸ਼ਾਮਲ ਹੈ। ਦਿਮਾਗੀ ਰੁਕਾਵਟ, ਆਤਮ ਕੇਂਦਰਿਤ ਵਿਅਕਤੀਆਂ ਲਈ ਖੇਤੀਬਾੜੀ ਗਤੀਵਿਧੀਆਂ ਅਤੇ ਸਵੈ-ਰੋਜ਼ਗਾਰ ਲਈ ਵੀ ਕਰਜ਼ੇ ਦਿੱਤੇ ਜਾਂਦੇ ਹਨ।

• ਜਨਤਕ ਖੇਤਰ ਦੇ ਬੈਂਕ - ਅਨਾਥ ਆਸ਼ਰਮਾਂ, ਔਰਤਾਂ ਦੇ ਆਸਰਾ ਘਰਾਂ ਅਤੇ ਅੰਗਹੀਣ ਵਿਅਕਤੀਆਂ ਲਈ ਜਨਤਕ ਖੇਤਰਾਂ ਦੀਆਂ ਸਕੀਮਾਂ ਅਧੀਨ, ਵਿਆਜ਼ ਦੀਆਂ ਵੱਖ-ਵੱਖ ਦਰਾਂ ਦੇ ਫਾਇਦੇ ਅੰਗਹੀਣ ਵਿਅਕਤੀਆਂ ਅਤੇ ਉਨ੍ਹਾਂ ਸੰਸਥਾਨਾਂ ਲਈ ਉਪਲਬਧ ਹਨ ਜੋ ਅੰਗਹੀਣ ਵਿਅਕਤੀਆਂ ਦੀ ਭਲਾਈ ਲਈ ਕੰਮ ਕਰਦੇ ਹਨ। ਸਮਾਜਿਕ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਆਜ ਦੀ ਦਰ ਸਾਲਾਨਾ ਇਕਸਮਾਨ 4 ਪ੍ਰਤਿਸ਼ਤ ਰੱਖੀ ਜਾਵੇਗੀ। ਛੋਟੇ ਦਰਜੇ ਦੇ ਉਦਯੋਗਾਂ ਦੇ ਵਿੱਤੀਕਰਨ ਦੀ ਸਕੀਮ ਤਹਿਤ ਅੰਗਹੀਣ ਵਿਅਕਤੀਆਂ ਲਈ ਵਿਆਜ ਦੀ ਦਰ ਵਿੱਚ ਇਕ ਵਿਸ਼ੇਸ਼ ਪ੍ਰਾਵਧਾਨ ਕੀਤਾ ਗਿਆ ਹੈ (0.5 ਪ੍ਰਤਿਸ਼ਤ ਛੋਟ) ਤਾਂ ਕਿ ਪੂੰਜੀ ਸੀਮਾ ਰੁਪਏ 2,00,000 ਦਾ ਲਾਭ ਲਿਆ ਜਾ ਸਕੇ।

***ਸਹਾਇਕ ਉਪਕਰਨਾਂ ਦੀ ਖਰੀਦ/ ਸਥਾਪਨਾ ਲਈ ਅੰਗਹੀਣ ਵਿਅਕਤੀਆਂ ਲਈ ਸਹਾਇਤਾ (ਏ ਡੀ ਆਈ ਪੀ ਸਕੀਮ)*** : ਇਸ ਸਕੀਮ ਦਾ ਮੁੱਖ ਮਕਸਦ ਲੋੜਵੰਦ ਅੰਗਹੀਣ ਵਿਅਕਤੀਆਂ ਦੀਦੇਰ ਤੱਕ ਚੱਲਣ ਵਾਲੇ ਆਧੁਨਿਕ ਤੇ ਵਿਗਿਆਨਕ ਤਰੀਕੇ ਨਾਲ ਬਣੇ ਆਧੁਨਿਕ ਉਪਕਰਨਾਂ ਦੀ ਪ੍ਰਾਪਤੀ ਵਿੱਚ ਮਦਦ ਕਰਨਾ ਹੈ ਜੋ ਅੰਗਹੀਣਤਾ ਦੇ ਪ੍ਰਭਾਵਾਂ ਨੂੰ ਘੱਟ ਕਰਕੇ ਅਤੇ ਉਨ੍ਹਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਕੇ ਉਨ੍ਹਾਂ ਦੇ ਸਰੀਰਕ, ਸਮਾਜਿਕ ਅਤੇ ਮਨੋਵਿਗਿਆਨਕ ਮੁੜ-ਵਸੇਬੇ ਨੂੰ ਉਤਸ਼ਾਹਿਤ ਕਰ ਸਕਦੇ ਹਨ।

***ਇੰਦਰਾ ਆਵਾਸ ਯੋਜਨਾ :*** ਇਹ ਕੇਂਦਰ ਵਲੋਂ ਪ੍ਰਯੋਜਿਤ ਮਕਾਨਾਂ ਦੀ ਯੋਜਨਾ ਹੈ ਜਿਸ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ





ਦਿਹਾਤੀ ਗਰੀਬਾਂ ਨੂੰ ਰਿਹਾਇਸ਼ੀ ਘਰ ਮੁਫਤ ਪ੍ਰਦਾਨ ਕੀਤੇ ਜਾਂਦੇ ਹਨ। ਮੈਦਾਨੀ ਇਲਾਕਿਆਂ ਵਿੱਚ ਇਕ ਇਕਾਈ ਦੀ ਕੀਮਤ 20,000 ਰੁਪਏ ਅਤੇ ਪਹਾੜੀ ਅਤੇ ਦੁਰਗਮ ਖੇਤਰਾਂ ਵਿੱਚ 22,000 ਰੁਪਏ ਹੈ। ਇਸਦਾ 3 ਪ੍ਰਤਿਸ਼ਤ ਫੰਡ ਪੇਂਡੂ ਇਲਾਕਿਆਂ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਅੰਗਹੀਣ ਵਿਅਕਤੀਆਂ ਲਈ ਰਾਖਵਾਂ ਰੱਖਿਆ ਜਾਂਦਾ ਹੈ।

***ਅੰਗਹੀਣ ਵਿਅਕਤੀਆਂ ਦੇ ਸ਼ਕਤੀਕਰਨ ਲਈ ਰਾਸ਼ਟਰੀ ਇਨਾਮਾਂ ਦੀ ਯੋਜਨਾ*** : ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਮਾਨਤਾ ਦੇਣ ਅਤੇ ਦੂਜਿਆਂ ਨੂੰ ਇਸ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਲਈ ਹੌਸਲਾ ਅਫਜ਼ਾਈ ਪ੍ਰਦਾਨ ਕਰਨ ਲਈ ਸਭ ਤੋਂ ਕੁਸ਼ਲ/ਹੋਣਹਾਰ ਅੰਗਹੀਣ ਕਰਮਚਾਰੀਆਂ ਨੂੰ ਵੱਖਰੇ ਇਨਾਮ ਪ੍ਰਦਾਨ ਕੀਤੇ ਜਾਂਦੇ ਹਨ। ਸਰਵੋਤਮ ਮਾਲਕਾਂ, ਸਭ ਤੋਂ ਵਧੀਆ ਪਲੇਸਮੈਂਟ ਏਜੰਸੀ, ਅਫਸਰ, ਹੋਣਹਾਰ ਵਿਅਕਤੀਆਂ, ਸ਼ਾਨਦਾਰ ਸੰਸਥਾਨਾਂ, ਰੋਲ ਮਾਡਲਾਂ, ਹੋਣਹਾਰ ਉਸਾਰੂ ਅੰਗਹੀਣ ਵਿਅਕਤੀਆਂ, ਸਭ ਤੋਂ ਵਧੀਆ ਤਕਨੀਕੀ ਖੋਜ ਅਤੇ ਲਾਗਤ ਪ੍ਰਭਾਵੀ ਤਕਨਾਲੋਜੀ ਦੇਣ ਲਈ ਖੋਜ ਦੇ ਅਨੁਕੂਲਣ ਵਾਸਤੇ ਵੀ ਇਨਾਮ ਦਿੱਤੇ ਜਾਂਦੇ ਹਨ। ਸਰਕਾਰੀ ਖੇਤਰ, ਜਨਤਕ ਖੇਤਰ ਦੇ ਉਪਕ੍ਰਮ ਅਤੇ ਨਿੱਜੀ ਅਦਾਰਿਆਂ ਨੂੰ ਵੀ ਅੰਗਹੀਣਾਂ ਵਾਸਤੇ ਰੁਕਾਵਟ ਰਹਿਤ ਵਾਤਾਵਰਨ ਸਿਰਜਣ ਵਾਸਤੇ ਇਨਾਮ ਪ੍ਰਦਾਨ ਕੀਤੇ ਜਾਂਦੇ ਹਨ। ਅੰਗਹੀਣਾਂ ਦੇ ਮੁੜ-ਵਸੇਬੇ, ਸਥਾਨਕ ਪੱਧਰ ਉਤੇ ਰਾਸ਼ਟਰੀ ਟ੍ਰਸਟ ਦੀ ਸਰਵੋਤਮ ਕਮੇਟੀ, ਅਤੇ ਰਾਸ਼ਟਰੀ ਅੰਗਹੀਣ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ ਦੀ ਸਰਵੋਤਮ ਸਹਾਇਕ ਏਜੰਸੀ ਨੂੰ ਵੀ ਇਨਾਮ ਦਿੱਤਾ ਜਾਂਦਾ ਹੈ। ਅੰਗਹੀਣ ਔਰਤਾਂ ਦੀ ਨੌਕਰੀ ਨੂੰ ਤਰਜੀਹ ਦਿੱਤੀ ਜਾਂਦੀ ਹੈ, ਖ਼ਾਸ ਕਰਕੇ ਜੋ ਪੇਂਡੂ ਇਲਾਕਿਆਂ ਤੋਂ ਅਤੇ ਸਵੈ-ਰੋਜ਼ਗਾਰ ਵਾਲੀਆਂ ਹੁੰਦੀਆਂ ਹਨ।

***ਅੰਗਹੀਣ ਵਿਅਕਤੀਆਂ ਦੇ ਸ਼ਕਤੀਕਰਨ ਲਈ ਟ੍ਰਸਟ ਫੰਡ*** : ਸੁਪਰੀਮ ਕੋਰਟ ਵਲੋਂ ਸਿਵਲ ਅਪੀਲ ਨੰਬਰਾਂ 4655 ਅਤੇ 5218 (ਸੰਨ 2000) ਦੇ ਮਾਮਲੇ ਵਿੱਚ ਆਪਣੇ 16 ਅਪ੍ਰੈਲ 2004 ਦੇ ਫੈਸਲੇ ਵਿੱਚ ਬੈਂਕਾਂ ਨੂੰ ਹਦਾਇਤ ਕੀਤੀ ਕਿ ਜਿਨ੍ਹਾਂ ਬੈਂਕਾਂ ਨੇ ਉਧਾਰ ਲੈਣ ਵਾਲਿਆਂ ਕੋਲੋਂ ਵਿਆਜ ਇਕੱਠਾ ਕਰਨ ਦੇ ਮਾਮਲੇ ਵਿੱਚ ਰਾਊਂਡ ਆਫ ਕਰਨ ਲਈ 723.79 ਕਰੋੜ ਦੀ ਰਕਮ ਸਾਲਾਨਾ ਵਾਧੂ ਉਗਰਾਹੀ ਗਈ ਹੈ, ਉਨ੍ਹਾਂ ਵਲੋਂ ਇਹ ਰਕਮ ਉਸ ਟ੍ਰਸਟ ਨੂੰ ਤਬਦੀਲ ਕਰ ਦਿੱਤੀ ਜਾਵੇ ਜੋ ਅੰਗਹੀਣ ਵਿਅਕਤੀਆਂ ਦੀ ਭਲਾਈ ਲਈ ਕੰਮ ਕਰਦੇ ਹਨ। ਮੰਤਰਾਲੇ ਵਲੋਂ ਇਹ ਫੰਡ ਸਵੈ-ਕੇਂਦਰਿਤ, ਦਿਮਾਗੀ ਰੁਕਾਵਟ ਅਤੇ ਕਮਜ਼ੋਰੀ ਅਤੇ ਬਹੁ-ਅੰਗਹੀਣਤਾ ਵਾਲੇ ਵਿਅਕਤੀਆਂ ਦੀ ਭਲਾਈ ਲਈ ਰਾਸ਼ਟਰੀ ਟ੍ਰਸਟ ਨੂੰ ਤਬਦੀਲ ਕਰਨ ਵਾਸਤੇ ਸਰਬਉੱਚ ਅਦਾਲਤਾਂ ਤੋਂ ਨਿਰਦੇਸ਼ ਲੈਣ ਲਈ ਬੇਨਤੀ ਕੀਤੀ ਗਈ ਤਾਂ ਕਿ ਇਨ੍ਹਾਂ ਦੀ ਲਾਭਦਾਇਕ ਵਰਤੋਂ ਕੀਤੀ ਜਾ ਸਕੇ। ਸੁਪਰੀਮ ਕੋਰਟ ਵਲੋਂ ਮੰਤਰਾਲੇ ਦੀ ਬੇਨਤੀ ਉਤੇ ਹਾਲੇ ਫੈਸਲਾ ਲੈਣਾ ਬਾਕੀ ਹੈ, ਪਰ ਇਸ ਸਮੇਂ ਦੌਰਾਨ ਟ੍ਰਸਟ ਦੀ ਸਥਾਪਨਾ ਕਰ ਦਿੱਤੀ ਗਈ ਹੈ ਅਤੇ ਬੈਂਕਾਂ ਨੂੰ ਵਿੱਤ ਮੰਤਰਾਲੇ ਦੀ ਬੈਂਕਿੰਗ ਸ਼ਾਖਾ ਵਲੋਂ ਬਣਦੀ ਰਕਮ ਟ੍ਰਸਟ ਦੇ ਖਾਤੇ ਵਿੱਚ ਜਮ੍ਹਾ ਕਰਵਾਉਣ ਦੀ ਸਲਾਹ ਦੇ ਦਿੱਤੀ ਗਈ ਹੈ।

***ਤਕਨਾਲੋਜੀ ਵਿਕਾਸ ਯੋਜਨਾਵਾਂ ਦੇ ਸਪੱਸ਼ਟ ਦਿਸ਼ਾ ਨਿਰਦੇਸ਼*** : ਤਕਨਾਲੋਜੀ ਉਤੇ ਅਮਲ ਦੁਆਰਾ ਢੁੱਕਵੇਂ ਅਤੇ ਲਾਗਤ ਪ੍ਰਭਾਵੀ ਉਪਰਕਨ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਅਤੇ ਅੰਗਹੀਣ ਵਿਅਕਤੀਆਂ ਲਈ ਰੋਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰਨ ਅਤੇ ਸਮਾਜ ਵਿੱਚ ਮਾਣ-ਸਤਿਕਾਰ ਦਿਵਾਉਣ ਲਈ ਉਪਰੋਕਤ ਯੋਜਨਾ 1990-91 ਵਿੱਚ ਅਰੰਭ ਕੀਤੀ ਗਈ। ਇਸ ਸਕੀਮ ਤਹਿਤ ਢੁੱਕਵੇਂ ਖੋਜ ਤੇ ਵਿਕਾਸ ਪ੍ਰਾਜੈਕਟਾਂ ਦੀ ਪਛਾਣ ਕਰਕੇ ਉਨ੍ਹਾਂ ਵਲੋਂ ਉਪਕਰਣ ਵਿਕਸਤ ਕਰਨ ਹਿਤ ਫੰਡ ਪ੍ਰਦਾਨ ਕੀਤੇ ਜਾਂਦੇ ਹਨ।

ਅਚਨਚੇਤ ਗਰੀਬੀ ਜਾਂ ਅੰਤਰਰਾਸ਼ਟਰੀ ਕਿਰਤ ਸਭਾ (ਆਈ ਐੱਲ ਓ) ਵਲੋਂ ਵਿਆਖਿਆ ਕੀਤੀਆਂ ਅਚਨਚੇਤੀ ਕਾਰਵਾਈਆਂ ਦੇ ਹੱਲ ਲਈ ਰੱਖਿਆਤਮਕ ਸਮਾਜਿਕ ਸੁਰੱਖਿਆ ਪ੍ਰੋਗਰਾਮ ਬਣਾਏ ਗਏ ਹਨ। ਇਨ੍ਹਾਂ ਪ੍ਰੋਗਰਾਮਾਂ ਵਿੱਚ ਬੁਢਾਪਾ ਪੈਨਸ਼ਨ, ਡਾਕਟਰੀ ਬੀਮਾ, ਨੁਕਸਾਨ ਲਈ ਮੁਆਵਜ਼ਾ ਪ੍ਰਦਾਨ ਕੀਤਾ ਜਾਂਦਾ ਹੈ।

- ਇੰਦਰਾ ਗਾਂਧੀ ਰਾਸ਼ਟਰੀ ਅੰਗਹੀਣਤਾ ਪੈਨਸ਼ਨ ਸਕੀਮ: ਇਸ ਨੂੰ 17 ਫ਼ਰਵਰੀ, 2009 ਨੂੰ ਪੇਂਡੂ ਵਿਕਾਸ ਮੰਤਰਾਲੇ ਦੇ ਸਕੱਤਰ ਵਲੋਂ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਦੇ ਇਕ ਭਾਗ ਵਜੋਂ ਸ਼ਾਮਲ ਕੀਤਾ ਗਿਆ ਸੀ। ਆਈ ਜੀ ਐੱਨ ਡੀ ਪੀ ਐੱਸ ਤਹਿਤ ਗੰਭੀਰ ਜਾਂ ਬਹੁ-ਪ੍ਰਕਾਰ ਦੀ ਅਪੰਗਤਾ ਦੇ ਸ਼ਿਕਾਰ ਵਿਅਕਤੀਆਂ ਨੂੰ ਪ੍ਰਤਿ ਲਾਭਪਾਤਰੀ 300 ਰੁਪਏ ਪ੍ਰਤਿ ਮਹੀਨਾ ਕੇਂਦਰੀ ਸਹਾਇਤਾ ਦਿੱਤੀ ਜਾਂਦੀ ਹੈ, ਜਿਨ੍ਹਾਂ ਦੀ ਉਮਰ 18-19 ਸਾਲ ਦਰਮਿਆਨ ਹੋਵੇ ਅਤੇ ਜੋ ਭਾਰਤ ਸਰਕਾਰ ਦੇ ਨਿਯਮਾਂ ਮੁਤਾਬਕ ਬੀ ਪੀ ਐੱਲ ਪਰਿਵਾਰਾਂ ਦਾ ਹਿੱਸਾ ਹੋਣ।

- ਅੰਗਹੀਣਤਾ ਲਾਭ : ਕਰਮਚਾਰੀਆਂ ਲਈ ਮੁਆਵਜ਼ਾ ਐਕਟ, 1923, ਜਿਸ ਨੂੰ ਪਹਿਲਾਂ ਕਾਮਗਾਰਾਂ ਦੇ ਮੁਆਵਜ਼ਾ ਐਕਟ, 1923 ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਅਧੀਨ ਮਾਲਕਾਂ ਨੂੰ ਨੌਕਰੀ ਦੌਰਾਨ ਸੱਟ ਵੱਜਣ, ਮੌਤ ਹੋਣ ਜਾਂ ਅੰਗਹੀਣਤਾ ਹੋਣ ਦੀ ਹਾਲਤ ਵਿੱਚ ਕਰਮਚਾਰੀ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ ਜ਼ਰੂਰੀ ਹੈ। ਰੋਜ਼ਗਾਰ ਦੇ ਕਾਰਨ ਅਤੇ ਦੌਰਾਨ ਹੋਈ ਦੁਰਘਟਨਾ ਕਰਕੇ ਕਾਮੇ ਦੀ ਕਿੱਤਾ ਸੰਬੰਧੀ ਬਿਮਾਰੀ ਨੂੰ ਦੁਰਘਟਨਾ ਮੰਨਿਆ ਜਾਂਦਾ ਹੈ ਅਤੇ ਮਾਲਕ ਇਸ ਵਾਸਤੇ ਮੁਆਵਜ਼ਾ ਦੇਣ ਦਾ

ਜ਼ਿੰਮੇਦਾਰ ਹੁੰਦਾ ਹੈ। ਸਥਾਈ, ਕੁੱਲ ਅਤੇ ਅੰਸ਼ਕ ਅੰਗਹੀਣਤਾ ਦੇ ਨਤੀਜੇ ਵਾਲੀਆਂ ਸੱਟਾਂ ਕਰਮਚਾਰੀ, ਮੁਆਵਜ਼ਾ ਐਕਟ ਦੇ ਸ਼ਡਿਊਲ 1 ਦੇ ਭਾਗ 1 ਅਤੇ 2 ਵਿੱਚ ਸੂਚੀਬਧ ਹਨ ਜਦ ਕਿ ਕਿੱਤੇ ਸੰਬੰਧੀ ਬਿਮਾਰੀਆਂ ਦਾ ਕਰਮਚਾਰੀ ਮੁਆਵਜ਼ਾ ਐਕਟ ਦੇ ਸ਼ਡਿਊਲ-4 ਦੇ ਭਾਗ ਏ, ਬੀ ਅਤੇ ਸੀ ਵਿੱਚ ਬਿਆਨ ਕੀਤਾ ਗਿਆ ਹੈ। ਪਰ ਇਹ ਸੰਗਠਿਤ ਖੇਤਰ ਵਿੱਚ ਲਾਗੂ ਹੈ।

## ਵੰਗਾਰਾਂ ਅਤੇ ਅਗਾਂਹ ਦਾ ਰਸਤਾ

ਭਾਰਤ ਵਿੱਚ ਸਮਾਜਿਕ ਸੁਰੱਖਿਆ ਪ੍ਰੋਗਰਾਮ ਪੂਰੀ ਤਰ੍ਹਾਂ ਅੰਗਹੀਣ ਲੋਕਾਂ ਤੱਕ ਨਹੀਂ ਪਹੁੰਚਦੇ। ਭਾਰਤ ਵਿੱਚ ਜ਼ਿਆਦਾਤਰ ਵਿਕਾਸ ਪ੍ਰੋਗਰਾਮ ਅੰਗਹੀਣ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਇਸ ਦਾ ਪ੍ਰਮੁੱਖ ਕਾਰਨ ਉਨ੍ਹਾਂ ਦੇ ਆਲੇ-ਦੁਆਲੇ ਦੀਆਂ ਸਮਾਜਿਕ ਅਤੇ ਸਰੀਰਕ ਰੁਕਾਵਟਾਂ ਹਨ। ਦੇਸ਼ ਵਿੱਚ ਅੰਗਹੀਣਤਾ ਵਿਸ਼ੇਸ਼ ਸਹਾਇਤਾ ਪ੍ਰੋਗਰਾਮ ਮੌਜੂਦ ਹਨ ਭਾਵੇਂ ਕਿ ਇਨ੍ਹਾਂ ਦਾ ਦਾਇਰਾ ਵਿਸ਼ਾਲ ਨਹੀਂ ਅਤੇ ਇਹ ਸਕੀਮਾਂ ਵਿਆਪਕ ਪੱਧਰ ਉਤੇ ਅੰਗਹੀਣ ਵਿਅਕਤੀਆਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰਦੀਆਂ। ਜਾਣਕਾਰੀ ਦੀ ਕਮੀ ਅਤੇ ਪਸਾਰ ਅਤੇ ਇਕਹਿਰੀ ਖਿੜਕੀ ਵਾਲੀ ਪਹੁੰਚ ਦੀ ਅਣਹੋਂਦ ਅਕਸਰ ਅੰਗਹੀਣ ਲੋਕਾਂ ਨੂੰ ਲਾਭਾਂ ਅਤੇ ਉਪਲਬਧ ਸਕੀਮਾਂ ਬਾਰੇ ਅਗਿਆਨੀ ਬਣਾ ਦਿੰਦੀ ਹੈ। ਅੰਗਹੀਣ ਵਿਅਕਤੀਆਂ ਨੂੰ ਸਹਾਇਤਾ ਅਤੇ ਲਾਭ ਪ੍ਰਦਾਨ ਕਰਨ ਲਈ ਮੌਜੂਦਾ ਪ੍ਰਸ਼ਾਸਕੀ ਇੰਤਜ਼ਾਮ ਖਿੱਲਰੇ ਹੋਏ ਹਨ।ਨਾ ਕੋਈ ਇਕਸਮਾਨ ਲਾਭ ਫਾਰਮੂਲਾ ਹੈ ਅਤੇ ਨਾ ਹੀ ਇਕ ਏਜੰਸੀ ਜੋ ਇਸ ਪ੍ਰੋਗਰਾਮ ਨੂੰ ਚਲਾਵੇ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਮੌਜੂਦਾ ਸਮੇਂ ਅੰਗਹੀਣਤਾ ਲਾਭਾਂ ਦਾ ਪ੍ਰਬੰਧਨ ਕਰ ਰਹੀਆਂ ਇਕ ਤੋਂ ਵੱਧ ਏਜੰਸੀਆਂ ਅਤੇ ਵਿਭਾਗਾਂ ਨੂੰ ਏਕੀਕ੍ਰਿਤ ਕਰਨ ਦੀ ਲੋੜ ਹੈ ਤਾਂ ਕਿ ਇਕ ਛੱਤ ਥੱਲੇ ਵਿਆਪਕ ਪ੍ਰੋਗਰਾਮ ਦੀ ਰੂਪ-ਰੇਖਾ ਅਤੇ ਅਮਲਕਾਰੀ ਨੀਤੀ ਤਿਆਰ ਕੀਤੀ ਜਾ ਸਕੇ। ਇਸ ਏਜੰਸੀ ਦਾ ਇਕ ਮੁੱਖ ਕਾਰਜਕਾਰੀ ਅਧਿਕਾਰੀ ਹੋਵੇ। ਦਸਵੀਂ ਯੋਜਨਾ ਵਿੱਚ ਸਾਰੇ ਸੰਬੰਧਿਤ ਮੰਤਰਾਲਿਆਂ ਦੇ ਬਜਟ ਵਿੱਚ ਅੰਗਹੀਣਾਂ ਲਈ ਕੰਪੋਨੈਂਟ ਯੋਜਨਾ ਸ਼ੁਰੂ ਕਰਨ ਦੀ ਵਕਾਲਤ ਕੀਤੀ ਗਈ ਤਾਂ ਕਿ ਅੰਗਹੀਣਾਂ ਦੇ ਸ਼ਕਤੀਕਰਨ ਲਈ ਸਕੀਮਾਂ ਵਾਸਤੇ ਪੈਸੇ ਦਾ ਨਿਯਮਤ ਪ੍ਰਵਾਹ ਯਕੀਨੀ ਬਣਾਇਆ ਜਾ ਸਕੇ। ਪਰ, ਮੱਧਕਾਲੀ ਸਮੀਖਿਆ ਦਸਤਾਵੇਜ਼ ਸਪੱਸ਼ਟ ਤੌਰ ਤੇ ਦਿਖਾਉਂਦਾ ਹੈ ਕਿ ਐੱਮ ਐੱਸ ਜੇ ਈ ਨੇ ਇਸ ਸੁਝਾਅ ਨੂੰ ਲਾਗੂ ਕਰਨ ਲਈ ਕੁੱਝ ਨਹੀਂ ਕੀਤਾ, ਜੋ ਸੰਬੰਧਿਤ ਮੰਤਰਾਲੇ ਦੇ ਕੰਮਕਾਜ ਤੇ ਆਪਣੇ ਆਪ ਵਿੱਚ ਬੜੀ ਦੁੱਖੀ ਕਰਨ ਵਾਲੀ ਟਿੱਪਣੀ ਹੈ। ਇਸ ਤੋਂ ਇਲਾਵਾ, ਦਸਵੀਂ ਪੰਜ ਸਾਲਾ ਯੋਜਨਾ ਵਿੱਚ ਵੱਖ-ਵੱਖ ਨੀਤੀਆਂ ਤਹਿਤ ਸਕੀਮਾਂ ਉਤੇ ਅਮਲ ਲਈ ਮਨਜ਼ੂਰ ਰਕਮ ਵਿੱਚੋਂ ਮਹਿਜ਼ 31 ਪ੍ਰਤਿਸ਼ਤ ਹੀ ਖਰਚ ਕੀਤੀ ਗਈ ਜੋ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਵੱਲ ਇਸ਼ਾਰਾ ਕਰਦੀ ਹੈ ਅਤੇ ਅੰਗਹੀਣਾਂ ਪ੍ਰਤਿ ਇਸ ਦਾ ਉਦਾਸੀਨ ਰਵੱਈਆ ਦਿਖਾਉਂਦੀ ਹੈ (ਸ਼ੰਕਰ, 2006)।

**ਇਹ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਕਿ ਅੰਗਹੀਣਤਾ ਦੀਆਂ ਹਾਲਤਾਂ ਨੂੰ ਸਮਝ ਕੇ ਸਮਾਵੇਸ਼ੀ ਰਣਨੀਤੀਆਂ ਬਣਾਈਆਂ ਜਾਣ ਤਾਂ ਕਿ ਅੰਗਹੀਣ ਜਨਸੰਖਿਆ ਲਈ ਵਿਆਪਕ ਪ੍ਰੋਤਸਾਹਨ ਅਤੇ ਰੋਕਥਾਮ ਵਾਲੀਆਂ ਸਮਾਜਿਕ ਸੁਰੱਖਿਆ ਸਕੀਮਾਂ ਬਣਾਈਆਂ ਜਾ ਸਕਣ। ਇਸ ਦਿਸ਼ਾ ਵੱਲ ਪਹਿਲਾ ਕਦਮ ਅੰਗਹੀਣਾਂ ਬਾਰੇ ਅੰਕੜੇ ਇਕੱਤਰ ਕਰਨ ਦਾ ਹੋਵੇਗਾ ਜਿਸ ਵਿੱਚ ਅੰਗਹੀਣ ਵਸੋਂ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਮਾਪਿਆਂ ਦੇ ਬੱਚੇ, ਯੋਗਤਾ ਪ੍ਰਾਪਤ ਬੇਰੋਜ਼ਗਾਰ ਅੰਗਹੀਣ ਵਿਅਕਤੀ ਜਿਨ੍ਹਾਂ ਨੂੰ ਰੋਜ਼ਗਾਰ ਦਿੱਤਾ ਜਾ ਸਕਦਾ ਹੈ, ਗੰਭੀਰ ਅੰਗਹੀਣਤਾ ਦੇ ਸ਼ਿਕਾਰ ਵਿਅਕਤੀ ਜਿਨ੍ਹਾਂ ਨੂੰ ਨਿਰੰਤਰ ਸਹਾਇਤਾ ਦੀ ਲੋੜ ਹੈ, 60 ਸਾਲ ਤੋਂ ਵੱਧ ਦੇ ਅੰਗਹੀਣ ਲੋਕ, ਅੰਗਹੀਣ ਔਰਤਾਂ, ਅਸੰਗਠਿਤ ਖੇਤਰ ਵਿੱਚ ਕੰਮ ਕਰਦੇ ਅੰਗਹੀਣ ਵਿਅਕਤੀ ਆਦਿ ਸ਼ਾਮਲ ਹਨ।**

ਵਿਆਪਕ ਪ੍ਰਸ਼ਾਸਕੀ ਇੰਤਜ਼ਾਮ, ਵੱਖ-ਵੱਖ ਸਰੋਤਾਂ ਤੋਂ ਫੰਡ ਇਕੱਠੇ ਕਰਨਾ, ਅਤੇ ਪੇਸ਼ੇਵਰ ਨਿਗਰਾਨੀ ਅਤੇ ਨਿਯੰਤ੍ਰਣ ਹੇਠ ਲਾਭ ਪ੍ਰਦਾਨ ਕਰਨਾ ਅਜਿਹੇ ਅਹਿਮ ਕਦਮ ਹਨ ਜਿਨ੍ਹਾਂ ਨੂੰ ਫੌਰੀ ਤੌਰ ਤੇ ਚੁੱਕਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਸਥਾਨਕ ਰਾਜਾਂ, ਰਾਸ਼ਟਰੀ ਅਤੇ ਵਿਸ਼ਵੀ ਏਜੰਸੀਆਂ, ਸਰਕਾਰੀ ਅਤੇ ਗ਼ੈਰ ਸਰਕਾਰੀ ਸੰਗਠਨਾਂ ਤੋਂ ਜ਼ਿਆਦਾ ਸਰੋਤ ਇਕੱਤਰ ਕਰਨ ਦੀ ਲੋੜ ਹੈ ਤਾਂ ਕਿ ਇਹ ਲਾਭ ਅੰਗਹੀਣ ਲੋਕਾਂ ਤੱਕ ਪੁੱਜਦੇ ਕੀਤੇ ਜਾ ਸਕਣ।

*(ਲੇਖਕ ਮੁੰਬਈ ਸਥਿਤ ਸਮਾਜਿਕ ਵਿਗਿਆਨ ਬਾਰੇ ਟਾਟਾ ਸੰਸਥਾ ਵਿੱਚ ਸਮਾਜਿਕ ਕਾਰਜ ਬਾਰੇ ਸਕੂਲ ਦੇ ਅਪਾਹਜਾਂ ਬਾਰੇ ਅਧਿਐਨ ਬਾਰੇ ਕੇਂਦਰ ਵਿੱਚ ਐਸੋਸ਼ੀਏਟ ਪ੍ਰੋਫੈਸਰ ਹਨ)*

*e-mail :limaye.sandhya@gmail.com*

*:slimaye@tiss.edu*

*ਸਫ਼ਾ 17 ਦਾ ਬਾਕੀ*

ਪੂੰਜੀਗਤ ਨਿਵੇਸ਼ ਦੀ ਲੋੜ ਪਵੇਗੀ ਤਾਂ ਕਿ ਢੁੱਕਵਾਂ ਸਿਹਤ ਬੁਨਿਆਦੀ ਢਾਂਚਾ ਯਕੀਨੀ ਬਣਾਇਆ ਜਾ ਸਕੇ। ਕੁੱਲ ਘਰੇਲੂ ਉਤਪਾਦ ਦਾ 1 ਪ੍ਰਤਿਸ਼ਤ ਵਿਆਪਕ ਮੁੱਢਲੀ ਸੰਭਾਲ, ਸੈਕਡਰੀ ਸੰਭਾਲ ਅਤੇ ਸਹਾਇਕ ਹਾਲਾਤਾਂ ਲਈ ਮੁਫਤ ਇਕਸਮਾਨ ਪਹੁੰਚ ਪ੍ਰਦਾਨ ਕਰਨ ਲਈ ਲੋੜੀਂਦਾ ਹੋਵੇਗਾ। ਇਹ 60 ਪ੍ਰਤਿਸ਼ਤ ਜਨਸੰਖਿਆ ਲਈ ਹੋਵੇਗਾ। ਇਸ ਦੇ ਨਾਲ ਹੀ ਕੁੱਲ ਘਰੇਲੂ ਉਤਪਾਦ ਦਾ ਘੱਟੋ-ਘੱਟ 2 ਪ੍ਰਤਿਸ਼ਤ ਪੂੰਜੀਗਤ ਨਿਵੇਸ਼ ਲਈ ਲੋੜੀਂਦਾ ਹੋਵੇਗਾ ਤਾਂ ਕਿ ਜਨਤਕ ਸਾਫ ਸਫਾਈ, ਪਾਣੀ ਦੀ ਨਿਕਾਸੀ, ਪੋਸ਼ਣ ਅਤੇ ਮਕਾਨ ਆਦਿ ਲਈ ਲੋੜੀਂਦਾ ਸਹਾਇਕ ਬੁਨਿਆਦੀ ਢਾਂਚਾ ਖੜ੍ਹਾ ਕੀਤਾ ਜਾ ਸਕੇ।

ਸਭਨਾਂ ਲਈ ਸਿਹਤ ਹਾਸਲ ਕਰਨਾ ਸਥਿਰ ਵਿਕਾਸ ਟੀਚਿਆਂ ਦੇ 2030 ਦੇ ਖਰੜੇ ਵਿੱਚ ਟੀਚਾ ਨੰਬਰ 3.8 ਵਜੋਂ ਦਰਜ ਹੈ। ਇਹ ਵਿਸ਼ਵ ਪੱਧਰ ਦਾ ਟੀਚਾ ਹਾਸਲ ਕਰਨ ਲਈ ਭਾਰਤ ਦੀ ਕਾਰਗੁਜ਼ਾਰੀ ਅਹਿਮ ਹੈ। ਭਾਰਤ ਸਰਕਾਰ ਵਲੋਂ 2017 ਦੀ ਰਾਸ਼ਟਰੀ ਸਿਹਤ ਨੀਤੀ ਨੂੰ ਸਹੀ ਅਰਥਾਂ ਵਿੱਚ ਲਾਗੂ ਕਰਨਾ, 2030 ਤੱਕ ਸਾਰਿਆਂ ਲਈ ਸਿਹਤ ਸੁਰੱਖਿਆ ਦਾ ਲੰਮੇ ਚਿਰ ਦਾ ਸੁਪਨਾ ਸੱਚ ਕਰਨ ਲਈ ਅਹਿਮ ਹੈ।

*(ਲੇਖਕ ਸਮਾਜਿਕ ਵਿਗਿਆਨ ਬਾਰੇ ਮੁੰਬਈ ਸਥਿਤ ਟਾਟਾ ਸੰਸਥਾ ਵਿੱਚ ਟਾਟਾ ਚੇਅਰ ਪ੍ਰੋਫੈਸਰ ਹਨ। ਉਹ ਭਾਰਤ ਸਰਕਾਰ ਦੇ ਪੇਂਡੂ ਵਿਕਾਸ ਬਾਰੇ ਮੰਤਰਾਲਾ ਦੀ ਪ੍ਰਧਾਨ ਮੰਤਰੀ ਪੇਂਡੂ ਵਿਕਾਸ ਫੈਲੋ ਸਕੀਮ ਦੇ ਉੱਚ ਸਲਾਹਕਾਰ ਵੀ ਹਨ)*

*e-mail :seta.prabhu@tiss.edu*

# ਕਿਸਾਨਾਂ ਦੀ ਭਲਾਈ ਯਕੀਨੀ ਬਣਾਉਣਾ : ਯਥਾਰਥ ਤੋਂ ਸੋਚ ਤੱਕ

ਨਿਲਾਬਜਾ ਘੋਸ਼

**ਜਾ**ਣ ਪਛਾਣ

ਨਾਮ ਬਦਲਣ ਦੇ ਮਾਮਲੇ ਵਿੱਚ ਮੰਤਰਾਲਿਆਂ ਦੀ ਸੋਚ ਕਈ ਵਾਰ ਵੱਖੋ-ਵੱਖ ਹੁੰਦੀ ਹੈ ਜਾਂ ਕਈ ਵਾਰ ਇਕਮੱਤ ਵੀ ਹੋ ਜਾਂਦੀ ਹੈ, ਪਰ 2015 ਵਿੱਚ ਖੇਤੀਬਾੜੀ ਮੰਤਰਾਲੇ ਦਾ ਨਾਮ ਬਦਲ ਕੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰਾਲਾ ਕਰਨਾ ਮਹਿਜ਼ ਇਕ ਕਾਰਜਸ਼ੀਲ ਪੁਨਰਗਠਨ ਨਹੀਂ ਸੀ। ਇਸ ਨਾਲ ਇਸ ਸਚਾਈ ਨੂੰ ਪ੍ਰਵਾਨਤ ਕੀਤਾ ਗਿਆ ਹੈ ਕਿ ਖੇਤੀਬਾੜੀ ਦਾ ਮਤਲਬ ਸਿਰਫ ਜ਼ਿਆਦਾ ਅਨਾਜ ਉਤਪਾਦਨ ਕਰਨਾ ਹੀ ਨਹੀਂ ਹੈ, ਪਰ ਇਹ ਇਕ ਸੋਚ ਹੈ ਕਿ ਉਤਪਾਦਕ ਸਮਾਜ ਦੇ ਬਾਕੀ ਵਰਗਾਂ ਵਾਂਗ ਸਨਮਾਨਜਨਕ ਜੀਵਨ ਬਤੀਤ ਕਰਨਗੇ।

ਹਰੇ ਇਨਕਲਾਬ ਅਤੇ ਨੀਤੀਗਤ ਦਖਲਾਂ ਸਦਕਾ, ਬੁਨਿਆਦੀ ਅਨਾਜ ਦੀਆਂ ਵੰਨਗੀਆਂ ਦੇ ਉਤਪਾਦਨ ਵਿੱਚ ਕਈ ਗੁਣਾ ਵਾਧਾ ਹੋਇਆ। 1960ਵਿਆਂ ਦੇ ਅਨਾਜ ਦੀ ਕਮੀ ਦੇ ਦਿਨਾਂ ਤੋਂ ਲੈ ਕੇ ਭਾਰਤ ਨੇ ਆਪਣਾ ਨਾਮ ਦੁਨੀਆਂ ਦੇ ਚੋਟੀ ਦੇ ਦੋ ਅਨਾਜ ਅਤੇ ਦੁੱਧ ਉਤਪਾਦਕਾਂ ਵਿੱਚ ਸ਼ੁਮਾਰ ਕਰ ਲਿਆ ਅਤੇ ਅਨਾਜ ਦੇ ਮਾਮਲੇ ਵਿੱਚ ਸਵੈ-ਨਿਰਭਰਤਾ ਹਾਸਲ ਕੀਤੀ। ਫਿਰ ਨੀਤੀਗਤ ਦਾਇਰਾ ਵਧਾ ਕੇ ਇਸ ਵਿੱਚ ਖਪਤਕਾਰ ਦੀ ਦਿਲਚਸਪੀ ਵਾਲੀਆਂ ਦੂਜੀਆਂ ਫ਼ਸਲਾਂ ਨੂੰ ਵੀ ਸ਼ਾਮਲ ਕੀਤਾ ਗਿਆ ਜਿਵੇਂ ਦਾਲਾਂ, ਫਲ ਅਤੇ ਸਬਜ਼ੀਆਂ (ਐੱਫ ਐਂਡ ਵੀ)। ਤਾਂ ਵੀ, ਇਸ ਵਿਕਾਸ ਦੀ ਗਾਥਾ ਵਿੱਚ ਕਿਸਾਨ ਉਤਪਾਦਕਾਂ ਦਾ ਇਕ ਵੱਡਾ ਹਿੱਸਾ ਇਸ ਤੋਂ ਵਾਂਝਾ ਰਹਿ ਗਿਆ ਅਤੇ ਉਨ੍ਹਾਂ ਦੀ ਇਸ ਵਿੱਚ ਦਿਲਚਸਪੀ ਨਾ ਬਣ ਸਕੀ। ਨਾ ਕੇਵਲ ਖੇਤੀਬਾੜੀ ਤੋਂ ਆਮਦਨ ਘੱਟ ਹੁੰਦੀ ਹੈ, ਸਗੋਂ ਆਰਥਿਕ ਅਨਿਸਚਿਤਤਾ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਕਿਸਾਨ ਹੀ ਹਨ। 2003-04 ਦੇ ਇਕ ਸਰਵੇਖਣ ਵਿੱਚ ਦੱਸਿਆ ਗਿਆ ਕਿ ਜੇ ਬਦਲ ਪ੍ਰਦਾਨ ਕੀਤਾ ਜਾਵੇ ਤਾਂ 40 ਪ੍ਰਤਿਸ਼ਤ ਖੇਤੀ ਕਰਨ ਵਾਲੇ ਪਰਿਵਾਰ ਕੋਈ ਦੂਸਰਾ ਕਿੱਤਾ ਅਪਣਾਉਣਾ ਪਸੰਦ ਕਰਨਗੇ (ਐੱਨ ਐੱਸ ਐੱਸ ਓ, 2005)। ਬਾਅਦ ਵਿੱਚ ਇਸੇ ਸਰਵੇਖਣ ਵਿੱਚ ਦਿਖਾਇਆ ਗਿਆ ਕਿ ਖਪਤ ਸੰਬੰਧਿਤ ਆਪਣੀਆਂ ਨਿਗੂਣੀਆਂ ਲੋੜਾਂ ਪੂਰੀਆਂ ਕਰਨ ਲਈ ਵੀ ਖੇਤੀ ਕਰਨ ਵਾਲੇ ਪਰਿਵਾਰਾਂ ਨੂੰ ਖੇਤੀ ਦੇ ਨਾਲ-ਨਾਲ ਹੋਰ ਸਰੋਤਾਂ ਤੋਂ ਵੀ ਆਮਦਨ ਜੁਟਾਉਣੀ ਪੈਂਦੀ ਹੈ (ਐੱਨ ਐੱਸ ਐੱਸ ਓ, 2014)।

ਇਸ ਲੇਖ ਵਿੱਚ ਇਸ ਸਵਾਲ ਦਾ ਜਵਾਬ ਲੱਭਣ ਦਾ ਯਤਨ ਕੀਤਾ ਗਿਆ ਹੈ ਕਿ ਰਿਕਾਰਡ ਉਤਪਾਦਨ ਕਰਨ ਅਤੇ ਖੇਤੀਬਾੜੀ ਦੀਆਂ ਰਵਾਇਤੀ ਅਤੇ ਨਵੀਨ ਤਕਨੀਕਾਂ ਅਪਣਾਉਣ ਦੇ ਬਾਵਜੂਦ ਵੀ ਕਿਸਾਨ ਗਰੀਬ ਕਿਉਂ ਹੈ, ਪਛੜਿਆ ਕਿਉਂ ਹੈ ਅਤੇ ਉਸ ਦਾ ਜੀਵਨ ਪੱਧਰ ਇੰਨਾ ਮਾੜਾ ਕਿਉਂ ਹੈ। ਇਸ ਗੱਲ ਬਾਰੇ ਵੀ ਚਰਚਾ ਕੀਤੀ ਗਈ ਹੈ ਕਿ ਇਸ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ।

## ਕਿਸਾਨ ਦੀ ਆਮਦਨ ਅਤੇ ਕਮਜ਼ੋਰੀ

ਕਿਸਾਨਾਂ ਦੇ ਸੰਕਟ ਅਤੇ ਪ੍ਰਧਾਨ ਮੰਤਰੀ ਵਲੋਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਭਾਸ਼ਣ ਤੋਂ ਬਾਅਦ ਕਿਸਾਨਾਂ ਦੀ ਆਮਦਨ ਬਾਰੇ ਦਿਲਚਸਪੀ ਪੈਦਾ ਹੋਈ। ਇਸ ਬਿਆਨ ਨੇ ਕਿਸਾਨਾਂ ਨੂੰ ਧਿਆਨ ਦਾ ਕੇਂਦਰ ਬਣਾ ਦਿੱਤਾ। ਖੇਤੀ ਆਮਦਨ ਬਹੁਤ ਸਾਰੇ ਪੱਖਾਂ ਉਤੇ ਨਿਰਭਰ ਕਰਦੀ ਹੈ। ਜ਼ਮੀਨ ਦੇ ਉਪਜਾਊਪਨ ਨੂੰ ਜ਼ਿਆਦਾ ਆਮਦਨ ਦੀ ਕੁੰਜੀ ਮੰਨਿਆ ਜਾਂਦਾ ਹੈ। ਕੁੱਲ ਕਾਰਕ ਉਤਪਾਦਕਤਾ ਵਿੱਚ ਵਾਧਾ ਕਰਨਾ ਵੀ ਅਹਿਮ ਹੈ ਕਿਉਂਕਿ ਪਾਣੀ ਅਤੇ ਖਾਦਾਂ ਵਰਗੇ ਕਮੀ ਵਾਲੇ ਨਿਵੇਸ਼ ਬਹੁਤ ਮਹਿੰਗੇ ਪੈਂਦੇ ਹਨ। ਤਕਨਾਲੋਜੀ ਅਤੇ ਢੰਗ ਤਰੀਕਿਆਂ ਵਿੱਚ ਸੁਧਾਰ ਉਤਪਾਦਨ ਅਤੇ ਸਮਰੱਥਾ ਵਿੱਚ ਵਾਧਾ ਕਰਦੇ ਹਨ। ਬਾਜ਼ਾਰੀਕਰਨ ਯੋਗ ਵਧੀਕ ਅਤੇ ਉਤਪਾਦ ਖਰਾਬੀ ਵੀ ਵੇਚ ਕੀਮਤ ਨੂੰ ਨਿਰਧਾਰਤ ਕਰਦੇ ਹਨ ਪਰ ਉਤਪਾਦਾਂ ਅਤੇ ਲਾਗਤਾਂ ਦੀਆਂ ਕੀਮਤਾਂ ਵੀ ਖੇਤੀ ਆਮਦਨ ਨਿਰਧਾਰਤ ਕਰਨ ਦੇ ਅਹਿਮ ਕਾਰਕ ਹਨ। ਭਾਰਤ ਦੀ ਖੇਤੀ ਵਾਤਾਵਰਣਿਕ ਭਿੰਨਤਾ ਤੋਂ ਸਾਰੇ ਜਾਣੂੰ ਹਨ ਪਰ ਇਕ ਸੰਘੀ ਢਾਂਚੇ ਵਿੱਚ ਵੱਖ-ਵੱਖ ਰਾਜਾਂ ਦੀਆਂ ਨੀਤੀਆਂ ਵੀ ਵੱਖੋ-ਵੱਖਰੀਆਂ ਹਨ। ਸਿੱਟੇ ਵਜੋਂ ਫ਼ਸਲ ਦੀ ਉਪਜ ਦੇ ਭਾਅ, ਬੁਨਿਆਦੀ ਢਾਂਚਾ ਅਤੇ ਸੰਸਥਾਨ ਦੇਸ਼ ਵਿੱਚ ਵੱਖੋ-ਵੱਖ ਹਨ। ਭਾਰਤ ਦੇ ਖੇਤਾਂ ਦੇ ਛੋਟੇ ਅਕਾਰ ਅਰਥਚਾਰੇ ਵਿੱਚ ਖਰਾਬੀ ਲਿਆ ਸਕਦੇ ਹਨ। ਜਨਸੰਖਿਆ ਵਿੱਚ ਵਾਧਾ, ਘੱਟ ਉਦਯੋਗਿਕ ਰੋਜ਼ਗਾਰ ਨਿਰਮਾਣ, ਇਹ ਸਾਰੇ ਜ਼ਮੀਨ ਤੇ ਜਾਂ ਕਹਿ ਲਈਏ ਖੇਤੀਬਾੜੀ ਨੂੰ ਦਬਾਅ ਹੇਠ ਲੈ ਆਉਂਦੇ ਹਨ ਜਿਸ ਨਾਲ ਪ੍ਰਤਿ ਵਿਅਕਤੀ ਖੇਤੀ ਆਮਦਨ ਘੱਟ ਰਹਿੰਦੀ ਹੈ। ਦੇਸ਼ ਦੇ ਕੁੱਝ ਭਾਗਾਂ ਦੇ ਮੁਕਾਬਲੇ ਹੋਰ ਹਿੱਸਿਆਂ ਵਿੱਚ ਫ਼ਸਲਾਂ ਦੀ ਬਿਜਾਈ ਜ਼ਿਆਦਾ ਲਾਭਕਾਰੀ ਹੈ ਜਿਸ ਦਾ ਕਾਰਨ ਕੁਦਰਤੀ, ਜਨਸੰਖਿਅਕ ਅਤੇ ਪ੍ਰਸ਼ਾਸਕੀ ਅੰਤਰ ਹਨ। ਪ੍ਰਤਿ ਵਿਅਕਤੀ ਪਰਿਵਾਰਕ ਆਮਦਨ ਵਿੱਚ ਵਾਧਾ ਕਰਨ ਅਤੇ ਇਸ ਖੇਤਰ ਵਿੱਚ ਨਵੇਂ ਵਿਚਾਰ ਅਤੇ





ਹੁਨਰ ਲਿਆਉਣ ਨਾਲ ਕਾਮਾਸ਼ਕਤੀ ਦੇ ਵੱਖ-ਵੱਖ ਖੇਤਰਾਂ ਵਿੱਚ ਜਾਣ ਦਾ ਰਾਹ ਪੱਧਰਾ ਹੋ ਸਕਦਾ ਹੈ। ਉੱਚ ਖੇਤੀ ਆਮਦਨ ਨਾਲ ਮੰਗ ਵਿੱਚ ਵਾਧਾ ਹੋਵੇਗਾ ਅਤੇ ਗ਼ੈਰ ਖੇਤੀ ਖੇਤਰਾਂ ਨੂੰ ਇਸ ਤੋਂ ਲਾਭ ਹਾਸਲ ਹੋਵੇਗਾ।

ਖੇਤੀਬਾੜੀ ਲਈ ਸਭ ਤੋਂ ਚਰਮ ਦਾ ਜੋਖ਼ਮ ਮੌਸਮ ਹੈ। ਮੌਨਸੂਨ ਦੀ ਕਮੀ ਨਾ ਸਿਰਫ ਮੌਜੂਦਾ ਉਤਪਾਦਨ ਉਤੇ ਅਸਰਅੰਦਾਜ਼ ਹੁੰਦੀ ਹੈ, ਸਗੋਂ ਇਸ ਦਾ ਪ੍ਰਭਾਵ ਆਉਣ ਵਾਲੇ ਸੀਜ਼ਨਾਂ ਅਤੇ ਸਾਲਾਂ ਤੱਕ ਨਜ਼ਰ ਆਉਂਦਾ ਹੈ ਕਿਉਂਕਿ ਭੰਡਾਰ ਗ੍ਰਿਹਾਂ, ਦਰਿਆਵਾਂ, ਨਹਿਰਾਂ, ਖੂਹਾਂ ਅਤੇ ਧਰਤੀ ਹੇਠ ਪਾਣੀ ਦਾ ਪੱਧਰ ਘਟ ਜਾਂਦਾ ਹੈ। 2014 ਅਤੇ 2015 ਵਰਗੀ ਮੌਨਸੂਨ ਦੀ ਨਾਕਾਮੀ ਕਿਸਾਨਾਂ ਨੂੰ ਕਰਜ਼ੇ ਅਤੇ ਸੰਕਟ ਵਿੱਚ ਉਲਝਾ ਸਕਦੀ ਹੈ ਜਿਸ ਨਾਲ ਪਹਿਲਾਂ ਕੀਤਾ ਨਿਵੇਸ਼ ਵੀ ਅਜਾਈਂ ਹੋ ਜਾਂਦਾ ਹੈ। ਜਦੋਂ ਮੁੱਖਧਾਰਾ ਦੇ ਲੋਕ ਆਮ ਮੌਨਸੂਨ ਰਹਿਣ ਉਤੇ ਖ਼ੁਸ਼ੀ ਮਨਾਉਂਦੇ ਹਨ, ਅਨਿਯਮਤ ਅੰਤਰ ਸਾਲ ਬਾਰਸ਼ ਦੀ ਵੰਡ ਇਕ ਚਿੰਤਾ ਦਾ ਵਿਸ਼ਾ ਹੈ ਜਦ ਕਿ ਕੁੱਝ ਵਿਸ਼ੇਸ਼ ਖੇਤਰਾਂ ਵਿੱਚ ਬਾਰਸ਼ ਦੀ ਕਮੀ ਵੀ ਹੋ ਸਕਦੀ ਹੈ। ਜ਼ਿਆਦਾ ਜਾਂ ਬੇਮੌਸਮੀ ਬਰਸਾਤ ਵੀ ਇਕ ਖ਼ਤਰਾ ਹੈ। ਹੜ੍ਹ ਮਾਰੂ ਸਾਬਤ ਹੋ ਸਕਦੇ ਹਨ। 2016 ਵਿੱਚ ਜਦੋਂ ਮੌਨਸੂਨ ਆਮ ਸੀ ਤਾਂ 9 ਰਾਜਾਂ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ। ਬਿਹਾਰ ਵਿੱਚ ਦਰਿਆਵਾਂ ਦੇ ਪਾਣੀ ਦਾ ਪੱਧਰ ਵਧਣ ਨਾਲ 5 ਲੱਖ ਲੋਕਾਂ ਨੂੰ ਘਰ ਘਾਟ ਛੱਡਣੇ ਪਏ ਅਤੇ 3 ਲੱਖ ਹੈਕਟੇਅਰ ਫ਼ਸਲ ਪ੍ਰਭਾਵਿਤ ਹੋਈ। ਕੀਮਤਾਂ ਦੀ ਅਸਥਿਰਤਾ ਵੀ ਸੰਕਟ ਦਾ ਕਾਰਨ ਬਣਦੀ ਹੈ। ਆਮ ਹਾਲਤਾਂ ਵਿੱਚ ਵੀ ਬਾਜ਼ਾਰੀਕਰਨ ਦੇ ਕੁੱਝ ਮਹੀਨਿਆਂ ਦੌਰਾਨ ਕੀਮਤਾਂ ਉਤੇ ਦਬਾਅ ਵਧਦਾ ਹੈ ਭਾਵੇਂ ਕਿ ਉਹੀ ਕੀਮਤ ਬਾਅਦ ਵਿੱਚ ਥਾਂ ਸਿਰ ਆਉਣ ਜਾਂ ਵਧਣ ਦਾ ਯਤਨ ਕਰਦੀ ਹੈ ਪਰ ਕਿਸਾਨਾਂ ਕੋਲ ਆਪਣੀ ਉਪਜ ਨੂੰ ਭੰਡਾਰ ਕਰ ਕੇ ਰੱਖਣ ਦਾ ਕੋਈ ਸਾਧਨ ਨਹੀਂ ਹੁੰਦਾ। ਇਥੋਂ ਤੱਕ ਕਿ ਬਾਅਦ ਵਿੱਚ ਉਨ੍ਹਾਂ ਨੂੰ ਅਨਾਜ ਮਹਿੰਗੇ ਭਾਅ ਉਤੇ ਵੀ ਖਰੀਦਣਾ ਪੈਂਦਾ ਹੈ। ਘੱਟੋ-ਘੱਟ ਸਹਾਇਕ ਮੁੱਲ ਵਿੱਚ ਵਾਧਾ ਕਿਸਾਨਾਂ ਨੂੰ ਦੇਸ਼ ਵਾਸਤੇ ਹੋਰ ਜ਼ਿਆਦਾ ਅਨਾਜ ਉਤਪਾਦਨ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਕੀਮਤਾਂ ਲਾਭਕਾਰੀ ਤੇ ਸਥਿਰ ਰਹਿੰਦੀਆਂ ਹਨ। ਪਰ ਇਹ ਤਾਂ ਹੀ ਸੰਭਵ ਹੈ ਜੇ ਸਰਕਾਰ ਢੁੱਕਵੀਂ ਖਰੀਦ ਕਰੇ। ਪੂਰਤੀ ਵਿੱਚ ਵਾਧਾ ਕੀਮਤਾਂ ਨੂੰ ਕਾਬੂ ਹੇਠ ਰੱਖਦਾ ਹੈ। 2016-17 ਦੀ ਭਰਪੂਰ ਪੈਦਾਵਾਰ ਨੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਵਾਧੇ ਦੇ ਬਾਵਜੂਦ ਦਾਲਾਂ ਦੀਆਂ ਕੀਮਤਾਂ ਵਿੱਚ ਕਮੀ ਲਿਆਂਦੀ ਸੀ। ਮੰਗ ਵਿੱਚ ਉਤਾਰ-ਚੜ੍ਹਾਅ ਅਤੇ ਵਿਸ਼ਵ ਦੀ ਮੁਕਾਬਲੇਬਾਜ਼ੀ, ਬਾਜ਼ਾਰਾਂ ਨੂੰ ਖੋਲ੍ਹਣ ਨਾਲ, ਕੀਮਤਾਂ ਵਿੱਚ ਹੋਰ ਅਨਿਸਚਿਤਤਾ ਲਿਆ ਸਕਦੀ ਹੈ।

## ਦਿਹਾਤੀ ਸਹੂਲਤਾਂ

ਭਲਾਈ ਨੂੰ ਸਿਰਫ ਉਤਪਾਦਨ ਅਤੇ ਕੀਮਤਾਂ ਦੇ ਮੱਦੇਨਜ਼ਰ ਵੇਖਣਾ ਗਲਤ ਹੈ। ਬਹੁ-ਪ੍ਰਕਾਰ ਦੀਆਂ ਸੇਵਾਵਾਂ ਰੋਜ਼ਮਰਾ ਦੇ ਜੀਵਨ ਵਿੱਚ ਸਹਾਈ ਹੁੰਦੀਆਂ ਹਨ, ਨਵੇਂ ਮੌਕੇ ਪੈਦਾ ਕਰਦੀਆਂ ਹਨ ਅਤੇ ਸਮਰੱਥਾ ਵਿੱਚ ਵਾਧਾ ਕਰਦੀਆਂ ਹਨ (ਸੇਨ, 2005)। ਉਹ ਤਕਨਾਲੋਜੀ ਤਰੱਕੀ ਦੇ ਲਾਭ ਲੈਣ ਦਾ ਮੌਕਾ ਦਿੰਦੀਆਂ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਵਿਵਸਥਾਵਾਂ ਨੂੰ ਨਾਗਰਿਕਾਂ ਦੇ 'ਅਧਿਕਾਰ' ਮੰਨਿਆ ਜਾ ਸਕਦਾ ਹੈ ਜੋ ਸਰਕਾਰ ਦੀ ਜ਼ਿੰਮੇਵਾਰੀ ਬਣ ਜਾਂਦੇ ਹਨ। ਬਦਕਿਸਮਤੀ ਨੂੰ ਇਕ 'ਸ਼ਹਿਰੀ ਪੱਖਪਾਤ' (ਲਿਪਟਨ, 1977) ਹਾਲੇ ਵੀ ਭਾਰਤ ਦੇ ਵਿਕਾਸ ਵਿੱਚ ਅੜਿੱਕਾ ਬਣਿਆ ਹੋਇਆ ਹੈ ਜੋ ਹੋਰਨਾਂ ਤੋਂ ਜ਼ਿਆਦਾ ਕਿਸਾਨਾਂ ਨਾਲ ਵਿਤਕਰੇਬਾਜ਼ੀ ਕਰਦਾ ਹੈ।

ਬੜੇ ਸਾਲਾਂ ਤੱਕ ਗਰੀਬਾਂ ਦਾ ਮਨੁੱਖੀ ਸਰੋਤ ਵਿਕਾਸ ਧਿਆਨ ਦਾ ਕੇਂਦਰ ਨਹੀਂ ਬਣ ਸਕਿਆ। ਪਿੰਡ, ਜਿਥੇ ਗਰੀਬਾਂ ਦੀ ਸਭ ਤੋਂ ਵੱਧ ਗਿਣਤੀ ਰਹਿੰਦੀ ਹੈ, ਸਭ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸਨ। ਇਥੋਂ ਤੱਕ ਕਿ ਜਦੋਂ ਸਕੂਲੀ ਦਾਖ਼ਲਿਆਂ ਨੂੰ ਅਹਿਮੀਅਤ ਮਿਲਣੀ ਸ਼ੁਰੂ ਹੋ ਗਈ ਤਾਂ ਵੀ ਸਿੱਖਿਆ ਗੁਣਵੱਤਾ ਅਤੇ ਰੋਜ਼ਗਾਰ ਯੋਗ ਹੁਨਰ ਸਮੱਗਰੀ ਪੱਖੋਂ ਮਾਰ ਖਾ ਗਈ। ਬਜਟ ਦੀਆਂ ਮਜਬੂਰੀਆਂ, ਕਮਜ਼ੋਰ ਨੀਤੀਗਤ ਅਮਲ ਅਤੇ ਭ੍ਰਿਸ਼ਟਾਚਾਰ ਆਦਿ ਕੁੱਝ ਇਤਿਹਾਸਕ ਕਾਰਨ ਇਸ ਲਈ ਜ਼ਿੰਮੇਵਾਰ ਹਨ। ਇਨ੍ਹਾਂ ਨੇ ਜਨਤਕ ਸਿਹਤ ਸੇਵਾਵਾਂ ਦੀ ਹਾਲਤ ਵੀ ਖਰਾਬ ਕਰ ਦਿੱਤੀ ਜਿਸ ਉਤੇ ਦੇਸ਼ ਦਾ ਵੱਡਾ ਕਿਸਾਨੀ ਵਰਗ ਨਿਰਭਰ ਹੈ। ਪੋਸ਼ਣ ਅਤੇ ਵਾਤਾਵਰਨ ਜਿਸ ਵਿੱਚ ਸਥਾਈ ਪ੍ਰਥਾਵਾਂ ਨਾਲ ਸੁਧਾਰ ਕੀਤਾ ਜਾ ਸਕਦਾ ਹੈ, ਵੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਜਨਤਕ ਵੰਡ ਪ੍ਰਣਾਲੀ, ਇਕ ਸਮਾਨ ਅਤੇ ਜਿਸ ਨੂੰ ਬਾਅਦ ਵਿੱਚ ਗਰੀਬਾਂ ਉਤੇ ਕੇਂਦਰਿਤ ਕੀਤਾ ਗਿਆ, ਨੇ ਛੋਟੇ ਕਿਸਾਨਾਂ ਦੀ ਉਦੋਂ ਬਾਂਹ ਫੜੀ ਜਦੋਂ ਅਨਾਜ ਉਤਪਾਦਨ ਲੋੜ ਤੋਂ ਘੱਟ ਹੋਇਆ। ਪਰ, ਆਲੋਚਨਾ ਦੀ ਸ਼ਿਕਾਰ ਜਨਤਕ ਵੰਡ ਪ੍ਰਣਾਲੀ ਵਿੱਚ 1980ਵਿਆਂ ਦੇ ਅੱਧ ਤੋਂ ਲਗਾਤਾਰ ਸੋਧਾਂ ਕੀਤੀਆਂ ਜਾ ਰਹੀਆਂ ਹਨ।

ਭਾਵੇਂ ਕਿ ਪਿਛਲੇ ਦਹਾਕਿਆਂ ਦੌਰਾਨ ਜਨਤਕ ਕੋਸ਼ਿਸ਼ਾਂ ਦਾ ਕੇਂਦਰ ਬਿੰਦੂ ਸੰਪਰਕ (ਸੜਕਾਂ, ਰੇਲਵੇ, ਮੈਟਰੋ ਰੇਲ) ਰਿਹਾ ਹੈ, ਹਾਲੇ ਵੀ 16 ਪ੍ਰਤਿਸ਼ਤ ਭਾਰਤ ਦੇ ਪਿੰਡਾਂ ਦਾ ਸੰਪਰਕ ਹਰ ਮੌਸਮ ਦੀਆਂ ਸੜਕਾਂ ਤੋਂ ਸੱਖਣਾ ਹੈ (ਅਸ਼ਰ ਅਤੇ ਨੋਵੋਸਾਟ, 2017)। ਬਿਜਲੀ ਜੀਵਨ ਨੂੰ



ਸੁਖੈਨ ਬਣਾਉਂਦੀ ਹੈ ਜਿਸ ਨਾਲ ਆਰਥਿਕ ਸਰਗਰਮੀਆਂ ਵਿੱਚ ਵਾਧਾ ਹੁੰਦਾ ਹੈ। ਮਕਾਨ, ਪਾਣੀ ਅਤੇ ਸੀਵਰੇਜ਼ ਨਿਕਾਸ ਸਿਹਤ ਅਤੇ ਵਾਤਾਵਰਨ ਲਈ ਜ਼ਰੂਰੀ ਹਨ। ਮਰਦਮਸ਼ੁਮਾਰੀ ਦੇ ਅੰਕੜੇ ਦਰਸਾਉਂਦੇ ਹਨ ਕਿ 45–70 ਪ੍ਰਤਿਸ਼ਤ ਦਿਹਾਤੀ ਵਸੋਂ ਕੋਲ, ਬਿਜਲੀ ਦਾ ਕੁਨੈਕਸ਼ਨ ਨਹੀਂ ਹੈ, ਘਰਾਂ ਵਿੱਚ ਪਾਣੀ ਦੀ ਪੂਰਤੀ ਨਹੀਂ ਜਾਂ ਪਾਖ਼ਾਨਿਆਂ ਦੀ ਸਹੂਲਤ ਨਹੀਂ ਅਤੇ ਇਨ੍ਹਾਂ ਵਿੱਚੋਂ 18 ਪ੍ਰਤਿਸ਼ਤ ਕੋਲ ਉਪਰੋਕਤ ਸਹੂਲਤਾਂ ਵਿੱਚੋਂ ਕੁੱਝ ਵੀ ਨਹੀਂ (ਮਿਸ਼ਰਾ ਅਤੇ ਸ਼ੁਕਲਾ, 2013)। ਮੋਬਾਈਲ ਫ਼ੋਨਾਂ, ਇੰਟਰਨੈੱਟ ਅਤੇ ਪੁਲਾੜ ਤਕਨਾਲੋਜੀ ਨਾਲ ਜਾਣਕਾਰੀ ਦਾ ਪ੍ਰਸਾਰਣ ਤੇਜ਼ ਹੋ ਜਾਂਦਾ ਹੈ ਜਿਸ ਲਈ ਕੁੱਝ ਬੁਨਿਆਦੀ ਢਾਂਚੇ ਦੀ ਲੋੜ ਹੁੰਦੀ ਹੈ। ਇਸ ਪ੍ਰਕਾਰ ਭੌਤਿਕ ਬੁਨਿਆਦੀ ਢਾਂਚਾ ਖੇਤੀਬਾੜੀ ਭਾਈਚਾਰੇ ਦੇ ਸਮਾਜਿਕ ਜੀਵਨ ਵਿੱਚ ਸੁਧਾਰ ਲਿਆ ਸਕਦਾ ਹੈ, ਉਤਪਾਦਨ ਵਿੱਚ ਵਾਧਾ ਕਰ ਸਕਦਾ ਹੈ, ਬਾਜ਼ਾਰੀਕਰਨ ਵਿੱਚ ਸਹਾਈ ਹੋ ਸਕਦਾ ਹੈ, ਉਤਪਾਦ ਦੀ ਖਰਾਬੀ ਘੱਟ ਕਰ ਸਕਦਾ ਹੈ, ਮੁੱਲ ਵਾਧੇ ਨੂੰ ਉਤਸ਼ਾਹਿਤ ਕਰ ਸਕਦਾ ਹੈ ਅਤੇ ਸਮਾਜਿਕ ਬੁਨਿਆਦੀ ਢਾਂਚੇ ਨੂੰ ਜ਼ਿਆਦਾ ਪ੍ਰਭਾਵੀ ਬਣਾ ਸਕਦਾ ਹੈ।

ਔਰਤਾਂ ਦੀਆਂ ਵਿਸ਼ੇਸ਼ ਲੋੜਾਂ ਹੁੰਦੀਆਂ ਹਨ। ਕਿਸਾਨ ਪਰਿਵਾਰਾਂ ਦੀਆਂ ਔਰਤਾਂ ਜ਼ਿਆਦਾਤਰ ਬਿਨਾਂ ਉਜਰਤ ਦੇ ਖੇਤੀ ਦਾ ਕੰਮਕਾਰ ਕਰਦੀਆਂ ਹਨ। ਛੋਟੀ ਕਿਸਾਨੀ ਵਾਲੇ ਪਰਿਵਾਰਾਂ ਦੀਆਂ ਔਰਤਾਂ ਨੂੰ ਔਖੇ ਕੰਮ ਕਰਨ ਲਈ ਵੀ ਮਜਬੂਰ ਹੋਣਾ ਪੈਂਦਾ ਹੈ ਜਿਵੇਂ ਘੱਟ ਉਜਰਤ ਉਤੇ ਝੋਨਾ ਲਾਉਣਾ (ਘੋਸ਼, 2010)। ਸਬੂਤ ਦਰਸਾਉਂਦੇ ਹਨ ਕਿ ਨਵੀਂ ਤਕਨਾਲੋਜੀ ਦੇ ਆਉਣ ਨਾਲ ਅਤੇ ਜ਼ਿਆਦਾ ਆਮਦਨ ਦੇ ਮੌਕੇ ਪੈਦਾ ਹੋਣ ਨਾਲ, ਔਰਤਾਂ ਮਜ਼ਦੂਰੀ ਦੇ ਕੰਮ ਤੋਂ ਹਟ ਜਾਂਦੀਆਂ ਹਨ (ਬੋਸਰਪ, 1970)। ਮਰਦਾਂ ਵਲੋਂ ਗ਼ੈਰ ਖੇਤੀ ਕੰਮ ਵੱਲ ਜਾਣ ਦੀ ਤਰਜੀਹ ਦੇ ਚਲਦਿਆਂ, ਖੇਤੀਬਾੜੀ ਦੇ ਕੰਮ ਦਾ 'ਔਰਤਕਰਨ' ਗਰੀਬ ਔਰਤਾਂ ਦੀ ਮਜਬੂਰੀ ਬਣ ਜਾਂਦਾ ਹੈ (ਜਿਗਿਨਜ਼, 1998)। ਸਿਖਲਾਈ ਅਤੇ ਹੁਨਰ, ਔਰਤ ਵਿਸ਼ੇਸ਼ ਸਿਹਤ ਸੇਵਾਵਾਂ, ਬੱਚਿਆਂ ਦੀ ਸਾਂਭ ਸੰਭਾਲ ਲਈ ਸਹਾਇਤਾ, ਔਰਤਾਂ ਦੇ ਅਨੁਕੂਲ ਮਸ਼ੀਨਰੀ ਅਤੇ ਜਾਣਕਾਰੀ ਤੱਕ ਪਹੁੰਚ ਖੇਤੀ ਖੇਤਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਲਈ ਮਹੱਤਵਪੂਰਨ ਹਨ।

ਕਿਸਾਨਾਂ ਦੀ ਭਲਾਈ ਲਈ ਨਵੇਂ ਅਤੇ ਉੱਭਰ ਰਹੇ ਰਸਤੇ – ਬੜੇ ਸਾਲਾਂ ਤੱਕ, ਭਾਰਤ ਦੀ ਖੇਤੀਬਾੜੀ ਵਿਕਾਸ ਦੇ ਮੁੱਖ ਕਾਰਕ ਜਿਵੇਂ ਸੁਧਰੇ ਹੋਏ ਬੀਜਾਂ ਦੀ ਪੂਰਤੀ, ਖਾਦਾਂ ਤੇ ਸਬਸਿਡੀ, ਸਸਤੀ ਬਿਜਲੀ ਅਤੇ ਸਿੰਜਾਈ ਕੰਮਾਂ ਲਈ ਰਿਆਇਤੀ ਕਰਜ਼ਾ, ਅਨਾਜ ਦੇ ਘੱਟੋ-ਘੱਟ ਸਮਰਥਨ ਮੁੱਲ ਤੇ ਸਰਕਾਰੀ ਖਰੀਦ ਆਦਿ ਨੇ ਉਤਪਾਦਨ ਦੇ ਮਸਲੇ ਨੂੰ ਹੱਲ ਕਰ ਦਿੱਤਾ ਜਿਸ ਨੇ ਖਪਤਕਾਰਾਂ ਦੀ ਅੰਨ ਸੁਰੱਖਿਆ ਅਤੇ ਖੇਤੀ ਨੂੰ ਲਾਭਕਾਰੀ ਬਣਾਉਣਾ ਯਕੀਨੀ ਕੀਤਾ। ਜਦੋਂ ਇਹ ਵੇਖਿਆ ਗਿਆ ਕਿ ਜ਼ਿਆਦਾ ਸਹਾਇਤਾ ਵਾਧੂ ਅਨਾਜ ਪੈਦਾ ਕਰਨ ਵਾਲੇ ਖਿੱਤਿਆਂ ਤੱਕ ਹੀ ਸੀਮਤ ਹੈ ਤਾਂ ਦੂਜੀਆਂ ਫ਼ਸਲਾਂ, ਭੰਡਾਰਨ ਸਹੂਲਤਾਂ, ਬਰਸਾਤ ਵਾਲੇ ਖੇਤਰਾਂ ਅਤੇ ਸਥਾਨਕ ਲੋੜਾਂ ਵੱਲ ਬੀ ਜੀ ਆਰ ਈ ਆਈ, ਆਈ ਐੱਸ ਓ ਪੀ ਓ ਐੱਮ, ਐੱਨ ਐੱਫ ਐੱਸ ਐੱਮ, ਆਰ ਕੇ ਵੀ ਵਾਈ, ਡਬਲਯੂ ਡੀ ਆਰ ਏ ਵਰਗੇ ਪ੍ਰੋਗਰਾਮਾਂ ਰਾਹੀਂ ਧਿਆਨ ਮੋੜਿਆ ਗਿਆ, ਖ਼ਾਸ ਕਰਕੇ ਪੂਰਬੀ ਖੇਤਰਾਂ ਵਿੱਚ। ਸਥਿਰ ਪ੍ਰਥਾਵਾਂ ਨੂੰ ਜ਼ਿਆਦਾ ਤਰਜੀਹ ਮਿਲਣ ਲੱਗੀ। ਪੈਰਿਸ ਸਮਝੌਤੇ ਉਤੇ ਦਸਤਖ਼ਤ ਕਰਨ ਨਾਲ ਭਾਰਤ ਵਾਤਾਵਰਨ ਬਦਲਾਅ ਖਿਲਾਫ਼ ਵਿਸ਼ਵੀ ਜੰਗ ਵਿੱਚ ਸ਼ਾਮਲ ਹੋ ਗਿਆ ਹੈ ਅਤੇ ਉੱਚ ਤਰੱਕੀ ਅਤੇ ਸਥਿਰ ਵਿਕਾਸ ਲਈ ਵਿਆਪਕ ਦਿਸ਼ਾ ਨਿਰਦੇਸ਼ (ਐੱਨ ਏ ਪੀ ਸੀ ਸੀ) ਤਿਆਰ ਕੀਤੇ ਗਏ ਹਨ। ਮੌਸਮ ਵਿੱਚ ਬਦਲਾਅ ਬਾਰੇ ਵਧਦੀ ਜਾਗਰੂਕਤਾ, ਜਿਸ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਕਿਸਾਨ ਹੁੰਦੇ ਹਨ, ਨੇ ਕੁਦਰਤੀ ਆਫ਼ਤਾਂ ਪ੍ਰਤਿ ਨੀਤੀ ਘੜਨ ਲਈ ਮਜਬੂਰ ਕੀਤਾ ਹੈ।

ਜੋਖ਼ਮ ਪ੍ਰਬੰਧਨ ਦਾ ਕੁਦਰਤੀ ਹੱਲ ਬੀਮਾ ਹੈ ਪਰ ਫ਼ਸਲ ਬੀਮਾ ਸਕੀਮ ਸ਼ੁਰੂ ਕਰਨ ਨੂੰ ਕਈ ਦਹਾਕੇ ਲੱਗ ਗਏ (ਮਿਸ਼ਰਾ, 1996, ਹੇਜ਼ਲ, 1986)। ਐੱਨ ਏ ਆਈ ਐੱਸ 1999–00 ਵਿੱਚ ਹੀ ਅਰੰਭ ਹੋ ਸਕਿਆ, ਜਿਸ ਤਹਿਤ ਉਪਜ ਬੀਮਾ ਲਈ 'ਖੇਤਰਫਲ' ਪਹੁੰਚ ਅਪਣਾਈ ਗਈ ਅਤੇ ਅੰਕੜਿਆਂ ਦੀ ਲੋੜ ਨੂੰ ਘੱਟ ਤੋਂ ਘੱਟ ਕੀਤਾ ਗਿਆ ਕਿਉਂਕਿ ਕਿਸੇ ਵੀ 'ਖੇਤਰ' ਦੇ ਕਿਸਾਨਾਂ ਨੂੰ ਇਹੋ ਜਿਹੇ ਜੋਖ਼ਮ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਰ ਅੰਕੜਿਆਂ ਦੀ ਘਾਟ ਕਾਰਨ ਐੱਨ ਏ ਆਈ ਐੱਸ ਛੋਟੀਆਂ ਇਕਾਈਆਂ ਦੇ ਜੋਖ਼ਮਾਂ ਦਾ ਹੱਲ ਕਰਨ ਵਿੱਚ ਨਾਕਾਮ ਰਿਹਾ ਅਤੇ ਇਹ ਵਪਾਰਕ ਤੌਰ ਤੇ ਵੀ ਘਾਟੇ ਵਾਲਾ ਸਾਬਤ ਹੋਇਆ। ਇਸ ਦੇ ਮੱਦੇਨਜ਼ਰ, ਫ਼ਸਲ ਬੀਮਾ ਯੋਜਨਾ ਵਿੱਚ ਕਈ ਸੋਧਾਂ ਕੀਤੀਆਂ ਗਈਆਂ। ਜਨਵਰੀ 2016 ਵਿੱਚ ਸਰਕਾਰ ਵਲੋਂ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਜਿਸ ਦੇ ਦਾਇਰੇ ਹੇਠ ਮੌਸਮ, ਕੀਟ, ਬਿਮਾਰੀਆਂ, ਬੀਜੀਆਂ ਫ਼ਸਲਾਂ ਦਾ ਨੁਕਸਾਨ ਆਉਂਦਾ ਹੈ। ਭਾਵੇਂ ਕਿ ਸਰਕਾਰ ਵਲੋਂ ਕਿਸਾਨਾਂ ਵਲੋਂ ਦਿੱਤੀ ਜਾਣ ਵਾਲੀ ਕਿਸ਼ਤ ਉਤੇ ਸਬਸਿਡੀ ਦਿੱਤੀ ਜਾ ਰਹੀ ਹੈ, ਨਿੱਜੀ ਬੀਮਾ ਧਾਰਕਾਂ ਨੂੰ ਮੁਕਾਬਲੇ ਵਾਲੀਆਂ ਬੀਮਾਂ ਦਰਾਂ ਦੇ ਨਿਰਧਾਰਨ ਲਈ ਨਿੱਜੀ ਖੇਤਰ ਨੂੰ ਸੱਦਾ ਦਿੱਤਾ ਗਿਆ। ਆਧੁਨਿਕ ਤਕਨਾਲੋਜੀ ਨੇ ਉਪਜ ਦੇ ਅੰਕੜਿਆਂ ਨੂੰ ਇਕੱਤਰ

ਕਰਨ ਦੀ ਰਫ਼ਤਾਰ ਨੂੰ ਤੇਜ਼ ਕਰ ਦਿੱਤਾ ਤਾਂ ਕਿ ਮਨਜ਼ੂਰਸ਼ੁਦਾ 'ਖੇਤਰ' ਭਵਿੱਖ ਵਿੱਚ ਸਹੀ ਅਰਥਾਂ ਵਿੱਚ ਸਮਰੂਪ ਹੋ ਸਕਣ।

ਮੌਸਮ ਬਦਲਾਅ ਦੇ ਖਿਲਾਫ਼ ਫ਼ਸਲ ਬੀਮਾ ਇਕ ਅਹਿਮ ਸੁਰੱਖਿਆ ਹੋ ਸਕਦਾ ਹੈ ਪਰ ਮੌਸਮ ਦੀ ਮਹਾਂਮਾਰੀ ਦੇ ਦਾਇਰੇ ਹੇਠ ਵੱਡਾ ਖੇਤਰ ਅਤੇ ਜ਼ਿਆਦਾ ਸੰਖਿਆ ਵਿਅਕਤੀ ਆ ਸਕਦੇ ਹਨ। ਦੇਸ਼ ਦੀ ਉਪਗ੍ਰਹਿ ਅਤੇ ਮੌਸਮ ਵਿਗਿਆਨ ਸੰਬੰਧੀ ਸਮਰੱਥਤਾਵਾਂ ਨੂੰ ਮਜਬੂਤ ਕੀਤਾ ਜਾ ਰਿਹਾ ਹੈ ਤਾਂ ਕਿ ਅਗਾਊਂ ਤੇ ਭਰੋਸੇ ਯੋਗ ਚਿਤਾਵਨੀਆਂ ਜਾਰੀ ਕੀਤੀਆਂ ਜਾ ਸਕਣ। 2005 ਦੇ ਆਫ਼ਤ ਪ੍ਰਬੰਧਨ ਐਕਟ ਦੇ ਪਾਸ ਹੋਣ ਨਾਲ, ਆਫ਼ਤ ਹੁੰਗਾਰਾ ਬਲ ਦੀ ਸਥਾਪਨਾ ਕੀਤੀ ਗਈ ਜਿਨ੍ਹਾਂ ਨੂੰ ਲੋੜ ਪੈਣ ਉਤੇ ਰਾਜਾਂ ਦੀ ਸਹਾਇਤਾ ਲਈ ਤਾਇਨਾਤ ਕੀਤਾ ਜਾਂਦਾ ਹੈ। ਸੋਕੇ ਨੂੰ ਆਫ਼ਤ ਮੰਨਿਆ ਜਾਂਦਾ ਹੈ ਜਿਸ ਵਿੱਚ ਰਾਜ ਸਰਕਾਰ ਵਲੋਂ ਸੋਕਾ ਐਲਾਨਣ ਤੋਂ ਬਾਅਦ ਸਿੰਜਾਈ ਤੇ ਵਿਸ਼ੇਸ਼ ਸਬਸਿਡੀ ਪ੍ਰਦਾਨ ਕੀਤੀ ਜਾਂਦੀ ਹੈ।

ਜਦੋਂ ਰਵਾਇਤੀ ਨਿਯਮ ਨਿਰਾਰਥਕ ਹੋ ਗਏ ਤਾਂ ਬਾਜ਼ਾਰੀਕਰਨ ਵਿੱਚ ਸੁਧਾਰਾਂ ਦੀ ਲੋੜ ਮਹਿਸੂਸ ਕੀਤੀ ਗਈ। ਬਾਜ਼ਾਰਾਂ ਨੂੰ ਮੁਕਾਬਲੇ ਵਾਲੇ ਅਤੇ ਕੁਸ਼ਲ ਬਣਾਉਣ ਲਈ ਏ ਪੀ ਐੱਮ ਸੀ ਐੱਕਟ ਵਿੱਚ ਸੋਧ ਕੀਤੀ ਗਈ ਹੈ ਤਾਂ ਕਿ ਕਿਸਾਨਾਂ ਨੂੰ ਹੋਰ ਬਦਲ ਮਿਲ ਸਕਣ। ਭੰਡਾਰਨ ਅਤੇ ਵੰਡ ਪ੍ਰਣਾਲੀਆਂ, ਜਿਸ ਨੂੰ ਹੁਣ ਨਿਗਰਾਨੀ ਅਤੇ ਬਜਟ ਚੁਨੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਕੀਮਤਾਂ ਉਤੇ ਕਾਬੂ ਪਾਉਣ ਲਈ ਸਰਕਾਰੀ ਦਖ਼ਲ ਦੀ ਪ੍ਰਭਾਵਿਕਤਾ ਦਾ ਨਿਰਧਾਰਨ ਕਰਦੀਆਂ ਹਨ। ਲਾਗਤ ਅਤੇ ਅਨਾਜ ਸਬਸਿਡੀਆਂ ਅਤੇ 2013 ਵਿੱਚ ਰਾਸ਼ਟਰੀ ਅੰਨ ਸੁਰੱਖਿਆ ਐਕਟ ਪਾਸ ਹੋਣ ਨਾਲ, ਜਿਸ ਨੇ ਅੰਨ ਪਾਤਰਤਾ ਨੂੰ ਕਾਨੂੰਨੀ ਰੂਪ ਦੇ ਦਿੱਤਾ, ਹੋਰ ਜ਼ਿਆਦਾ ਵਿੱਤੀ ਦਬਾਅ ਪਾਉਂਦੇ ਹਨ। ਫਿਰ ਵੀ, ਕੀਮਤਾਂ ਲਗਾਤਾਰ ਵਿਸ਼ਵ ਬਾਜ਼ਾਰ ਦੀਆਂ ਸ਼ਕਤੀਆਂ ਤੋਂ ਪ੍ਰਭਾਵਿਤ ਹੁੰਦੀਆਂ ਹਨ ਜਦੋਂ ਸਰਕਾਰੀ ਦਖ਼ਲ ਅੰਦਾਜ਼ੀ ਕਾਰਨ ਕਿਸਾਨਾਂ ਨੂੰ ਗੁਮਰਾਹ ਕਰਨ ਅਤੇ ਕਮੀ ਜਾਂ ਵਾਧੇ ਦਾ ਨਿਰਮਾਣ ਕਰਕੇ ਕਿਸਾਨਾਂ ਦੇ ਹਿੱਤਾਂ ਉਤੇ ਸੱਟ ਮਾਰਨ ਦਾ ਖ਼ਤਰਾ ਖੜ੍ਹਾ ਹੋ ਜਾਂਦਾ ਹੈ। ਇਸ ਦੌਰਾਨ, ਭਾਰਤ ਦੀ ਸਬਸਿਡੀ ਪ੍ਰਣਾਲੀ ਵੀ ਇਤਿਹਾਸਕ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਮਿਸਾਲੀ ਯੂ ਆਈ ਡੀ ਅਤੇ ਬੈਂਕਿੰਗ ਪਹੁੰਚ ਯੋਜਨਾ (ਜਨ ਧਨ) ਨੇ ਗਰੀਬ ਲਾਭ-ਪਾਤਰੀਆਂ ਨੂੰ ਸਿੱਧਾ ਬੈਂਕ ਵਿੱਚ ਭੁਗਤਾਨ ਕਰਨਾ ਸੰਭਵ ਬਣਾ ਦਿੱਤਾ ਹੈ, ਜਿਸ ਦਾ ਰਸੋਈ ਗੈਸ ਸਬਸਿਡੀ ਲਈ ਪਹਿਲਾਂ ਹੀ ਸਫਲ ਤਜਰਬਾ ਕੀਤਾ ਜਾ ਚੁੱਕਾ ਹੈ। ਜ਼ਿਆਦਾ ਹਟਵੇਂ ਅੰਦਾਜ਼ ਵਿੱਚ, 2016-17 ਦੇ ਆਰਥਿਕ ਸਰਵੇਖਣ ਵਿੱਚ ਇਕ ਪੂਰਾ ਚੈਪਟਰ ਯੂ ਬੀ ਆਈ ਦੀ ਨਵੀਂ ਧਾਰਨਾ ਨੂੰ ਸਮਰਪਿਤ ਕੀਤਾ ਗਿਆ ਹੈ ਜੋ ਸੰਭਵ ਤੌਰ ਤੇ ਸਾਰੀਆਂ ਸਬਸਿਡੀਆਂ ਦਾ ਬਦਲ ਬਣ ਸਕਦਾ ਹੈ। ਨਾਗਰਿਕਾਂ ਨੂੰ ਇਕ ਘੱਟੋ-ਘੱਟ ਆਮਦਨ ਪ੍ਰਦਾਨ ਕਰਨ ਦੇ ਅਧਿਕਾਰਾਂ ਬਾਰੇ ਇਕ ਮਜ਼ਬੂਤ ਸਿਧਾਂਤਕ ਕਾਰਵਾਈ ਤੇ ਸੋਚ ਵਿਚਾਰ ਜਾਰੀ ਹੈ।

ਸਬਸਿਡੀਆਂ ਜਾਂ ਨਿਵੇਸ਼ ਰਾਹੀਂ ਬਹੁਤ ਸਾਰੀਆਂ ਦਿਹਾਤੀ ਵਿਕਾਸ ਦੀਆਂ ਸਕੀਮਾਂ ਹੁਣ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਕਰਨ ਲਈ ਮਦਦ ਕਰ ਰਹੀਆਂ ਹਨ ਜਿਸ ਨਾਲ ਉਨ੍ਹਾਂ ਦੇ ਰੋਜ਼ੀ ਰੋਟੀ (ਐੱਨ ਆਰ ਐੱਲ ਐੱਮ), ਕੀਮਤ ਨਿਰਧਾਰਨ (ਈ ਐੱਨ ਏ ਐੱਮ), ਸਮਾਜਿਕ ਸਹਾਇਤਾ (ਐੱਨ ਐੱਸ ਏ ਪੀ), ਮਕਾਨ (ਆਈ ਏ ਵਾਈ), ਸੜਕਾਂ ਦੇ ਵਿਕਾਸ (ਪੀ ਐੱਮ ਜੀ ਐੱਸ ਵਾਈ) ਅਤੇ ਸਿਹਤ (ਐੱਨ ਆਰ ਐੱਚ ਐੱਮ) ਆਦਿ ਮੁੱਦਿਆਂ ਦਾ ਹੱਲ ਹੋ ਰਿਹਾ ਹੈ। ਸਿੰਜਾਈ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਕਿਉਂਕਿ ਸਸਤੀ ਦਰ ਉਤੇ ਸਿੰਜਾਈ ਸੋਕੇ ਦੇ ਪ੍ਰਭਾਵ ਨੂੰ ਖਤਮ ਕਰ ਸਕਦੀ ਹੈ। 2005 ਤੋਂ ਜਨਤਕ ਕੰਮ ਪ੍ਰੋਗਰਾਮ ਦੇ ਤੌਰ ਤੇ ਅਮਲ ਵਿੱਚ ਆਇਆ ਮਗਨਰੇਗਾ ਪੇਂਡੂ ਜਨਸੰਖਿਆ ਨੂੰ ਘੱਟੋ-ਘੱਟ ਆਮਦਨ ਯਕੀਨੀ ਬਣਾਉਣ ਦਾ ਇਕ ਮਿਸਾਲੀ ਜ਼ਰੀਆ ਸਾਬਤ ਹੋਇਆ ਹੈ। ਇਹ ਰੋਜ਼ਗਾਰ ਲਈ ਇਕ ਕਾਨੂੰਨੀ ਅਧਿਕਾਰ ਦਾ ਪ੍ਰਤੀਕ ਹੈ। ਭਾਵੇਂ ਕਿ ਬਜਟ ਸੰਬੰਧੀ ਸ਼ੰਕਿਆਂ ਅਤੇ ਇਤਿਹਾਸਕ ਤੌਰ ਤੇ ਘੱਟ ਨਤੀਜਿਆਂ ਕਾਰਨ ਇਹ ਵਿਵਾਦਪੂਰਨ ਰਿਹਾ, ਪਰ ਇਹ ਵਧੀਆ ਪੇਂਡੂ ਅਸਾਸਿਆਂ ਦੇ ਨਿਰਮਾਣ ਦਾ ਇਕ ਸਾਧਨ ਸਾਬਤ ਹੋ ਸਕਦਾ ਹੈ। ਰੋਜ਼ਗਾਰ ਯੋਗਤਾ ਨੂੰ ਪ੍ਰੋਤਸਾਹਨ ਦੇਣ ਲਈ ਉਤਪਾਦਕਤਾ ਅਤੇ ਉੱਦਮ ਮਿਆਰੀ ਹੁਨਰਾਂ ਨੂੰ 2015 ਵਿੱਚ ਐੱਨ ਪੀ ਐੱਸ ਡੀ ਈ ਰਾਹੀਂ ਉਤਸ਼ਾਹਿਤ ਕੀਤਾ ਗਿਆ।

## ਸਿੱਟਾ

ਸਾਲਾਂ ਬੱਧੀ ਕਿਸਾਨਾਂ ਦੀ ਆਮਦਨ ਉਨ੍ਹਾਂ ਤੰਤਰਾਂ ਉਤੇ ਅਧਾਰਿਤ ਰਹੀ ਜੋ ਮੁੱਖ ਤੌਰ ਤੇ ਖਪਤਕਾਰ ਭਲਾਈ ਲਈ ਸਨ। ਇਨ੍ਹਾਂ ਸਹਾਇਕ ਪ੍ਰਣਾਲੀਆਂ ਨੂੰ ਹੁਣ ਬਾਜ਼ਾਰ ਸੁਧਾਰਾਂ ਅਤੇ ਘੱਟ ਬਜਟ ਦੇ ਵਿਰੋਧਾਭਾਸਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਇਕ ਨਵੀਂ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ ਬਾਰੇ ਗੱਲਾਂ ਹੋ ਰਹੀਆਂ ਹਨ ਜਿਸ ਵਿੱਚ ਹਰੇਕ ਨਾਗਰਿਕ ਦੀ ਘੱਟੋ-ਘੱਟ ਭਲਾਈ ਨੂੰ ਇਕ ਅਧਿਕਾਰ ਵਜੋਂ ਵੇਖਿਆ ਜਾਂਦਾ ਹੈ। ਸਰਕਾਰ ਕਿਸੇ ਬਾਜ਼ਾਰ ਨੂੰ ਕੁਸ਼ਲਤਾ ਨਾਲ ਸੰਚਾਲਨ ਕਰਨ ਵਿੱਚ ਮਦਦ ਕਰ ਸਕਦੀ ਹੈ ਪਰ ਖੁੱਲ੍ਹੇ ਬਾਜ਼ਾਰ ਵਿੱਚ ਇਸ ਦਾ ਕੀਮਤਾਂ ਤੇ ਆਮਦਨ ਉਤੇ ਸੀਮਤ ਜਿਹਾ ਨਿਯੰਤ੍ਰਣ ਹੁੰਦਾ ਹੈ।

ਤਾਂ ਵੀ, ਕਿਸਾਨਾਂ ਦੀ ਸਮਾਜਿਕ ਸੁਰੱਖਿਆ ਅਤੇ ਲੋਕਾਂ ਦੀ ਅੰਨ ਸੁਰੱਖਿਆ ਦੀ ਸਰਕਾਰ ਕੁਦਰਤੀ ਰਖਵਾਲੀ ਹੈ। ਉਨ੍ਹਾਂ ਨੂੰ ਕੁਦਰਤੀ ਜੋਖ਼ਮ ਤੋਂ ਬਚਾਉਣਾ, ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ, ਸਮਾਜਿਕ ਸਹੂਲਤਾਂ ਪ੍ਰਦਾਨ ਕਰਨਾ ਅਤੇ ਸੂਚਨਾ ਤੇ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨਾ ਸਰਕਾਰ ਦਾ ਹੀ ਕੰਮ ਹੈ ਪਰ ਟੈਕਸ ਦੇਣ ਵਾਲੇ ਨਾਗਰਿਕ, ਜੋ ਅੰਨ ਸੁਰੱਖਿਆ ਤੋਂ ਲਾਭ ਲੈਂਦੇ ਹਨ ਅਤੇ ਨਿੱਜੀ ਖੇਤਰ ਜੋ ਖ਼ੁਸ਼ਹਾਲ ਖੇਤੀ ਖੇਤਰ ਤੋਂ ਲਾਭ ਹਾਸਲ ਕਰਦਾ ਹੈ, ਨੂੰ ਇਕ ਧਿਰ ਵਜੋਂ ਸ਼ਾਮਲ ਹੋਣ ਦੀ ਲੋੜ ਹੈ। ਅੱਗੇ ਦੇ ਲੰਮੇ ਰਸਤੇ ਲਈ ਖੇਤੀਬਾੜੀ ਨੂੰ ਇਕ ਉੱਦਮ ਵਜੋਂ ਵੇਖਿਆ ਜਾ ਰਿਹਾ ਹੈ ਜੋ ਦੂਸਰੇ ਤਰੱਕੀਸ਼ੁਦਾ ਖੇਤਰਾਂ ਨਾਲ ਜ਼ਿਆਦਾ ਏਕੀਕ੍ਰਿਤ ਹੋਵੇਗਾ। ਸਿੱਟੇ ਵਜੋਂ ਰੋਜ਼ੀ-ਰੋਟੀ ਲਈ ਜ਼ਮੀਨ ਉਤੇ ਦਬਾਅ ਘੱਟ ਹੋਵੇਗਾ। ਸਰਕਾਰ ਦੀਆਂ ਨਿਗਰਾਨੀ ਸੰਬੰਧੀ ਜਟਿਲਤਾਵਾਂ ਸਮੇਂ ਦੇ ਨਾਲ ਤਕਨਾਲੋਜੀ ਅਤੇ ਪ੍ਰਸ਼ਾਸਕੀ ਨਵੀਨਤਾਵਾਂ ਨਾਲ ਖਤਮ ਹੋ ਰਹੀਆਂ ਹਨ। ਕਿਸਾਨ, ਇਕ ਨਾਗਰਿਕ ਵਜੋਂ ਜਿਸ ਨੂੰ ਸਨਮਾਨਜਨਕ ਜ਼ਿੰਦਗੀ ਜਿਉਣ ਦਾ ਅਧਿਕਾਰ ਹੈ, ਵੀ ਬਾਜ਼ਾਰ ਵਿੱਚ ਨਿਪੁੰਨ ਹੋਣ ਲਈ ਯਤਨਸ਼ੀਲ ਹੈ।

*(ਲੇਖਕ ਨਵੀਂ ਦਿੱਲੀ ਸਥਿਤ ਆਰਥਿਕ ਵਿਕਾਸ ਬਾਰੇ ਸੰਸਥਾ ਵਿੱਚ ਪ੍ਰੋਫੈਸਰ ਹਨ ਅਤੇ ਖੇਤੀਬਾੜੀ, ਖ਼ੁਰਾਕ ਅਤੇ ਵਾਤਾਵਰਨ ਦੇ ਖੇਤਰ ਵਿੱਚ ਕੰਮ ਕਰਦੇ ਹਨ)*

*e-mail :nila@iegindiaorg*

# ਪੌਸ਼ਟਿਕਤਾ ਦੇ ਮਾਰਗਾਂ ਲਈ ਖੇਤੀਬਾੜੀ ਦਾ ਤਰਜੀਹੀਕਰਨ

ਮੌਸਮੀ ਦਾਸ

ਸਾਹਿਤ ਵਿੱਚ ਇਸ ਗੱਲ ਉਤੇ ਵਿਆਪਕ ਚਰਚਾ ਕੀਤੀ ਗਈ ਹੈ ਕਿ ਅੰਨ ਸੁਰੱਖਿਆ ਇਕ ਬਹੁਵਿਧਾਈ ਪ੍ਰਕਿਰਿਆ ਹੈ ਜਿਸ ਵਿੱਚ ਉਤਪਾਦਨ, ਵੰਡ, ਖਪਤਕਾਰ ਦੀ ਪਸੰਦ ਅਤੇ ਖਪਤ, ਵੱਡੇ ਅਤੇ ਸੂਖਮ ਪੌਸ਼ਟਿਕ ਤੱਤਾਂ ਦੀ ਢੁੱਕਵੀਂ ਮਾਤਰਾ ਵਿੱਚ ਖਪਤ ਅਤੇ ਉਨ੍ਹਾਂ ਦੀ ਪ੍ਰਭਾਵੀ ਇਕਸੁਰਤਾ ਸ਼ਾਮਲ ਹੈ (ਦਾਸ, 2016)। ਅੰਨ ਪ੍ਰਣਾਲੀ ਅਤੇ ਪੌਸ਼ਟਿਕਤਾ ਦੀ ਸਥਿਤੀ ਵਿੱਚ ਦੋਪਾਸਾ ਰਸਮੀ ਰਿਸ਼ਤਾ ਹੈ (ਪਿਨਸਟ੍ਰਪ-ਐਂਡਰਸਨ, 2007)। ਅੰਨ ਸੁਰੱਖਿਆ ਬਾਰੇ ਐੱਫ ਏ ਓ ਦੀਆਂ ਪਰਿਭਾਸ਼ਾਵਾਂ, ਨੀਤੀ ਘੜਨ ਦੀ ਸੌਖ ਲਈ, ਇਸੇ ਮੁਤਾਬਕ ਕਲਪਨਾ ਹੇਠ ਲਿਆਂਦੀਆਂ ਗਈਆਂ ਸਨ।

ਅੰਨ ਨੀਤੀਆਂ ਸੰਬੰਧੀ ਢਾਂਚੇ ਸਮੇਂ-ਸਮੇਂ ਬਦਲਦੀਆਂ ਲੋੜਾਂ ਤੇ ਜ਼ਰੂਰਤਾਂ ਨੂੰ ਮੱਦੇਨਜ਼ਰ ਰੱਖ ਕੇ ਬਣਦੇ ਰਹੇ ਹਨ। ਜ਼ਿਆਦਾਤਰ ਮੁਲਕਾਂ ਵਿੱਚ ਨੀਤੀਆਂ ਤੇ ਅਮਲ ਲਈ ਇਹੀ ਢੰਗ ਅਪਣਾਇਆ ਗਿਆ ਹੈ ਜਿਨ੍ਹਾਂ ਵਿੱਚ ਦੱਖਣੀ ਏਸ਼ੀਆ ਤੇ ਅਫਰੀਕੀ ਉਪ-ਮਹਾਂਦੀਪ ਦੇ ਵਿਕਾਸਸ਼ੀਲ ਦੇਸ਼ ਵੀ ਸ਼ਾਮਲ ਹਨ। ਪਿਨਸਟ੍ਰਪ-ਐਂਡਰਸਨ ਤੇ ਵਾਟਸਨ (2011) ਵਲੋਂ ਕਲਪਿਤ ਕੀਤਾ ਗਿਆ ਢਾਂਚਾ ਸਭ ਤੋਂ ਨਵਾਂ ਹੈ ਜਿਸ ਵਿੱਚ ਵੱਖ-ਵੱਖ ਪੱਖਾਂ ਅਤੇ ਮਾਰਗਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਪਰ, ਭਾਰਤ ਵਿੱਚ ਅੰਨ ਨੀਤੀ ਬਣਾਉਣਾ ਬਹੁਤ ਬੇਲੋੜਾ ਤੇ ਬੇਅਰਥ ਹੋ ਚੁੱਕਿਆ ਹੈ, ਜਿਸ ਵਿੱਚ ਨੀਤੀਆਂ ਜਾਂ ਤਾਂ ਵਿਚਾਰਧਾਰਕ ਮੁੱਦਿਆਂ ਜਾਂ ਬੀਤੇ ਵਿੱਚ ਜੋ ਹੁੰਦਾ ਆਇਆ ਹੈ, ਉਸ ਨੂੰ ਅਧਾਰ ਬਣਾ ਕੇ ਘੜੀਆਂ ਜਾਂਦੀਆਂ ਹਨ। ਦੇਸ਼ ਦਾ ਸਭ ਤੋਂ ਵੱਡਾ ਅੰਨ ਸੁਰੱਖਿਆ ਪ੍ਰੋਗਰਾਮ, ਜਿਸ ਨੂੰ ਜਨਤਕ ਵੰਡ ਪ੍ਰਣਾਲੀ ਆਖਿਆ ਜਾਂਦਾ ਹੈ, ਇਹ ਸਮੇਂ ਦੀ ਮੰਗ ਸੀ, ਜਿਸ ਦੀ ਧਾਰਣਾ ਬਹੁਤ ਵਧੀਆ ਸੀ ਅਤੇ ਵੱਖ-ਵੱਖ ਰਾਜਾਂ ਵਿੱਚ ਇਸ ਨੂੰ ਸਫਲਤਾ ਪੂਰਵਕ ਲਾਗੂ ਕੀਤਾ ਗਿਆ ਸੀ। ਪਰ ਇਸ ਵਿੱਚ ਬਹੁਤ ਸਾਰੀਆਂ ਕਮੀਆਂ ਵੀ ਸਨ ਜੋ ਵੱਡੀ ਮਾਤਰਾ ਵਿੱਚ ਚੋਰੀਆਂ ਅਤੇ ਭ੍ਰਿਸ਼ਟਾਚਾਰ, ਮਾੜੀ ਸੇਵਾ ਅਤੇ ਗੁਣਵੱਤਾ ਦਾ ਸ਼ਿਕਾਰ ਸੀ। ਸਾਲ ਦਰ ਸਾਲ ਜਨਤਕ ਵੰਡ ਪ੍ਰਣਾਲੀ ਬੇਅਰਥ ਹੋ ਗਈ ਕਿਉਂਕਿ ਜ਼ਿਆਦਾਤਰ ਰਾਜ ਅੰਨ ਸੁਰੱਖਿਆ ਪ੍ਰਕਿਰਿਆ ਦੇ ਦੂਸਰੇ ਪੱਖਾਂ ਉਤੇ ਘੱਟ ਧਿਆਨ ਦੇਣ ਨਾਲ ਜੂਝ ਰਹੇ ਸਨ। ਇਨ੍ਹਾਂ ਪੱਖਾਂ ਵਿੱਚ ਮੁੱਖ ਸਨ ਢੁੱਕਵੀਂ ਸਾਫ ਸਫਾਈ ਅਤੇ ਸਵੱਛਤਾ ਦੀ ਕਮੀ, ਭਿੰਨਤਾ ਵਾਲੇ ਭੋਜਨ ਦੀ ਖਪਤ, ਔਰਤਾਂ ਦਾ ਸ਼ਕਤੀਕਰਨ ਆਦਿ। ਹੈਰਾਨੀ ਵਾਲੀ ਗੱਲ ਹੈ ਕਿ ਰਾਸ਼ਟਰੀ ਅੰਨ ਸੁਰੱਖਿਆ ਐਕਟ, 2013 ਦੇ ਧਿਆਨ ਦਾ ਕੇਂਦਰ ਇਕ ਵਾਰ ਫਿਰ ਦੇਸ਼ ਵਿੱਚ ਅਨਾਜ ਵੰਡਣਾ ਸੀ। ਭੋਜਨ ਦੀ ਭਿੰਨਤਾ ਉਤੇ ਬਹੁਤ ਸੀਮਤ ਧਿਆਨ ਦਿੱਤਾ ਗਿਆ ਅਤੇ ਸਾਰੀ ਊਰਜਾ ਸੋਧੀ ਹੋਈ ਜਨਤਕ ਵੰਡ ਪ੍ਰਣਾਲੀ ਨੂੰ ਦੁਬਾਰਾ ਜਾਰੀ ਕਰਨ ਉਤੇ ਲਾ ਦਿੱਤੀ ਗਈ ਜੋ ਇਸ ਵੇਲੇ ਸਮੇਂ ਦੀ ਲੋੜ ਨਹੀਂ ਸੀ। ਜਦੋਂ ਟੀ ਪੀ ਡੀ ਐੱਸ ਤੱਕ ਪਹੁੰਚ ਰੱਖਣ ਵਾਲੇ ਪਰਿਵਾਰਾਂ ਦੀ ਤੁਲਨਾ ਕੀਤੀ ਗਈ ਤਾਂ ਬੱਚਿਆਂ ਦੀ ਪੌਸ਼ਟਿਕਤਾ ਦੀ ਸਥਿਤੀ ਵਿੱਚ ਕੋਈ ਅੰਤਰ ਸਾਹਮਣੇ ਨਹੀਂ ਆਇਆ (ਦੇਸਾਈ ਅਤੇ ਵੈਨਮਾਨ, 2015)। ਵਰਤਮਾਨ ਸਮੇਂ ਲੋੜ ਇਸ ਗੱਲ ਦੀ ਹੈ ਕਿ ਸਾਰੇ ਖੇਤੀ ਖੇਤਰ ਤੋਂ ਪੌਸ਼ਟਿਕਤਾ ਵਾਲੇ ਮਾਰਗਾਂ ਤੱਕ, ਏਕੀਕ੍ਰਿਤ ਢਾਂਚੇ ਅਧੀਨ ਵੱਖ-ਵੱਖ ਪੱਖਾਂ ਉਤੇ ਧਿਆਨ ਕੇਂਦਰਿਤ ਕੀਤਾ ਜਾਵੇ (ਦਾਸ, ਸ਼ਰਮਾ ਅਤੇ ਬਾਬੂ, 2017)। ਭਾਰਤ ਵਲੋਂ ਦਹਿਸਦੀ ਵਿਕਾਸ ਟੀਚਿਆਂ ਨੂੰ ਹਾਸਲ ਨਾ ਕਰਨ ਦਾ ਇਹ ਪ੍ਰਮੁੱਖ ਕਾਰਨ ਸੀ। ਦਹਿਸਦੀ ਵਿਕਾਸ ਟੀਚਾ ਨੰਬਰ-1 ਦੇ ਮੁਤਾਬਕ ਭਾਰਤ ਨੇ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦਾ ਅਨੁਪਾਤ, ਜੋ 1990 ਵਿੱਚ 53.5 ਪ੍ਰਤਿਸ਼ਤ ਸੀ, ਨੂੰ ਘੱਟ ਕਰਕੇ 2015 ਵਿੱਚ ਲਗਭਗ ਅੱਧਾ ਕਰਨਾ ਸੀ। ਪਰ, 2015 ਵਿੱਚ ਇਹ ਅੰਕੜਾ 40 ਪ੍ਰਤਿਸ਼ਤ ਸੀ ਜੋ 26 ਪ੍ਰਤਿਸ਼ਤ ਦੇ ਟੀਚੇ ਤੋਂ ਬਹੁਤ ਦੂਰ ਹੈ।

ਹਾਲ ਹੀ ਵਿੱਚ ਦਹਿਸਦੀ ਵਿਕਾਸ ਟੀਚਿਆਂ ਦੀ ਥਾਂ ਸਥਿਰ ਵਿਕਾਸ ਦੇ ਟੀਚਿਆਂ ਨੇ ਲੈ ਲਈ ਜਿਸ ਦੀ ਪ੍ਰਾਪਤੀ ਦੀ ਉਮੀਦ ਵੀ ਮੱਧਮ ਜਾਪਦੀ ਹੈ। ਇਸ ਦਾ ਮੁੱਖ ਕਾਰਨ ਹੈ ਕਿ ਖੇਤੀਬਾੜੀ ਤੋਂ ਲੈ ਕੇ ਪੌਸ਼ਟਿਕ ਸੁਰੱਖਿਆ ਵੱਖ-ਵੱਖ ਮਾਰਗਾਂ ਉਤੇ ਧਿਆਨ ਖੰਡਿਤ ਹੈ। ਅਜਿਹਾ ਕੇਂਦਰ ਅਤੇ ਰਾਜ

**ਗਤੀਸ਼ੀਲ ਵਿਸ਼ਵ ਅੰਨ ਪ੍ਰਣਾਲੀ : ਆਪਸੀ ਸੰਬੰਧ ਅਤੇ ਵਾਧੇ**

| | | |
|---|---|---|
| ਮਨੁੱਖੀ ਸਿਹਤ ਅਤੇ ਪੌਸ਼ਟਿਕਤਾ ਸੰਬੰਧੀ ਨੀਤੀਆਂ | ਅੰਨ ਸੁਰੱਖਿਆ, ਖਪਤ ਅਤੇ ਮੰਗ ਨੀਤੀਆਂ | ਗਰੀਬੀ ਹਟਾਉਣ ਦੀਆਂ ਨੀਤੀਆਂ |
| ਘਰੇਲੂ ਬਾਜ਼ਾਰ ਨੀਤੀਆਂ | ਅੰਨ ਉਤਪਾਦਨ ਅਤੇ ਪੂਰਤੀ ਨੀਤੀਆਂ | ਵਾਤਾਵਰਨ ਬਦਲਾਅ, ਊਰਜਾ ਅਤੇ ਕੁਦਰਤੀ ਸਰੋਤ ਪ੍ਰਬੰਧਨ ਨੀਤੀਆਂ |
| ਸ਼ਾਸਨ ਅਤੇ ਸੰਸਥਾਨ | ਵਿਸ਼ਵੀਕਰਨ ਅਤੇ ਅੰਨ ਪ੍ਰਣਾਲੀ | ਅੰਨ ਪ੍ਰਣਾਲੀਆਂ ਦੇ ਨੈਤਿਕ ਪੱਖ |

*ਸਰੋਤ : ਪਿਨਸਟ੍ਰਪ - ਐਂਡਰਸਨ ਅਤੇ ਵਾਟਸਨ (2011)*




*ਸਰੋਤ : ਯੂ ਐੱਨ ਡੀ ਪੀ*[2]

ਪੱਧਰਾਂ ਉਤੇ ਵੇਖਿਆ ਗਿਆ ਹੈ। ਵੱਖ-ਵੱਖ ਰਸਤੇ ਹੇਠਾਂ ਦਿੱਤੇ ਜਾ ਰਹੇ ਹਨ (ਕਡਿਆਲਾ, 2014) : (1) ਅੰਨ ਦੇ ਸਰੋਤ ਵਜੋਂ ਖੇਤੀਬਾੜੀ (2) ਅੰਨ ਅਤੇ ਗ਼ੈਰ ਭੋਜਨ ਖਰਚਿਆਂ ਲਈ ਆਮਦਨ ਦੇ ਸਰੋਤ ਵਜੋਂ ਖੇਤੀਬਾੜੀ (3) ਖੇਤੀਬਾੜੀ ਨੀਤੀ ਅਤੇ ਅੰਨ ਦੀਆਂ ਕੀਮਤਾਂ ਜੋ ਅੰਨ ਦੀ ਖਪਤ ਨੂੰ ਪ੍ਰਭਾਵਿਤ ਕਰਦੀਆਂ ਹਨ (4) ਪਰਿਵਾਰਾਂ ਦੇ ਅੰਦਰੂਨੀ ਫੈਸਲੇ ਲੈਣ ਅਤੇ ਸਰੋਤਾਂ ਦੀ ਵੰਡ ਵਿੱਚ ਔਰਤਾਂ ਦੀ ਭੂਮਿਕਾ (5) ਖੇਤੀਬਾੜੀ ਵਿੱਚ ਮਾਤਾਵਾਂ ਦਾ ਰੋਜ਼ਗਾਰ ਅਤੇ ਇਸ ਦੇ ਬੱਚਿਆਂ ਦੀ ਸੰਭਾਲ ਅਤੇ ਦੁੱਧ ਪਿਲਾਉਣ ਉਤੇ ਪ੍ਰਭਾਵ (6) ਖੇਤੀਬਾੜੀ ਵਿੱਚ ਔਰਤਾਂ ਵਲੋਂ ਕੰਮ ਕਰਨ ਦਾ ਪ੍ਰਭਾਵ ਅਤੇ ਇਸ ਦਾ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਦੇ ਪੋਸ਼ਣ ਅਤੇ ਸਿਹਤ ਉਤੇ ਅਸਰ। ਸਥਿਰ ਵਿਕਾਸ ਟੀਚਿਆਂ ਦੀ ਪ੍ਰਾਪਤੀ ਲਈ ਟੀਚਾ ਨੰ:-1 (ਗਰੀਬੀ ਦਾ ਖਾਤਮਾ), ਟੀਚਾ ਨੰ:-2 (ਭੁੱਖਮਰੀ ਦਾ ਖਾਤਮਾ), ਟੀਚਾ ਨੰ:-3 (ਚੰਗੀ ਸਿਹਤ ਅਤੇ ਤੰਦਰੁਸਤੀ), ਟੀਚਾ ਨੰ:6 (ਸਵੱਛ ਪਾਣੀ ਅਤੇ ਸਾਫ ਸਫਾਈ) ਟੀਚਾ ਨੰ:-12 (ਸਥਿਰ ਖਪਤ ਅਤੇ ਉਤਪਾਦਨ), ਅਤੇ ਟੀਚਾ ਨੰ:-13 (ਵਾਤਾਵਰਣਿਕ ਕਾਰਜ) ਨਾਲ ਸੰਬੰਧਿਤ ਵੱਖ-ਵੱਖ ਉੱਪ ਟੀਚਿਆਂ ਦੇ ਵੱਖ-ਵੱਖ ਪੱਖਾਂ ਉਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

ਅੰਨ ਸੁਰੱਖਿਆ ਹਾਸਲ ਕਰਨ ਲਈ ਟੀਚੇ ਵੱਖ-ਵੱਖ ਟੀਚਿਆਂ ਅਤੇ ਉੱਪ-ਟੀਚਿਆਂ ਵਿੱਚ ਦਰਸਾਏ ਗਏ ਹਨ। ਇਹ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਲਈ ਹੋਰ ਵੀ ਜ਼ਿਆਦਾ ਲੋੜੀਂਦਾ ਹੈ ਕਿ ਉਹ ਵੱਖ-ਵੱਖ ਨਹੀਂ ਸਗੋਂ ਇਕ ਅਗਵਾਈ ਹੇਠ ਕੰਮ ਕਰਨ। ਇਸ ਸੰਖੇਪ ਲੇਖ ਵਿੱਚ ਮੇਰੇ ਵਲੋਂ ਸਰਕਾਰ ਲਈ ਛੋਟੀਆਂ ਅਤੇ ਮੱਧਮ ਦਰਜੇ ਦੀਆਂ ਰਣਨੀਤੀਆਂ ਪ੍ਰਸਤਾਵਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਉਦੇਸ਼ 2030 ਤੱਕ ਸਥਿਰ ਵਿਕਾਸ ਟੀਚਿਆਂ ਨੂੰ ਹਾਸਲ ਕਰਨਾ ਹੈ। ਭਾਵੇਂ ਕਿ ਦੁਨੀਆਂ ਭਰ ਵਿੱਚ ਧਿਆਨ ਦਾ ਕੇਂਦਰ ਸਥਿਰ ਵਿਸ਼ਵ ਅੰਨ ਪ੍ਰਣਾਲੀ ਲਈ ਕੰਮ ਕਰਨ ਵੱਲ ਹੈ ਤਾਂ ਜੋ ਸਥਿਰ ਵਿਕਾਸ ਦੇ ਟੀਚੇ ਹਾਸਲ ਕੀਤੇ ਜਾ ਸਕਣ (ਫੈਨ, 2016), ਭਾਰਤ ਵਿੱਚ ਇਸ ਪ੍ਰਕਿਰਿਆ ਵਿਚਲੀਆਂ ਖਾਮੀਆਂ ਤੇ ਕਮੀਆਂ ਦਾ ਤੁਰੰਤ ਹੱਲ ਕਰਨ ਦੀ ਜ਼ਰੂਰਤ ਹੈ। ਅਲਪਕਾਲੀ ਨੁਸਖੇ ਹੇਠਾਂ ਦਿੱਤੇ ਜਾ ਰਹੇ ਹਨ:

## ਖਾਣੇ ਦੀ ਵਿਭਿੰਨਤਾ : ਨਜ਼ਰਅੰਦਾਜ਼ ਕੀਤੀ ਹੋਈ ਜ਼ਰੂਰਤ

ਸਰਕਾਰ ਨੂੰ ਫੌਰੀ ਤੌਰ ਤੇ ਵਿਭਿੰਨਤਾ ਵਾਲੇ ਖਾਣੇ ਦੀ ਖਪਤ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਰਾਸ਼ਟਰੀ ਪੋਸ਼ਣ ਸੰਸਥਾਨ (ਐੱਨ ਆਈ ਐੱਨ) ਵਲੋਂ ਕਲਪਿਤ ਕੀਤੀ ਗਈ ਭਾਰਤੀ ਅੰਨ ਦੀ ਧਾਰਨਾ ਆਮ ਲੋਕਾਂ ਦੀ ਸਮਝ ਤੋਂ ਪਰੇ ਹੈ। ਸਾਨੂੰ ਸਰਲ ਪਰ ਦਿਲ ਖਿੱਚਵੇਂ ਪ੍ਰੋਤਸਾਹਨ ਤੰਤਰ ਉਤੇ ਕੰਮ ਕਰਨਾ ਹੋਵੇਗਾ ਤਾਂ ਕਿ ਆਮ ਜਨਤਾ ਨੂੰ ਸਿੱਖਿਅਤ ਕੀਤਾ ਜਾ ਸਕੇ। ਮਿਸਾਲ ਦੇ ਲਈ, ਸੰਯੁਕਤ ਰਾਜ ਅਮਰੀਕਾ ਦਾ ਖੇਤੀਬਾੜੀ ਵਿਭਾਗ ਰੰਗਦਾਰ ਪਲੇਟ ਦੀ ਧਾਰਣਾ ਨੂੰ ਪ੍ਰੋਤਸਾਹਿਤ ਕਰਦਾ ਹੈ ਜੋ ਛੋਟੇ ਬੱਚਿਆਂ ਤੋਂ ਲੈ ਕੇ ਬਾਲਗਾਂ ਤੱਕ ਲਈ ਸਮਝਣਾ ਅਸਾਨ ਹੈ। ਰੰਗ ਹਰੇਕ ਦਿਨ ਪਲੇਟ ਵਿੱਚ ਅੰਨ ਵਸਤਾਂ ਦੀ ਬਣਤਰ ਦਾ ਪ੍ਰਤੀਕ ਹਨ। ਰੰਗ ਵੱਖ-ਵੱਖ ਅੰਨ ਸਮੂਹਾਂ ਨਾਲ ਸੰਬੰਧ ਰੱਖਦੇ ਹਨ ਜਿਵੇਂ ਅਨਾਜ, ਦਾਲਾਂ, ਫਲ, ਸਬਜ਼ੀਆਂ, ਮੀਟ ਆਦਿ। ਮੋਟੇ ਤੌਰ ਤੇ, ਅਜਿਹੇ ਪ੍ਰੋਤਸਾਹਨ ਤੰਤਰ ਦੀ ਅਸੀਂ ਭਾਰਤੀ ਪਰਿਵਾਰਾਂ ਲਈ ਕਲਪਨਾ ਕਰ ਸਕਦੇ ਹਾਂ, ਭਾਵੇਂ ਉਹ ਸ਼ਾਕਾਹਾਰੀ ਹਨ ਜਾਂ ਮਾਸਾਹਾਰੀ (ਦਾਸ, 2016)।

ਕੀ ਅਸੀਂ ਸਿਹਤਮੰਦ ਖ਼ਬਰਾਂ ਅਤੇ ਆਦਤਾਂ ਦਾ ਪਸਾਰ ਕਰ ਰਹੇ ਹਾਂ? ਅਸੀਂ ਪ੍ਰਸਤਾਵ ਕਰਦੇ ਹਾਂ ਕਿ ਸੱਭਿਆਚਾਰ ਅਤੇ ਸਥਾਨਕ ਖਾਣ ਦੀਆਂ ਆਦਤਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਜਾਵੇ ਜਿਨ੍ਹਾਂ ਨਾਲ ਪੋਸ਼ਣ ਦੀ ਸਥਿਤੀ ਵਿੱਚ ਸੁਧਾਰ ਆਵੇ। ਦੇਸ਼ ਵਿੱਚ ਅਨਾਜ ਦੇ ਉਤਪਾਦਨ, ਖਪਤ ਅਤੇ ਤਿਆਰੀ ਵਿੱਚ ਵਿਭਿੰਨਤਾ ਨੂੰ ਵੇਖਦਿਆਂ ਉਤੋਂ ਹੇਠਲੀ ਪਹੁੰਚ ਕਦੇ ਵੀ ਸਫਲ ਨਹੀਂ ਰਹੀ। ਅੰਨ ਨੀਤੀ ਘੜਨ ਵਿੱਚ ਵਿਕੇਂਦਰੀਕਰਨ ਅਸਲ ਵਿੱਚ ਸ਼ਾਸਨ ਅਤੇ ਜਵਾਬਦੇਹੀ ਉਤੇ ਵਧੇਰੇ ਜ਼ੋਰ ਦੇਣ ਨਾਲ ਕੰਮ ਕਰ ਸਕਦਾ ਹੈ। ਫੰਡ ਦੀ ਵੰਡ ਜ਼ਮੀਨੀ ਪੱਧਰ ਤੋਂ ਪ੍ਰਾਪਤ ਸਬੂਤਾਂ ਦੇ ਅਧਾਰ ਉਤੇ ਕੀਤੀ ਜਾਣੀ ਚਾਹੀਦੀ ਹੈ। ਇਹ ਵੀ ਤਾਂ ਹੀ ਸੰਭਵ ਹੋਵੇਗਾ ਜੇ ਸਾਰੇ ਵਿਭਾਗ ਇਕ ਅਗਵਾਈ ਹੇਠ ਕੰਮ ਕਰਨ।

**ਕਿਸੇ ਵੀ ਨੀਤੀਗਤ ਪਹਿਲ-ਕਦਮੀ ਦੀ ਸਫਲਤਾ ਲਈ ਵਧੀਆ ਬੁਨਿਆਦੀ ਢਾਂਚਾ ਦੇਸ਼ ਵਿੱਚ ਹਾਲੇ ਵੀ ਇਕ ਜ਼ਰੂਰੀ ਲੋੜ ਬਣਿਆ ਹੋਇਆ ਹੈ (ਵਿਸ਼ਵ ਬੈਂਕ, 2003/ ਦਾਸ 2006) ਨੇ ਖੋਜ ਕੀਤੀ ਕਿ ਬੁਨਿਆਦੀ ਢਾਂਚਾ, ਮੈਡੀਕਲ ਕੇਂਦਰਾਂ ਦੀ ਉਪਲਬਧਤਾ ਅਤੇ ਅਖ਼ਬਾਰ ਵਿਭਿੰਨਤਾ ਵਾਲੇ ਖਾਣੇ ਦੀ ਖਪਤ ਵਿੱਚ ਸੁਧਾਰ ਕਰਨ ਦਾ ਕਾਰਨ ਬਣਦੇ ਹਨ।**

## ਨਿਸ਼ਾਨਦੇਹੀ ਕ੍ਰਿਤ ਤੰਤਰ ਵਿੱਚ ਸੁਧਾਰ

ਭਾਵੇਂ ਕਿ ਭਾਰਤ ਦੇ ਅਤਿ ਗਰੀਬ ਲੋਕਾਂ ਨੂੰ ਹਾਲੇ ਵੀ ਮੁਫਤ ਖਾਣਾ ਵੰਡਣ ਦੀ ਲੋੜ ਹੈ, ਬਾਕੀ ਜਨਸੰਖਿਆ ਦੀ ਕੈਲੋਰੀ ਖਪਤ ਵਿੱਚ ਸੁਧਾਰ ਹੋਇਆ ਹੈ। ਅਜਿਹਾ ਦਿਹਾਤੀ ਅਤੇ ਸ਼ਹਿਰੀ ਭਾਰਤ ਵਿੱਚ ਸਮੇਂ ਦੇ ਨਾਲ ਕੈਲੋਰੀ ਦੀ ਖਪਤ ਵਿੱਚ ਹੋਈ ਗਿਰਾਵਟ ਤੋਂ ਸਪੱਸ਼ਟ ਹੈ (ਡੀਟਨ ਅਤੇ ਡ੍ਰੀਜ਼, 2009)। ਭਾਵੇਂ ਕਿ ਅਨਾਜ ਅਤੇ ਦਾਲਾਂ ਤੋਂ ਇਲਾਵਾ ਸਸਤੀਆਂ ਖਾਣੇ ਦੀਆਂ ਵੰਨਗੀਆਂ ਮੁਹੱਈਆ ਕਰਵਾਉਣਾ ਕਾਫੀ ਮੁਸ਼ਕਿਲ ਹੈ (ਜੋ ਚੋਣਵੇਂ ਰਾਜਾਂ ਵਿੱਚ ਵੰਡੀਆਂ ਜਾਂਦੀਆਂ ਹਨ) ਤਾਂ ਵੀ ਸਥਾਨਕ ਖਪਤ ਅਤੇ ਉਤਪਾਦਨ ਪੱਧਤੀ ਉਤੇ ਅਧਾਰਤ ਸਬਜ਼ੀਆਂ, ਫਲ, ਦੁੱਧ, ਆਂਡੇ, ਮੱਛੀ ਅਤੇ ਮੀਟ ਉਤਪਾਦਕਾਂ ਨੂੰ ਪ੍ਰੋਤਸਾਹਨ ਰਾਸ਼ੀ ਦਿੱਤੀ ਜਾ ਸਕਦੀ ਹੈ। ਉਦਾਹਰਣ ਦੇ ਲਈ, ਹਾਲੀਆ ਅਧਿਐਨ ਖਾਣੇ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਦਾਲਾਂ ਦੇ ਪ੍ਰੋਤਸਾਹਨ ਦੇ ਹੱਕ ਵਿੱਚ ਹਨ (ਮੈਕਡਰਮਟ ਅਤੇ ਵਾਇਟ 2017)। ਭਾਰਤ ਵਿੱਚ ਕੋਲਡ ਸਟੋਰੇਜ਼ ਦੀ ਕਮੀ ਇਕ ਸਮੱਸਿਆ ਬਣੀ ਹੋਈ ਹੈ (ਬੀਰਥਲ, ਝਾਅ



ਅਤੇ ਸਿੰਘ, 2007), ਜਿਸ ਨਾਲ ਵੰਡ ਅਤੇ ਉਪਲਬਧਤਾ ਨੂੰ ਹੋਰ ਸਰਲ ਬਣਾ ਕੇ, ਪੌਸ਼ਟਿਕ ਖਾਣੇ ਦੀ ਖਪਤ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਸਕੂਲਾਂ ਵਿੱਚ ਮਿਡ ਡੇਅ ਮੀਲਜ਼ ਦੇਣਾ ਜ਼ਿਆਦਾ ਪੌਸ਼ਟਿਕ ਤੱਤਾਂ ਵਾਲਾ ਹੁੰਦਾ ਹੈ ਜਿਸ ਵਿੱਚ ਅਨਾਜ ਦਾਲਾਂ ਅਤੇ ਕੁੱਝ ਰਾਜਾਂ ਵਿੱਚ ਆਂਡੇ ਵੀ ਪ੍ਰਦਾਨ ਕੀਤੇ ਜਾਂਦੇ ਹਨ (ਮਿਊਲਹਾਫ, 2011)।

## ਗਰੀਬੀ ਰੇਖਾ ਦੇ ਖਾਣੇ ਵਾਲੇ ਭਾਗ ਵਿੱਚ ਸੁਧਾਰ ਕਰਨਾ

ਤੇਂਦੁਲਕਰ ਅਤੇ ਰੰਗਾਰਾਜਨ ਕੇਮਟੀਆਂ ਵਲੋਂ ਕੈਲੋਰੀਜ਼ ਤੋਂ ਇਲਾਵਾ ਪੌਸ਼ਟਿਕ ਤੱਤਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਇਸ ਨੂੰ ਗਰੀਬੀ ਰੇਖਾ ਦੀ ਗਣਨਾ ਵਿੱਚ ਸ਼ਾਮਲ ਕੀਤਾ ਗਿਆ ਹੈ। ਅਸੀਂ ਜੋ ਪ੍ਰਸਤਾਵ ਕਰ ਰਹੇ ਹਾਂ ਉਹ ਖਾਣੇ ਦੀ ਭਿੰਨਤਾ ਦਾ ਇਕ ਨਵਾਂ ਤਰੀਕਾ ਹੈ ਜਿਸ ਨੂੰ 'ਭਾਰਤ ਵਿੱਚ ਸਿਹਤਮੰਦ ਖਾਣੇ ਦੀ ਸੂਚੀ' ਆਖਿਆ ਜਾਂਦਾ ਹੈ। ਇਸ ਨਾਲ ਭਿੰਨਤਾ ਵਾਲੇ ਖਾਣੇ ਦੀ ਖਪਤ ਦੇ ਮਾਮਲੇ ਵਿੱਚ ਖਾਣੇ ਪੱਖੋਂ ਗਰੀਬ ਪਰਿਵਾਰਾਂ ਦੀ ਪਛਾਣ ਕਰਨ ਵਿੱਚ ਮਦਦ ਮਿਲੇਗੀ (ਦਾਸ, 2015 ਏ)। ਇਹ ਸੂਚੀ ਸ਼ਾਕਾਹਾਰੀ ਅਤੇ ਗ਼ੈਰ-ਸ਼ਾਕਾਹਾਰੀ ਪਰਿਵਾਰਾਂ ਵਿੱਚ ਘੱਟ ਭਿੰਨਤਾ ਵਾਲੇ ਖਾਣੇ ਦੀ ਖਪਤ ਕਰਨ ਵਾਲਿਆਂ ਦੀ ਪਛਾਣ ਕਰਨ ਵਿੱਚ ਮਦਦਗਾਰ ਹੋਵੇਗੀ। ਇਸ ਨਾਲ ਪਰਿਵਾਰਾਂ ਦੀ ਕਮਜ਼ੋਰੀ ਤੇ ਮਾੜੀ ਹਾਲਤ ਦਾ ਅੰਦਾਜ਼ਾ ਲਾਉਣ ਵਿੱਚ ਮਦਦ ਮਿਲੇਗੀ। ਗਰੀਬੀ ਰੇਖਾ ਹੋਰ ਜ਼ਿਆਦਾ ਗਤੀਸ਼ੀਲ ਹੋਣੀ ਚਾਹੀਦੀ ਹੈ ਜੋ ਕਮਜ਼ੋਰਾਂ ਨੂੰ ਲੱਭ ਕੇ ਉਨ੍ਹਾਂ ਦੀ ਮਦਦ ਕਰਨ ਵਾਲੀ ਹੋਵੇ। ਵਸਤੂਆਂ ਦੇ ਰੂਪ ਵਿੱਚ ਸਹਾਇਤਾ ਦੇਣ ਦੀ ਆਮਦਨ, ਸਿਹਤ ਜਾਂ ਵਾਤਾਵਰਨ ਸੰਕਟਾਂ ਦੇ ਸ਼ਿਕਾਰ ਲੋਕਾਂ ਨੂੰ ਹਾਲੇ ਵੀ ਲੋੜ ਹੈ ਜੋ ਪਹਿਲਾ ਮੁਕਾਬਲਾ ਕਰਨ ਦਾ ਤੰਤਰ ਅਪਣਾਇਆ ਜਾਂਦਾ ਹੈ, ਉਹ ਹੈ ਖਾਣੇ ਦੀ ਖਪਤ ਨੂੰ ਘੱਟ ਕਰਨਾ (ਦਾਸ, 2015 ਬੀ)।

## ਡਿਜੀਟਲ ਹੱਲ : ਤਬਦੀਲੀ ਤੇ ਨਿਗਰਾਨੀ

ਨਕਦੀ ਅਤੇ ਵਸਤੂਆਂ ਦੇ ਮੇਲ ਦੀਆਂ ਤਬਦੀਲੀਆਂ, ਨਾ ਸਿਰਫ ਸੇਵਾ ਦੇਣ ਦੀ ਨਿਗਰਾਨੀ ਕੀਤੀ ਜਾਵੇ, ਸਗੋਂ ਸਿਹਤ ਨਤੀਜਿਆਂ ਨੂੰ ਵੀ ਧਿਆਨ ਵਿੱਚ ਰਖਿਆ ਜਾਵੇ।

ਜ਼ਮੀਨੀ ਪੱਧਰ ਤੋਂ ਪ੍ਰਾਪਤ ਸਬੂਤ ਕੀ ਕਹਿੰਦੇ ਹਨ, ਇਸ ਅਧਾਰ ਉਤੇ ਅਸੀਂ ਨਕਦ ਬਨਾਮ ਵਸਤੂਆਂ ਦੇ ਰੂਪ ਵਿੱਚ ਤਬਦੀਲੀਆਂ ਦੇ ਸੁਮੇਲ ਦਾ ਪ੍ਰਸਤਾਵ ਕਰਦੇ ਹਾਂ। ਜਿਨ੍ਹਾਂ ਖੇਤਰਾਂ ਵਿੱਚ ਜਨਤਕ ਵੰਡ ਪ੍ਰਣਾਲੀ ਸਫਲਤਾ ਸਹਿਤ ਚੱਲ ਰਹੀ ਹੈ, ਉਥੇ ਇਹ ਜਾਰੀ ਰਹਿਣੀ ਚਾਹੀਦੀ ਹੈ। ਪਰ ਨਕਦ ਤਬਦੀਲੀ ਤੇ ਸਾਵਧਾਨੀ ਨਾਲ ਅਮਲ ਕਰਨ ਦੀ ਜ਼ਰੂਰਤ ਹੈ ਕਿ ਇਸ ਨੂੰ ਪਰਿਵਾਰਾਂ ਦੀ ਅੰਨ ਸੁਰੱਖਿਆ ਸਥਿਤੀ ਵਿੱਚ ਸੁਧਾਰ ਕਰਨ ਲਈ ਹੀ ਵਰਤਿਆ ਜਾਵੇ। ਨਕਦ ਭੁਗਤਾਨ ਪਰਿਵਾਰਾਂ ਦੀ ਖਪਤ ਮੂਲ ਭੋਜਨ ਦੀਆਂ ਵੰਨਗੀਆਂ ਤੋਂ ਹਟਾ ਕੇ ਜ਼ਿਆਦਾ ਪੌਸ਼ਟਿਕ ਅਤੇ ਵਿਭਿੰਨਤਾ ਵਾਲੇ ਭੋਜਨ ਵੱਲ ਵਧਾ ਸਕਦਾ ਹੈ (ਝਾਅ, 2013, ਸਵੇਡਬਰਗ 2012, ਖੇੜਾ 2014)। ਸ਼ਾਇਦ ਅਸੀਂ ਜਨਤਕ ਵੰਡ ਪ੍ਰਣਾਲੀ ਤਹਿਤ ਵੰਡੇ ਗਏ ਅਨਾਜ ਦੀ ਗੁਣਵੱਤਾ ਉਤੇ ਜ਼ਿਆਦਾ ਧਿਆਨ ਕੇਂਦਰਿਤ ਕਰ ਸਕਦੇ ਹਾਂ, ਇਹ ਵੇਖਦਿਆਂ ਕਿ ਜਨਸੰਖਿਆ ਦੇ ਘੱਟ ਅਨੁਪਾਤ ਨੂੰ ਇਸ ਦੀ ਜ਼ਰੂਰਤ ਹੁੰਦੀ ਹੈ। ਇਸ ਸੰਦਰਭ ਵਿੱਚ ਔਰਤਾਂ ਦਾ ਸਸ਼ਕਤੀਕਰਨ ਬਹੁਤ ਅਹਿਮ ਹੈ। ਆਮ ਤੌਰ ਤੇ ਪਰਿਵਾਰਾਂ ਵਿੱਚ ਬਜ਼ੁਰਗ ਔਰਤਾਂ ਵਲੋਂ ਫੈਸਲ ਲਏ ਜਾਂਦੇ ਹਨ ਅਤੇ ਵਿਭਿੰਨਤਾ ਵਾਲੇ ਖਾਣੇ ਨੂੰ ਪ੍ਰੋਤਸਾਹਨ ਦੇਣ ਲਈ ਉਨ੍ਹਾਂ ਦਾ ਜ਼ਿਆਦਾ ਪੜ੍ਹੇ-ਲਿਖੇ ਹੋਣਾ ਜ਼ਰੂਰੀ ਹੈ (ਦਾਸ 2016)।

ਅਧਾਰ ਕਾਰਡ ਧਾਰਕ ਹੋਣ ਅਤੇ ਜ਼ੀਰੋ ਬੈਲੈਂਸ ਵਾਲੇ ਬੈਂਕ ਖਾਤੇ ਹੋਣ ਦੇ ਚਲਦਿਆਂ ਅਸੀਂ ਨਾ ਸਿਰਫ ਸਿੱਧੇ ਭੁਗਤਾਨ ਸਗੋਂ ਸਿਹਤ ਸਥਿਤੀ ਦੀ ਨਿਗਰਾਨੀ ਰੱਖਣ ਦਾ ਵੀ ਪ੍ਰਸਤਾਵ ਕਰਦੇ ਹਾਂ। ਦੇਸ਼ ਵਿੱਚ ਡਿਜੀਟਲ ਕ੍ਰਾਂਤੀ ਦੇ ਚੱਲਦਿਆਂ ਗਰੀਬ ਵਿਅਕਤੀਆਂ ਦੀ ਨਿਯਮਤ ਸਮੇਂ 'ਤੇ ਨਿਗਰਾਨੀ ਕਰਨੀ ਚਾਹੀਦੀ ਹੈ। 2017–18 ਦੇ ਵਿੱਤ ਵਰ੍ਹੇ ਲਈ ਲਗਭਗ 51 ਪ੍ਰਤਿਸ਼ਤ ਨਰੇਗਾ ਲਾਭਪਾਤਰੀ ਅਧਾਰ ਬ੍ਰਿਜ ਪੇਮੈਂਟ (ਏ ਬੀ ਪੀ) ਤਰੀਕੇ ਨਾਲ ਜੁੜੇ ਹੋਏ ਸਨ। ਅਨਾਜ ਲਈ ਸਿੱਧਾ ਨਕਦ ਭੁਗਤਾਨ ਕਰਨ ਵਾਸਤੇ ਇਹ ਅੰਕੜਾ 94 ਪ੍ਰਤਿਸ਼ਤ ਸੀ। ਸਰਕਾਰੀ ਅਨੁਮਾਨਾਂ ਅਨੁਸਾਰ ਦਸੰਬਰ 2016 ਤੱਕ ਲਗਭਗ 50,000 ਕਰੋੜ ਰੁਪਏ ਬਚਾਏ ਜਾ ਚੁੱਕੇ ਹਨ ਜੋ ਇਕ ਸਾਲ ਦੀ ਸਬਸਿਡੀ ਦੇ ਬਰਾਬਰ ਹੈ। ਇਹ ਗਰੀਬੀ ਦੀ ਰੇਖਾ ਤੈਅ ਕਰਨ ਲਈ ਇਕ ਵਾਧੂ ਮਿਆਰ ਦਾ ਕੰਮ ਦੇ ਸਕਦੀ ਹੈ। ਅਸੀਂ ਇਸ ਦੀ ਨਿਗਰਾਨੀ ਕਰਨ ਜਾਂ ਨਵੇਂ ਅਮਲੇ ਦਾ ਪ੍ਰਬੰਧ ਕਰਨ ਲਈ ਕਿਸੇ ਨਵੇਂ ਵਿਭਾਗ ਦਾ ਪ੍ਰਸਤਾਵ ਨਹੀਂ ਕਰ ਰਹੇ, ਪਰ ਇਸ ਨੂੰ ਅਤਿ ਗਰੀਬ ਖੇਤਰਾਂ ਵਿੱਚ ਮੌਜੂਦਾ ਕਾਮਾ-ਸ਼ਕਤੀ ਦੀ ਕੁਸ਼ਲਤਾ ਨਾਲ ਵਰਤੋਂ ਕਰਕੇ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਅਜਿਹੀ ਰਣਨੀਤੀ ਮੰਗੋਲੀਆ ਦੇ ਅੰਦਰੂਨੀ ਭਾਗਾਂ ਵਿੱਚ ਲਾਗੂ ਕੀਤੀ ਗਈ ਹੈ ਜਿਥੇ ਪਰਿਵਾਰਾਂ ਨੂੰ ਗਰੀਬੀ ਵਿੱਚੋਂ ਸਦਾ ਵਾਸਤੇ



ਬਾਹਰ ਕੱਢਣ ਲਈ ਉਨ੍ਹਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾਂਦੀ ਹੈ (ਨਾ ਸਿਰਫ ਆਮਦਨ ਸਗੋਂ ਖਾਣੇ ਅਤੇ ਸਿਹਤ ਦੀ ਗਰੀਬੀ ਵੀ)।

### ਅਮੀਰ ਤੇ ਮੋਟਾਪਾ: ਕੀ ਅਮੀਰ ਆਪਣੇ ਉਤੇ ਵੱਧ ਖਰਚ ਕਰ ਰਹੇ ਹਨ?

ਕੁਪੋਸ਼ਣ ਤੋਂ ਇਲਾਵਾ ਭਾਰਤ ਮੋਟਾਪੇ ਦੀ ਉੱਚੀ ਦਰ ਅਤੇ ਸੂਖਮ ਪੋਸ਼ਟਿਕ ਤੱਤਾਂ ਦੀ ਕਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਦਾ ਵੀ ਸ਼ਿਕਾਰ ਹੈ। ਮੱਧ ਵਰਗੀ ਅਤੇ ਅਮੀਰ ਇਸ ਦਾ ਸ਼ਿਕਾਰ ਹਨ। ਇਸ ਦਾ ਕਾਰਨ ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ, ਕੀਮਤ, ਜੀਵਨ ਜਾਚ, ਥਿੰਦੇ ਅਤੇ ਤੇਲ ਵਾਲੇ ਉਤਪਾਦਾਂ ਦੀ ਅਸਾਨ ਉਪਲਬਧਤਾ ਅਤੇ ਇਨ੍ਹਾਂ ਦਾ ਵਿਆਪਕ ਬਾਜ਼ਾਰੀਕਰਨ ਹਨ। ਇਸ ਲਈ ਦੌਲਤਮੰਦਾਂ ਨੂੰ ਸਾਵਧਾਨ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਨੂੰ ਸਮਝਣਾ ਪਵੇਗਾ ਕਿ ਉਹ ਸ਼ੂਗਰ, ਹਾਰਟ ਅਟੈਕ ਆਦਿ ਵਰਗੀਆਂ ਗ਼ੈਰ-ਛੂਤ ਵਾਲੀਆਂ ਬਿਮਾਰੀਆਂ ਦਾ ਸਵਾਗਤ ਕਰਕੇ ਆਪਣੇ ਆਪ ਉਤੇ ਟੈਕਸ ਲਾ ਰਹੇ ਹਨ। ਸਰਕਾਰ ਵਲੋਂ ਥਿੰਦੇ ਵਾਲੇ ਭੋਜਨ ਉਤਪਾਦਾਂ ਅਤੇ ਸੁਪਰ ਬਾਜ਼ਾਰਾਂ ਉਤੇ ਟੈਕਸ ਲਾਉਣ ਦਾ ਵਿਚਾਰ ਕਰਨਾ ਚਾਹੀਦਾ ਹੈ ਜੋ ਇਨ੍ਹਾਂ ਗ਼ੈਰ-ਸਿਹਤਮੰਦ ਖਾਣੇ ਦੀਆਂ ਵੰਨਗੀਆਂ ਦੀ ਖਪਤ ਨੂੰ ਉਤਸ਼ਾਹ ਦਿੰਦੇ ਹਨ। ਕੁੱਲ ਮਿਲਾ ਕੇ ਕੁਪੋਸ਼ਣ ਦੇ ਤਿਹਰੇ ਬੋਝ ਦਾ ਸਮਾਜ ਅਤੇ ਕੁੱਲ ਘਰੇਲੂ ਉਤਪਾਦ ਉਤੇ ਉੱਚ ਆਰਥਿਕ ਬੋਝ ਪੈਂਦਾ ਹੈ।

### ਅੰਨ ਸੁਰੱਖਿਆ, ਨੁਕਸਾਨ ਤੇ ਬਰਬਾਦੀ

ਇਹ ਲਗਾਤਾਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਭਾਵੇਂ ਕਿ ਜਨਤਕ ਵੰਡ ਪ੍ਰਣਾਲੀ ਚੋਰੀ ਅਤੇ ਭ੍ਰਿਸ਼ਟਾਚਾਰ ਤੋਂ ਗ੍ਰਸਤ ਸੀ, ਪਰ ਕੋਲਡ ਸਟੋਰੇਜ਼ ਦੀ ਉਪਲਬਧਤਾ ਨਾ ਹੋਣ ਕਾਰਨ ਕਾਫੀ ਅਨਾਜ ਬਰਬਾਦ ਹੋ ਜਾਂਦਾ ਸੀ। ਭਾਵੇਂ ਕਿ ਇਸ ਸੰਬੰਧੀ ਖੋਜ ਲਾਭਦਾਇਕ ਹੋ ਸਕਦੀ ਹੈ ਪਰ ਸਾਨੂੰ ਨੁਕਸਾਨ ਘੱਟ ਕਰਨ ਅਤੇ ਖਾਣੇ ਦੀ ਬਰਬਾਦੀ ਘੱਟ ਕਰਨ ਲਈ ਲਾਗਤ ਪ੍ਰਭਾਵੀ ਹੱਲ ਤਲਾਸ਼ਣੇ ਪੈਣਗੇ। ਅੰਨ ਦੀ ਸੁਰੱਖਿਆ ਵਿੱਚ ਉਤਪਾਦਨ ਵਿੱਚ ਰਸਾਇਣਾਂ ਦੀ ਘੱਟ ਵਰਤੋਂ ਅਤੇ ਖਾਣੇ ਦੀ ਸਾਂਭ-ਸੰਭਾਲ ਸ਼ਾਮਲ ਹਨ। ਇਹ ਜਲਦੀ ਹੀ ਖ਼ਤਰੇ ਦੀ ਘੰਟੀ ਵਜਾ ਸਕਦੀ ਹੈ, ਮਿਸਾਲ ਦੇ ਤੌਰ ਤੇ ਭਾਰਤ ਲਈ ਜਿਥੇ ਜਨਤਕ ਪੱਧਰ ਉਤੇ ਅੰਨ ਸੁਰੱਖਿਆ ਬਾਰੇ ਕੋਈ ਵੀ ਰਿਪੋਰਟ ਉਪਲਬਧ ਨਹੀਂ ਹੈ (ਗਰੇਸ, ਡੇਲੀਆ, ਮੈਕਡਰਮਟ, ਜੌਹਨ, 2015)। ਉਦਾਹਰਣ ਦੇ ਲਈ ਐਫਲੈਟੋਕਸਿਨ ਮਨੁੱਖੀ ਸਿਹਤ ਲਈ ਨੁਕਸਾਨਦੇਹ ਹਨ ਜਿਸ ਨਾਲ ਨਾ ਕੇਵਲ ਬੱਚਿਆਂ, ਸਗੋਂ ਬਾਲਗਾਂ ਨੂੰ ਵੀ ਕੁਪੋਸ਼ਣ ਅਤੇ ਪੁਰਾਣੀਆਂ ਬਿਮਾਰੀਆਂ ਦਾ ਸ਼ਿਕਾਰ ਬਣਨਾ ਪੈਂਦਾ ਹੈ (ਅਨਵੇਹਰ ਅਤੇ ਡੇਲੀਆ, 2013)। ਕੁਮਾਰ (2011) ਨੇ ਖੋਜਿਆ ਕਿ ਭਾਰਤ ਵਿੱਚ ਡੇਅਰੀ ਕਿਸਾਨਾਂ ਵਲੋਂ ਅੰਨ ਸੁਰੱਖਿਆ ਦੇ ਕਦਮ ਉਠਾਉਣ ਪਿੱਛੇ ਕਈ ਕਾਰਨ ਹਨ ਅਤੇ ਸਿਰਫ ਵੱਧ ਕੀਮਤਾਂ ਹੀ ਇਸ ਘਾਟੇ ਨੂੰ ਪੂਰਾ ਕਰ ਸਕਦੀਆਂ ਹਨ।

ਵਾਤਾਵਰਨ ਬਦਲਾਅ ਇਕ ਹੋਰ ਅਹਿਮ ਮੁੱਦਾ ਬਣਿਆ ਹੋਇਆ ਹੈ ਜੋ ਅੰਨ ਸੁਰੱਖਿਆ ਦੇ ਮੁੱਦਿਆਂ ਨਾਲ ਜੁੜਿਆ ਹੋਇਆ ਹੈ। ਉਦਾਹਰਣ ਦੇ ਲਈ ਇੰਡੋ-ਗੰਗਾ ਮੈਦਾਨਾਂ ਵਿੱਚ ਵਾਤਾਵਰਣਿਕ ਬਦਲਾਵਾਂ ਕਾਰਨ ਅੰਨ ਪ੍ਰਣਾਲੀਆਂ ਬਦਲ ਰਹੀਆਂ ਹਨ (ਅਗਰਵਾਲ, 2004)। ਭਾਵੇਂ ਕਿ ਉੱਤੇ ਜ਼ਿਕਰ ਕੀਤੇ ਫੌਰੀ ਹੱਲ ਮਹੱਤਵਪੂਰਨ ਹਨ, ਪਰ ਅਸੀਂ ਵਿਸ਼ਵ ਅੰਨ ਪ੍ਰਣਾਲੀ ਦਾ ਹਿੱਸਾ ਬਣਨ ਤੋਂ ਹਾਲੇ ਕੋਹਾਂ ਦੂਰ ਹਾਂ। ਅੰਨ ਨੀਤੀ ਢਾਂਚਾ ਸਾਰੇ ਦੇਸ਼ ਲਈ ਸੰਪੂਰਨ ਤੇ ਇਕਸਮਾਨ ਹੋਣਾ ਚਾਹੀਦਾ ਹੈ ਤਾਂ ਕਿ ਕੁਪੋਸ਼ਣ ਦੇ ਤਿਹਰੇ ਬੋਝ ਨਾਲ ਨਜਿੱਠਿਆ ਜਾ ਸਕੇ। ਜਿਵੇਂ ਕਿ ਉੱਤੇ ਚਰਚਾ ਕੀਤੀ ਗਈ ਹੈ, ਭਾਰਤ ਕੋਲ ਕਦੇ ਵੀ ਵਿਆਪਕ ਅੰਨ ਨੀਤੀ ਢਾਂਚਾ ਨਹੀਂ ਸੀ ਜਿਸ ਦੀ ਪਾਲਣਾ ਕੀਤੀ ਗਈ ਹੋਵੇ। ਸਗੋਂ ਪ੍ਰੋਗਰਾਮ ਸਿਰਫ ਫੌਰੀ ਲੋੜ ਅਤੇ ਵੱਖ-ਵੱਖ ਹਿਤਧਾਰਕਾਂ ਦੇ ਪ੍ਰਭਾਵ ਹੇਠ ਬਣਾਏ ਗਏ। ਅਜਿਹੀ ਪ੍ਰਣਾਲੀ ਨੂੰ ਰਾਤੋ-ਰਾਤ ਠੀਕ ਕਰਨਾ ਅਸਾਨ ਨਹੀਂ। ਫੌਰੀ ਹੱਲ ਇਹ ਹੈ ਕਿ ਸਥਿਰ ਵਿਕਾਸ ਟੀਚਿਆਂ ਨੂੰ ਧਿਆਨ ਵਿੱਚ ਰੱਖਦਿਆਂ ਅਲਪਕਾਲਿਕ ਅਤੇ ਮੱਧਮ ਕਾਲ ਟੀਚੇ ਮਿੱਥੇ ਜਾਣ।

### ਖੇਤੀਬਾੜੀ ਤੋਂ ਪੋਸ਼ਣ ਦੇ ਮਾਰਗ

ਇਕ ਅਜਿਹੇ ਏਕੀਕ੍ਰਿਤ ਵਿਭਾਗ ਦੀ ਕਲਪਨਾ ਕੀਤੀ ਜਾਵੇ ਜਿਥੇ ਫੰਡ ਦਾ ਨਿਰਧਾਰਨ ਫੌਰੀ ਲੋੜ ਅਤੇ ਫੌਰੀ ਸਹਾਇਤਾ ਦੀ ਲੋੜ ਵਾਲਿਆਂ ਉਤੇ ਅਧਾਰਤ ਹੋਵੇ (ਦਾਸ, ਸ਼ਰਮਾ ਤੇ ਬਾਬੂ, 2017)। ਜਿਵੇਂ ਕਿ ਐੱਸ ਡੀ ਜੀਜ਼ ਵਲੋਂ ਸੁਝਾਇਆ ਗਿਆ ਹੈ, ਮੁਲਾਂਕਣ ਲਈ ਮੋਹਰੀ ਦ੍ਰਿਸ਼ਟੀਕੋਣ ਅਤੇ ਸੂਚਕਾਂ ਅਤੇ ਉਪ-ਟੀਚਿਆਂ ਦੀ ਸੂਚੀ ਸਬੂਤ ਅਧਾਰਤ ਨੀਤੀਗਤ ਅਮਲ ਦਾ ਇਕ ਕੁਸ਼ਲ ਤਰੀਕਾ ਹੋ ਸਕਦੀ ਹੈ। ਇਸ ਦੇ ਨਾਲ ਯਕੀਨੀ ਤੌਰ ਤੇ ਹੋਰ ਆਧੁਨਿਕ ਤਕਨੀਕਾਂ ਦਾ ਸਹਾਰਾ ਵੀ ਲਿਆ ਜਾਣਾ ਚਾਹੀਦਾ ਹੈ।

*(ਲੇਖਕ ਵਿੱਤੀ ਪ੍ਰਬੰਧਨ ਅਤੇ ਖੋਜ ਬਾਰੇ ਸੰਸਥਾ ਵਿੱਚ ਸਹਾਇਕ ਪ੍ਰੋਫੈਸਰ ਹਨ)*

*e-mail :mdas@ncaer.org*

*:mousumii.das@gmail.com*

# ਸਮਾਜਿਕ ਸੁਰੱਖਿਆ ਵਿਸ਼ਵੀ ਸੰਦਰਭ

ਚੰਦਰਕਾਂਤ ਲਹਿਰੀਆ

ਜਾਣ-ਪਛਾਣ

ਵੱਖ-ਵੱਖ ਸਥਿਤੀਆਂ ਅਤੇ ਸੰਦਰਭਾਂ ਵਿੱਚ ਸ਼ਬਦ 'ਸਮਾਜਿਕ ਸੁਰੱਖਿਆ' 'ਸਮਾਜਿਕ ਰੱਖਿਆ', 'ਸਮਾਜਿਕ ਭਲਾਈ' ਅਤੇ ਕੁੱਝ ਹੋਰ ਏਸੇ ਤਰ੍ਹਾਂ ਦੀਆਂ ਧਾਰਣਾਵਾਂ ਦੇ ਨਾਲ ਜਾਣਿਆ ਜਾਂਦਾ ਹੈ। ਫਿਰ ਵੀ, 'ਸਮਾਜਿਕ ਸੁਰੱਖਿਆ' ਸਭ ਤੋਂ ਆਮ ਵਰਤਿਆ ਜਾਣ ਵਾਲਾ ਸ਼ਬਦ ਬਣਿਆ ਆ ਰਿਹਾ ਹੈ। ਸਮਾਜਿਕ ਸੁਰੱਖਿਆ ਦੇ ਸੰਕਲਪ ਨੂੰ ਮਨੁੱਖੀ ਹੱਕਾਂ ਬਾਰੇ ਵਿਸ਼ਵੀ ਐਲਾਨਨਾਮੇ (ਸੰਯੁਕਤ ਰਾਸ਼ਟਰ ਆਮ ਇਜਲਾਸ ਦਾ ਮਤਾ 21 ਏ, 1948) ਦੇ ਆਰਟੀਕਲ 22 ਵਿੱਚ ਦਰਜ ਕੀਤਾ ਗਿਆ ਹੈ ਜਿਸ ਵਿੱਚ ਐਲਾਨ ਕੀਤਾ ਗਿਆ ਹੈ ਕਿ ਹਰੇਕ ਕੋਈ, ਸਮਾਜ ਦਾ ਮੈਂਬਰ ਹੋਣ ਦੇ ਨਾਤੇ ਸਮਾਜਿਕ ਸੁਰੱਖਿਆ ਦਾ ਹੱਕਦਾਰ ਹੈ ਅਤੇ ਰਾਸ਼ਟਰੀ ਯਤਨਾਂ ਅਤੇ ਅੰਤਰਰਾਸ਼ਟਰੀ ਸਹਿਯੋਗ ਰਾਹੀਂ, ਸੰਗਠਨ ਦੇ ਮੁਤਾਬਕ ਅਤੇ ਹਰੇਕ ਰਾਜ ਦੇ ਸਰੋਤਾਂ ਦੇ ਮੁਤਾਬਕ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਅਧਿਕਾਰ ਹਾਸਲ ਕਰਨ ਦਾ ਪਾਤਰ ਹੈ ਜੋ ਉਸ ਦੇ ਸਨਮਾਨ ਅਤੇ ਉਸ ਦੇ ਵਿਅਕਤਿਤਵ ਦੇ ਬੇਰੋਕ ਵਿਕਾਸ ਲਈ ਜ਼ਰੂਰੀ ਹਨ। ਐਲਾਨਨਾਮੇ ਦਾ ਆਰਟੀਕਲ 23 ਆਖਦਾ ਹੈ ਕਿ "ਹਰੇਕ ਕੋਈ ਜੋ ਕੰਮਕਾਜੀ ਹੈ ... (ਨੂੰ) ਜ਼ਰੂਰਤ ਮੁਤਾਬਕ ਸਮਾਜਿਕ ਸੁਰੱਖਿਆ ਦਾ ਦੂਸਰਾ ਰੂਪ ਪ੍ਰਦਾਨ ਕੀਤਾ ਜਾਵੇ।" ਅੰਤਰਰਾਸ਼ਟਰੀ ਪੱਧਰ ਉਤੇ ਮਨੁੱਖੀ ਹੱਕਾਂ ਬਾਰੇ ਵਿਸ਼ਵੀ ਐਲਾਨਨਾਮੇ ਦੇ ਆਰਟੀਕਲ 22 ਨੂੰ ਸਮਾਜਿਕ ਸੁਰੱਖਿਆ ਲਈ ਇਕ ਮੂਲ ਅਧਾਰ ਮੰਨਿਆ ਜਾ ਸਕਦਾ ਹੈ।

## ਸਮਾਜਿਕ ਸੁਰੱਖਿਆ ਦੀ ਉਤਪਤੀ

ਇਤਿਹਾਸਕਾਰਾਂ ਵਲੋਂ ਪੁਰਾਤਨ ਅਤੇ ਮੱਧਕਾਲ ਯੁੱਗ ਤੋਂ ਸਾਰੀਆਂ ਸੱਭਿਅਤਾਵਾਂ ਵਿੱਚ ਬਾਦਸ਼ਾਹਾਂ ਤੇ ਰਾਜਿਆਂ ਦੀ ਦਿਆਲੂ ਪਹੁੰਚ ਨੂੰ ਦਸਤਾਵੇਜ਼ੀ ਰੂਪ ਦਿੱਤਾ ਗਿਆ ਹੈ, ਪਰ ਇਸ ਧਾਰਣਾਂ ਦੀ ਆਧੁਨਿਕ ਉਤਪਤੀ ਉਨ੍ਹੀਵੀਂ ਸਦੀ ਦੇ ਅਖੀਰ ਵਿੱਚ ਸ਼ੁਰੂ ਹੋਈ। ਜਰਮਨੀ ਨੂੰ ਅਕਸਰ ਹੀ ਸਮਾਜਿਕ ਸੁਰੱਖਿਆ ਤੰਤਰਾਂ ਬਾਰੇ ਮੋਹਰੀ ਦੇਸ਼ ਮੰਨਿਆ ਜਾਂਦਾ ਹੈ ਜਦੋਂ ਜਮਰਨ ਚਾਂਸਲਰ ਉਦੋਂ ਵਾਨ ਬਿਸਮਾਰਕ ਦੀ ਅਗਵਾਈ ਹੇਠ ਦੇਸ਼ ਵਿੱਚ ਪਹਿਲਕਦਮੀਆਂ ਦੀ ਇਕ ਲੜੀ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਕਾਮਿਆਂ ਲਈ ਮੁਆਵਜ਼ਾ ਯੋਜਨਾ (1884), ਬਿਮਾਰੀ ਬੀਮਾ ਯੋਜਨਾ (1888) ਅਤੇ ਸਮਾਜਿਕ ਬੀਮਾ ਯੋਜਨਾ (1989) ਸ਼ਾਮਲ ਸਨ। 20ਵੀਂ ਸਦੀ ਦੇ ਅਰੰਭ ਵਿੱਚ ਜਰਮਨਾਂ ਨੂੰ ਇਕ ਵਿਆਪਕ ਸਮਾਜਿਕ ਸੁਰੱਖਿਆ ਪ੍ਰਣਾਲੀ ਪ੍ਰਾਪਤ ਹੋ ਚੁੱਕੀ ਸੀ।

ਇਸੇ ਸਮੇਂ ਦੌਰਾਨ 1897 ਵਿੱਚ ਯੂ.ਕੇ. ਵਲੋਂ ਕਾਮਿਆਂ ਲਈ ਮੁਆਵਜ਼ਾ ਐਕਟ ਪਾਸ ਕੀਤਾ ਗਿਆ। ਇਸ ਪਿੱਛੋਂ 1911 ਵਿੱਚ ਰਾਸ਼ਟਰੀ ਬੀਮਾ ਐਕਟ ਬਣਾਇਆ ਗਿਆ। ਯੂ.ਕੇ. ਦੀ ਸਰਕਾਰ ਵਲੋਂ ਦੂਸਰੇ ਵਿਸ਼ਵ ਯੁੱਧ ਤੋਂ ਇਕਦਮ ਮਗਰੋਂ ਪਹਿਲੀ ਏਕੀਕ੍ਰਿਤ ਸਮਾਜਿਕ ਸੁਰੱਖਿਆ ਪ੍ਰਣਾਲੀ ਦਾ ਗਠਨ ਕੀਤਾ ਗਿਆ। ਇਨ੍ਹਾਂ ਸੁਧਾਰਾਂ ਦਾ ਵੱਡਾ ਸਿਹਰਾ ਵਿਲੀਅਮ ਹੈਨਰੀ ਬੇਵਰਿਜ ਨੂੰ ਜਾਂਦਾ ਹੈ ਜੋ ਇਕ ਬਰਤਾਨਵੀ ਅਰਥਸ਼ਾਸਤਰੀ ਅਤੇ ਤਰੱਕੀ ਪਸੰਦ ਸਮਾਜ ਸੁਧਾਰਕ ਸੀ ਜਿਸ ਨੇ 'ਬੇਵਰਿਜ ਯੋਜਨਾ' ਨਾਮਕ ਰਿਪੋਰਟ ਸਰਕਾਰ ਨੂੰ ਪੇਸ਼ ਕੀਤੀ। ਆਧੁਨਿਕ ਸਮਿਆਂ ਵਿੱਚ 'ਰਾਸ਼ਟਰੀ ਸਿਹਤ ਪ੍ਰਣਾਲੀ' ਨੂੰ ਬੇਵਰਿਜ ਯੋਜਨਾ ਉਤੇ ਅਧਾਰਿਤ ਅਜੋਕੀ ਸਭ ਤੋਂ ਜਾਣੀ ਪਛਾਣੀ ਪਹਿਲਕਦਮੀ ਆਖਿਆ ਜਾਂਦਾ ਹੈ।

1900-1920 ਦਰਮਿਆਨ ਸੰਯੁਕਤ ਰਾਜ ਅਮਰੀਕਾ ਨੇ ਇਕ ਦਰਸ਼ਨ ਦੀ ਉਤਪਤੀ ਨੂੰ ਵੇਖਿਆ ਜਿਸ ਵਿੱਚ ਆਰਥਿਕ ਸੁਰੱਖਿਆ ਲਈ ਬੁਢੇਪਾ ਸਹਾਇਤਾ (ਪੈਨਸ਼ਨ) ਦਿੱਤੀ ਜਾਂਦੀ ਸੀ ਜਿਸ ਨੇ ਅੱਗੇ ਜਾ ਕੇ 'ਸਮਾਜਿਕ ਸੁਰੱਖਿਆ' ਦਾ ਰੂਪ ਲੈ ਲਿਆ (ਸਮਾਜਿਕ ਬੀਮੇ ਨਾਲ ਆਰਥਿਕ ਸੁਰੱਖਿਆ)। ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ਅਧੀਨ ਅਮਰੀਕਾ ਵਲੋਂ 1935 ਦਾ 'ਸਮਾਜਿਕ ਸੁਰੱਖਿਆ ਐਕਟ' ਲਾਗੂ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ 1943 ਵਿੱਚ 'ਏਕੀਕ੍ਰਿਤ ਰਾਸ਼ਟਰੀ ਸਮਾਜਿਕ ਬੀਮਾ ਪ੍ਰਣਾਲੀ' ਦੀ ਸ਼ੁਰੂਆਤ ਹੋਈ। ਫਰਾਂਸ ਨੇ 1946 ਵਿੱਚ ਪੀਅਰ ਲਾਰਕ ਦੀ ਅਗਵਾਈ ਹੇਠ ਇਕ ਰਾਸ਼ਟਰੀ ਸਮਾਜਿਕ ਸੁਰੱਖਿਆ ਪ੍ਰਣਾਲੀ ਦੀ ਰੂਪ ਰੇਖਾ ਤਿਆਰ ਕੀਤੀ ਜਿਸ ਦੇ ਦਾਇਰੇ ਹੇਠ ਸਾਰੀ ਵਸੋਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਸੀ।

ਇਨ੍ਹਾਂ ਸਾਲਾਂ ਦੌਰਾਨ, ਅੰਤਰਰਾਸ਼ਟਰੀ ਕਿਰਤ ਸਭਾ (ਆਈ ਐੱਲ ਓ) ਅਤੇ ਸੰਯੁਕਤ ਰਾਸ਼ਟਰ ਵਲੋਂ ਜ਼ੋਰ ਦੇ ਕੇ ਬਾਰ-ਬਾਰ ਸਮਾਜਿਕ ਸੁਰੱਖਿਆ ਨੂੰ ਵਿਸ਼ਵੀ ਕਾਨੂੰਨਾਂ ਅਤੇ ਸੰਮੇਲਨਾਂ ਵਿੱਚ ਸ਼ਾਮਲ ਕਰਵਾਇਆ। ਅੰਤਰਰਾਸ਼ਟਰੀ ਕਿਰਤ ਸਭਾ ਦਾ 1944 ਦਾ ਐਲਾਨਨਾਮਾ, ਜੋ ਸਮਾਜਿਕ ਸੁਰੱਖਿਆ ਸੰਸਥਾਨਾਂ ਦਰਮਿਆਨ ਪ੍ਰਭਾਵੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਰਜ, ਸਹਿਯੋਗ ਅਤੇ ਜਾਣਕਾਰੀ ਦੇ ਆਦਾਨ ਪ੍ਰਦਾਨ ਦੀ ਮੰਗ ਕਰਦਾ ਹੈ, ਨੂੰ ਪ੍ਰਮੁੱਖ ਮੀਲ ਦਾ ਪੱਥਰ ਆਖਿਆ ਜਾ ਸਕਦਾ ਹੈ। ਐਲਾਨਨਾਮੇ ਵਿੱਚ ਰਸਮੀ ਤੌਰ ਤੇ ਸਵੀਕਾਰ ਕੀਤਾ ਗਿਆ ਕਿ ਸਮਾਜਿਕ ਸੁਰੱਖਿਆ ਦੇ ਕਦਮ ਚੁੱਕਣ ਲਈ ਦੇਸ਼ਾਂ ਨੂੰ ਸਹਾਇਤਾ ਦਿੱਤੀ ਜਾਵੇ ਅਤੇ ਅਜਿਹੀ ਸੁਰੱਖਿਆ ਅਤੇ ਵਿਆਪਕ ਡਾਕਟਰੀ ਸੰਭਾਲ ਦੇ ਸਾਰੇ ਜ਼ਰੂਰਤਮੰਦਾਂ ਨੂੰ ਇਕ ਬੁਨਿਆਦੀ ਆਮਦਨ ਪ੍ਰਦਾਨ ਕੀਤੀ ਜਾਵੇ। 1952 ਵਿੱਚ ਅੰਤਰਰਾਸ਼ਟਰੀ ਕਿਰਤ ਸਭਾ ਵਲੋਂ ਸਮਾਜਿਕ ਸੁਰੱਖਿਆ (ਘੱਟੋ-ਘੱਟ ਮਿਆਰ) ਸੰਮੇਲਨ (ਨੰ:102) ਨੂੰ ਅਪਣਾਇਆ ਗਿਆ ਜਿਸ ਵਿੱਚ ਸਮਾਜਿਕ

ਸੁਰੱਖਿਆ ਹੇਠ ਆਉਂਦੀਆਂ ਅਚਨਚੇਤੀ ਹਾਲਤਾਂ ਨੂੰ ਸੂਚੀਬੱਧ ਕੀਤਾ ਗਿਆ (ਬਾਕਸ-1)। ਇਹ ਸੰਮੇਲਨ ਆਈ ਐੱਲ ਓ ਦੇ ਸਮਾਜਿਕ ਸੁਰੱਖਿਆ ਦੇ ਸਾਰੇ ਸੰਮੇਲਨਾਂ ਦਾ ਮੋਹਰੀ ਹੈ, ਕਿਉਂਕਿ ਸਿਰਫ ਇਹੀ ਅੰਤਰਰਾਸ਼ਟਰੀ ਢੰਗ ਹੈ ਜੋ ਸਮਾਜਿਕ ਸੁਰੱਖਿਆ ਦੇ ਬੁਨਿਆਦੀ ਅਸੂਲਾਂ ਉਤੇ ਅਧਾਰਤ ਹੈ ਜੋ ਸਮਾਜਿਕ ਸੁਰੱਖਿਆ ਲਈ ਵਿਸ਼ਵ ਭਰ ਵਿੱਚ ਪ੍ਰਵਾਨਿਤ ਘੱਟੋ-ਘੱਟ ਮਿਆਰਾਂ ਨੂੰ ਸਥਾਪਤ ਕਰਦਾ ਹੈ।

## ਅੰਤਰਰਾਸ਼ਟਰੀ ਅਨੁਭਵਾਂ ਤੋਂ ਲਈਆਂ ਜਾਣ ਵਾਲੀਆਂ ਸਿੱਖਿਆਵਾਂ

ਸਮਾਜਿਕ ਸੁਰੱਖਿਆ ਦੇ ਤੰਤਰ ਨੂੰ ਮੋਟੇ ਤੌਰ ਤੇ ਇਕ ਝਟਕਾ ਸਹਿਣ ਵਾਲੇ ਲੋਕਾਂ ਦੀਆਂ ਕਮਜ਼ੋਰੀਆਂ, ਸਮਾਜਕਿ ਗ਼ੈਰ-ਬਰਾਬਰੀ, ਗਰੀਬੀ ਅਤੇ ਭੁੱਖਮਰੀ ਦਾ ਖਾਤਮਾ ਕਰਨ ਵਾਲੇ ਦੇ ਤੌਰ ਤੇ ਮਾਨਤਾ ਦਿੱਤੀ ਗਈ ਹੈ ਜੋ ਮਨੁੱਖੀ ਆਤਮ ਸਨਮਾਨ, ਸਮਾਜਿਕ ਇਕਜੁਟਤਾ ਅਤੇ ਲੋਕਤੰਤਰ ਨੂੰ ਮਜਬੂਤੀ ਦਿੰਦਾ ਹੈ। ਇਨ੍ਹਾਂ ਤੰਤਰਾਂ ਨੂੰ ਹਮੇਸ਼ਾ ਵੱਖ-ਵੱਖ ਵਿਸ਼ਵੀ ਟੀਚਿਆਂ ਤੇ ਸੰਮੇਲਨਾਂ ਵਿੱਚ ਉਜਾਗਰ ਕੀਤਾ ਗਿਆ ਹੈ ਜਿਸ ਵਿੱਚ ਹਾਲ ਹੀ ਵਿੱਚ ਸੰਪੰਨ ਹੋਏ ਦਹਿਸਦੀ ਵਿਕਾਸ ਟੀਚੇ (ਐੱਮ ਡੀ ਜੀਜ਼) ਅਤੇ ਸਥਿਰ ਵਿਕਾਸ ਟੀਚੇ (ਐੱਸ ਡੀ ਜੀਜ਼) ਅੰਤਰਰਾਸ਼ਟਰੀ ਇਕਮੁਠਤਾ ਅਤੇ ਪ੍ਰਤਿਬੱਧਤਾ ਦੇ ਤੌਰ ਤੇ ਸ਼ਾਮਲ ਹਨ। ਚੋਣਵੇਂ ਦੇਸ਼ਾਂ ਵਿੱਚ ਅਗਾਊਂ ਪਹਿਲਕਦਮੀਆਂ ਦੇ ਬਾਵਜੂਦ, ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਦੇ ਢੰਗਾਂ ਬਾਰੇ ਤਰੱਕੀ ਘੱਟ ਹੀ ਹੋਈ ਹੈ। ਆਈ ਐੱਲ ਓ ਵਲੋਂ 2014 ਵਿੱਚ ਛਾਪੀ ਇਕ ਰਿਪੋਰਟ ਵਿੱਚ ਅਨੁਮਾਨ ਲਾਇਆ ਗਿਆ ਹੈ ਕਿ ਦੁਨੀਆਂ ਦੀ ਸਿਰਫ 27 ਪ੍ਰਤਿਸ਼ਤ ਵਸੋਂ ਨੂੰ ਹੀ ਵਿਆਪਕ ਸਮਾਜਿਕ ਸੁਰੱਖਿਆ ਤੱਕ ਪਹੁੰਚ ਹਾਸਲ ਹੈ। ਸਮਾਜਿਕ ਸੁਰੱਖਿਆ ਪਹਿਲਕਦਮੀਆਂ ਨਾਲ ਇਹ ਚੁਨੌਤੀਆਂ ਜੁੜੀਆਂ ਹੋਈਆਂ ਹਨ। ਅਜਿਹੀਆਂ ਦੋ ਚੁਨੌਤੀਆਂ ਹਨ ਸਥਿਰਤਾ ਅਤੇ ਸਧਾਰਨ ਕਰਨ।

ਜ਼ਿਆਦਾਤਰ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਸਕੀਮਾਂ ਜੋ ਚੋਣਵੇਂ ਵਸੋਂ ਅਤੇ ਲਾਭਾਂ ਨਾਲ ਸ਼ੁਰੂ ਕੀਤੀਆਂ ਗਈਆਂ ਸਨ, ਵਿੱਚ ਸਮੇਂ ਨਾਲ ਲਾਭਾਂ ਅਤੇ ਵਸੋਂ ਦਾ ਵਿਸਤਾਰ ਹੋਇਆ। ਕੁੱਝ ਇਕ ਦੇਸ਼ਾਂ ਵਲੋਂ ਇਨ੍ਹਾਂ ਸਕੀਮਾਂ ਨੂੰ ਸਭ ਲਈ ਖੋਲ੍ਹ ਦਿੱਤਾ ਗਿਆ। ਪਰ ਚੁਨੌਤੀ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਦੀ ਹੈ ਜਿੱਥੇ ਵਸੋਂ ਦੇ ਇਕ ਬਹੁਤ ਛੋਟੇ ਹਿੱਸੇ ਲਈ ਸਮਾਜਿਕ ਸੁਰੱਖਿਆ ਸਕੀਮਾਂ ਦਾ ਪ੍ਰਾਵਧਾਨ ਕਰਨ ਲਈ ਸਰੋਤ ਸੀਮਤ ਹਨ। ਇਹ ਸਕੀਮਾਂ ਕਾਗ਼ਜ਼ਾਂ ਉਤੇ ਵਧੀਆ ਜਾਪਦੀਆਂ ਹਨ, ਪਰ ਲੋਕਾਂ ਦੀ ਵੱਡੀ ਗਿਣਤੀ ਇਸ ਦੇ ਦਾਇਰੇ ਤੋਂ ਬਾਹਰ ਰਹਿ ਜਾਂਦੀ ਹੈ। ਇਸ ਦੇ ਨਾਲ ਹੀ ਸਹੀ ਹੱਕਦਾਰ ਵਸੋਂ ਦੀ ਪਛਾਣ ਕਰਨਾ ਵੀ ਇਸ ਪ੍ਰੋਗਰਾਮ ਸਾਹਮਣੇ ਇਕ ਚੁਨੌਤੀ ਬਣ ਕੇ ਖੜ੍ਹੀ ਹੈ। ਇਸ ਲਈ ਇਹ ਸਕੀਮਾਂ ਕੁੱਲ ਮਿਲਾ ਕੇ ਸਭਨਾਂ ਲਈ ਹੋਣ ਤੋਂ ਕਾਫੀ ਦੂਰ ਰਹਿ ਜਾਂਦੀਆਂ ਹਨ। ਇਹ ਜ਼ਰੂਰੀ ਹੈ ਕਿ ਇਨ੍ਹਾਂ ਸਕੀਮਾਂ ਦਾ ਦਾਇਰਾ ਵਧਾਉਣ ਲਈ ਰਾਜਨੀਤਕ ਤੌਰ ਤੇ ਧਿਆਨ ਦਿੱਤਾ ਜਾਵੇ ਅਤੇ ਇਨ੍ਹਾਂ ਯੋਜਨਾਵਾਂ ਦੀ ਲੋਕਾਂ ਦੀਆਂ ਆਸਾਂ ਅਤੇ ਦੇਸ਼ ਦੀ ਵਿੱਤੀ ਸਮਰੱਥਾ ਮੁਤਾਬਕ ਸਮੇਂ-ਸਮੇਂ ਸਮੀਖਿਆ ਵੀ ਕੀਤੀ ਜਾਵੇ। ਸਥਿਰਤਾ ਦੇ ਮਾਮਲੇ ਵਿੱਚ ਸਮਾਜਿਕ ਸੁਰੱਖਿਆ ਯੋਜਨਾਵਾਂ ਦੀ ਰੂਪਰੇਖਾ ਵੱਖ-ਵੱਖ ਦੇਸ਼ਾਂ ਵਿੱਚ ਵੱਖੋ-ਵੱਖ ਹੈ। ਵੱਖ-ਵੱਖ ਦੇਸ਼ਾਂ ਦੇ ਜਨਸੰਖਿਅਕ ਅਤੇ ਆਰਥਿਕ ਅਨੁਮਾਨਾਂ ਵਿੱਚ ਇਹ ਉਜਾਗਰ ਕੀਤਾ ਗਿਆ ਹੈ ਕਿ 2050 ਤੱਕ ਸਮਾਜਿਕ ਸੁਰੱਖਿਆ ਪਹਿਲ-ਕਦਮੀਆਂ ਤੇ ਅਨੇਕ ਵਿਕਸਤ ਦੇਸ਼ਾਂ ਵਿੱਚ ਕੁੱਲ ਘਰੇਲੂ ਉਤਪਾਦ ਦਾ ਪੰਜਵਾਂ ਹਿੱਸਾ ਖਰਚ ਕੀਤਾ ਜਾਇਆ ਕਰੇਗਾ। ਇਸ ਸੰਦਰਭ ਵਿੱਚ ਜਿਉਂ-ਜਿਉਂ ਉਮਰ ਲੰਮੀ ਹੁੰਦੀ ਜਾਂਦੀ ਹੈ ਅਤੇ ਜਿਹੜੀ ਕੰਮਕਾਜੀ ਵਸੋਂ ਸੇਵਾਮੁਕਤੀ ਦੀ ਉਮਰ ਤੱਕ ਪਹੁੰਚ ਜਾਵੇਗੀ, ਤਾਂ ਆਉਣ ਵਾਲੇ ਸਾਲਾਂ ਵਿੱਚ ਸੇਵਾਮੁਕਤੀ ਲਾਗਤ ਅਤੇ ਕੁੱਲ ਘਰੇਲੂ ਉਤਪਾਦ ਦਾ ਅਨੁਪਾਤ ਵਧਦਾ ਜਾਵੇਗਾ ਜੋ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਦੀ ਲਾਗਤ ਵਿੱਚ ਵਾਧਾ ਕਰੇਗਾ। ਇਸ ਪ੍ਰਕਾਰ ਸਮਾਜਿਕ ਸੁਰੱਖਿਆ ਸਕੀਮਾਂ ਦੇ ਦਾਇਰੇ ਅਤੇ ਇਸ ਦੀ ਪਹੁੰਚ ਤੋਂ ਉਤੇ ਧਿਆਨ ਦੇਣ ਦੇ ਨਾਲ-ਨਾਲ ਰਾਸ਼ਟਰੀ ਸਰਕਾਰਾਂ ਨੂੰ ਆਪਣੀ ਵਿੱਤੀ ਯੋਜਨਾਬੰਦੀ ਇਸ ਪ੍ਰਕਾਰ ਕਰਨੀ ਪਵੇਗੀ ਕਿ ਬਦਲਦੇ ਜਨਸੰਖਿਅਕ ਦ੍ਰਿਸ਼ ਕਾਰਨ ਸਮਾਜਿਕ ਸੁਰੱਖਿਆ ਦੇ ਕਦਮਾਂ ਉਤੇ ਕੋਈ ਬੁਰਾ ਅਸਰ ਨਾ ਪਵੇ। ਵਿਕਾਸਸ਼ੀਲ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਸਕੀਮਾਂ ਲਾਗੂ ਕਰਨ ਵਿੱਚ ਇਕ ਹੋਰ ਚੁਨੌਤੀ ਸੰਸਥਾਗਤ ਸਮਰੱਥਾ ਦੀ ਕਮੀ ਹੈ ਜੋ ਇਨ੍ਹਾਂ ਲਾਭਾਂ ਨੂੰ ਹਾਸ਼ੀਏ ਉਤੇ ਗਏ ਉਪਭੋਗੀਆਂ ਤੱਕ ਪਹੁੰਚਾ ਸਕੇ। ਕਿਉਂਕਿ ਜ਼ਿਆਦਾਤਰ ਲਾਭਪਾਤਰੀ ਅਸੰਗਠਿਤ ਖੇਤਰ ਵਿੱਚ ਕਾਰਜਰਤ ਹਨ ਜਿਸ ਕਰਕੇ ਅਕਸਰ ਹੀ ਉਹ ਇਨ੍ਹਾਂ ਸਕੀਮਾਂ ਵਿੱਚ ਯੋਗਦਾਨ ਕਰਨ ਅਤੇ ਭਾਗ ਲੈਣ ਤੋਂ ਵਿਧਾਨਕ ਸੀਮਾਵਾਂ ਕਾਰਨ ਬਾਹਰ ਰਹਿ ਜਾਂਦੇ ਹਨ। ਅਜਿਹੇ ਲਾਭਪਾਤਰੀਆਂ ਨੂੰ ਦਾਇਰੇ ਹੇਠ ਲਿਆਉਣ ਨੂੰ ਤਰਜੀਹ ਦੇਣ ਵਾਸਤੇ ਅਤੇ ਉਨ੍ਹਾਂ ਨੂੰ ਗ਼ੈਰ ਯੋਗਦਾਨ ਵਾਲਾ ਦਾਇਰਾ ਪ੍ਰਦਾਨ ਕਰਨ ਲਈ ਨਵੇਂ ਹੱਲ ਖੋਜ ਕੇ ਉਨ੍ਹਾਂ ਉਤੇ ਅਮਲ ਕੀਤਾ ਜਾ ਰਿਹਾ ਹੈ।

**ਸਮਾਜਿਕ ਸੁਰੱਖਿਆ ਸਕੀਮਾਂ ਦੇ ਰਸਮੀਕਰਨ ਦਾ ਇਕ ਮਹੱਤਵਪੂਰਨ ਸੰਦ ਦੇਸ਼ ਦੇ ਸੰਵਿਧਾਨ ਵਿੱਚ ਇਸ ਲਈ ਪ੍ਰਾਵਧਾਨ ਕਰਨਾ ਹੈ। ਭਾਵੇਂ ਕਿ ਜ਼ਿਆਦਾਤਰ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਦਾ ਸੰਵਿਧਾਨ ਵਿੱਚ ਸਿੱਧਾ ਜਾਂ ਅਸਿੱਧਾ ਪ੍ਰਾਵਧਾਨ ਕੀਤਾ ਗਿਆ ਹੋਵੇਗਾ, ਇਹ ਨੋਟ ਕੀਤਾ ਗਿਆ ਹੈ ਕਿ ਸਪੱਸ਼ਟ ਜ਼ਿਕਰ ਵਾਲੇ ਦੇਸ਼ ਸਮਾਜਿਕ ਸੁਰੱਖਿਆ ਦੇ ਪ੍ਰਾਵਧਾਨਾਂ ਨੂੰ ਲਾਗੂ ਕਰਨ ਦੇ ਮਾਮਲੇ ਵਿੱਚ ਬਾਕੀ ਦੇਸ਼ਾਂ ਨਾਲੋਂ ਕਿਤੇ ਅੱਗੇ ਹਨ।**

ਵਿਸ਼ਵ ਪੱਧਰ ਉਤੇ ਉਤਪਤ ਹੋ ਰਹੀਆਂ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਦੀਆਂ ਕੁੱਝ ਉਦਾਹਰਣਾਂ ਹਨ। ਫਿਨਲੈਂਡ ਕੋਲ ਦੁਨੀਆਂ ਦੀ ਸਭ ਤੋਂ ਆਧੁਨਿਕ ਅਤੇ ਵਿਆਪਕ ਸਮਾਜਿਕ ਸੁਰੱਖਿਆ ਸਕੀਮ ਹੋਣ ਬਾਰੇ ਆਖਿਆ ਜਾਂਦਾ ਹੈ। ਉਥੋਂ ਸਾਰੇ ਨਾਗਰਿਕ ਸਮਾਜਿਕ ਸੁਰੱਖਿਆ ਸਕੀਮਾਂ ਦੇ ਦਾਇਰੇ ਹੇਠ ਆਉਂਦੇ ਹਨ ਅਤੇ ਦੇਸ਼ ਵਿੱਚ ਵੱਖ-ਵੱਖ ਵਸੋਂ ਲਈ ਵੱਖੋ-ਵੱਖ ਪ੍ਰਣਾਲੀਆਂ ਹਨ। ਰਿਹਾਇਸ਼ ਅਧਾਰਤ ਸਮਾਜਿਕ ਸੁਰੱਖਿਆ ਦਾ ਵਿੱਤੀਕਰਨ ਕਰਾਂ ਦੁਆਰਾ ਕੀਤਾ ਜਾਂਦਾ ਹੈ ਜਿਸ ਦਾ ਪ੍ਰਬੰਧ ਇਕ ਖ਼ੁਦਮੁਖਤਿਆਰ ਏਜੰਸੀ ਕਰਦੀ ਹੈ। ਰੋਜ਼ਗਾਰ ਅਧਾਰਤ, ਕਮਾਈ ਨਾਲ ਸੰਬੰਧਿਤ ਸਮਾਜਿਕ ਸੁਰੱਖਿਆ ਲਈ ਧਨ ਨਿੱਜੀ ਬੀਮਾ ਕੰਪਨੀਆਂ ਅਤੇ ਪੈਨਸ਼ਨ ਫੰਡ ਦੇ ਯੋਗਦਾਨ ਤੋਂ ਜੁਟਾਇਆ ਜਾਂਦਾ ਹੈ। ਇਸ ਦਾ ਪ੍ਰਬੰਧ ਫਿਨਿਸ਼ ਸੈਂਟਰ ਫਾਰ ਪੈਨਸ਼ਨ ਕਰਦਾ ਹੈ। ਇਸ ਵਿੱਚ ਸਮਾਜਿਕ ਬੀਮਾ ਅਤੇ ਭਲਾਈ ਦੇ ਪ੍ਰਾਵਧਾਨ ਸ਼ਾਮਲ ਹੁੰਦੇ ਹਨ। ਫਿਨਲੈਂਡ ਕੋਲ ਸਮਾਜਿਕ ਸੁਰੱਖਿਆ ਤੰਤਰਾਂ ਦੇ ਹਿੱਸੇ ਵਜੋਂ ਵਿਆਪਕ ਸਿਹਤ

| ਤਾਲਿਕਾ-1 : ਚੋਣਵੇ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਦਾ ਸਾਰ | |
|---|---|
| ਦੇਸ਼ | ਵੇਰਵਾ |
| ਆਸਟ੍ਰੇਲੀਆ | ਆਸਟ੍ਰੇਲੀਆ ਸਾਧਨਾਂ ਤੋਂ ਜਾਂਚ ਕੀਤੇ ਸਮਾਜਿਕ ਸੁਰੱਖਿਅ ਭੁਗਤਾਨ ਕਰਦਾ ਹੈ, ਮਤਲਬ ਕੋਈ ਵਿਅਕਤੀ/ਪਰਿਵਾਰ ਤਾਂ ਹੀ ਯੋਗ ਹੈ ਜੇ ਉਸ ਦਾ ਭੁਗਤਾਨ ਤੋਂ ਬਿਨਾਂ ਕੰਮ ਨਾ ਚੱਲਦਾ ਹੋਵੇ। ਆਸਟ੍ਰੇਲੀਆ ਦੀ ਭਲਾਈ ਪ੍ਰਣਾਲੀ ਬਹੁਤ ਵਿਸ਼ਾਲ ਹੈ ਅਤੇ ਰਵਾਇਤੀ ਪ੍ਰਾਪਤ-ਕਰਤਾਵਾਂ ਦੇ ਨਾਲ-ਨਾਲ (ਸੇਵਾਮੁਕਤ, ਪਤਨੀ, ਬੱਚੇ, ਅੰਗਹੀਣ, ਬੇਰੋਜ਼ਗਾਰ, ਬਿਮਾਰ, ਮਾਪੇ, ਨਵੇਂ ਜੰਮੇ ਬੱਚੇ ਦੀ ਸੰਭਾਲ ਆਦਿ) ਭੁਗਤਾਨ ਦੇ ਦਾਇਰੇ ਵਿੱਚ ਵਿਦਿਆਰਥੀ, ਸਾਂਭ ਸੰਭਾਲ ਕਰਨ ਵਾਲੇ (ਬਿਮਾਰਾਂ ਦੀ ਸੰਭਾਲ ਕਰਨ ਵਾਲੇ), ਆਦਿਵਾਸੀ ਆਉਂਦੇ ਹਨ। ਇਹ ਪ੍ਰਾਵਧਾਨ ਵਧੀਕ ਪੂਰਕ ਭੁਗਤਾਨ ਲਈ ਵੀ ਹੈ। |
| ਚੀਨ | ਚੀਨ ਦੀ ਸਮਾਜਿਕ ਸੁਰੱਖਿਆ ਪ੍ਰਣਾਲੀ ਪ੍ਰਾਂਤਾਂ ਦੀ ਲੋੜ ਮੁਤਾਬਕ ਬਣਾਈ ਗਈ ਹੈ (ਜੋ ਰਾਜਾਂ ਦੇ ਬਰਾਬਰ ਹੁੰਦੇ ਹਨ)। ਨਿਯਮ ਕੇਂਦਰ ਸਰਕਾਰ ਵਲੋਂ ਬਣਾਏ ਜਾਂਦੇ ਹਨ ਪਰ ਸਥਾਨਕ ਅਧਿਕਾਰੀ ਇਸ ਦੇ ਪ੍ਰਬੰਧਨ ਅਤੇ ਆਕਾਰ ਬਾਰੇ ਫੈਸਲਾ ਲੈਂਦੇ ਹਨ। ਪਿਛਲੇ ਚਾਰ ਦਹਾਕਿਆਂ ਦੌਰਾਨ ਇਨ੍ਹਾਂ ਸਕੀਮਾਂ ਵਿੱਚ ਕਈ ਬਦਲਾਅ ਕੀਤੇ ਗਏ ਹਨ। ਬਹੁਤ ਸਾਰੀਆਂ ਸਕੀਮਾਂ ਅਤੇ ਪ੍ਰਾਵਧਾਨ ਹਨ, ਕੁੱਝ ਲਈ ਪੈਸਾ ਮਾਲਕਾਂ-ਕਰਮਚਾਰੀਆਂ ਵਲੋਂ ਦਿੱਤਾ ਜਾਂਦਾ ਹੈ ਅਤੇ ਕੁੱਝ ਇਕ ਲਈ ਸਾਰਾ ਪੈਸਾ ਮਾਲਕਾਂ ਵਲੋਂ ਦਿੱਤਾ ਜਾਂਦਾ ਹੈ। ਇਨ੍ਹਾਂ ਬੀਮਾ ਸਕੀਮਾਂ ਦੀ ਇਕ ਸੀਮਾ ਹੈ, ਮਤਲਬ ਵਿਅਕਤੀਆਂ ਲਈ ਪਿਛਲੇ ਸਾਲ ਉਨ੍ਹਾਂ ਦੀ ਆਮਦਨ ਉਤੇ ਅਧਾਰਤ ਉਜਰਤ ਦੀ ਸੀਮਾ, ਜਿਸ ਵਿੱਚ ਉਨ੍ਹਾਂ ਵਲੋਂ ਸਮਾਜਿਕ ਸੁਰੱਖਿਆ ਲਈ ਪਾਏ ਜਾਣ ਵਾਲੇ ਯੋਗਦਾਨ ਦੀ ਵੀ ਸੀਮਾ ਤੈਅ ਹੈ। |
| ਕਿਊਬਾ | ਕਿਊਬਾ ਦੀ ਸਮਾਜਿਕ ਸੁਰੱਖਿਆ ਪ੍ਰਣਾਲੀ (ਐੱਸ ਐੱਸ ਐੱਸ) ਲਗਭਗ ਸਭਨਾਂ ਲਈ ਹੈ ਅਤੇ ਵਿੱਤ ਦਾ ਵੱਡਾ ਬੋਝ ਸਰਕਾਰ ਦੁਆਰਾ ਚੁੱਕਿਆ ਜਾਂਦਾ ਹੈ। ਬਹੁਤ ਸਾਰੇ ਵਿਕਸਤ ਦੇਸ਼ਾਂ ਨਾਲੋਂ ਸਮਾਜਿਕ ਸੁਰੱਖਿਆ ਸਕੀਮ ਦਾ ਦਾਇਰਾ ਬਹੁਤ ਜ਼ਿਆਦਾ ਹੈ। ਨਾਲ ਹੀ ਕਿਊਬਾ ਵਿੱਚ ਵਿਆਪਕ ਮੁਫਤ ਸਿਹਤ ਸੰਭਾਲ ਉਪਲਬਧ ਹੈ। ਕਿਊਬਾ ਵਲੋਂ ਇਨ੍ਹਾਂ ਵਿੱਚੋਂ ਬਹੁਤੇ ਪ੍ਰਾਵਧਾਨ ਤੇਜ਼ ਗਤੀ ਨਾਲ ਅਤੇ ਘੱਟ ਲਾਗਤ ਤੋਂ ਹਾਸਲ ਕੀਤੇ ਗਏ ਹਨ। |
| ਜਾਪਾਨ | ਜਾਪਾਨ ਦੀ ਸਮਾਜਿਕ ਸੁਰੱਖਿਆ ਪ੍ਰਣਾਲੀ ਲਗਭਗ ਸਾਰਿਆਂ ਲਈ ਹੈ। ਜਾਪਾਨ ਵਿੱਚ ਸਭਨਾਂ ਦਾ ਇਸ ਵਿੱਚ ਭਾਗ ਲੈਣਾ ਲਾਜ਼ਮੀ ਹੈ, ਘੱਟੋ-ਘੱਟ ਸਿਧਾਂਤਕ ਤੌਰ ਤੇ ਹੀ ਸਹੀ। ਜਾਪਾਨ ਕੋਲ ਰਹਿਣ ਦੇ ਬੁਨਿਆਦੀ ਖਰਚੇ, ਮਕਾਨਾਂ ਦੀ ਕੀਮਤ, ਜ਼ਰੂਰੀ ਸਿੱਖਿਆ ਅਤੇ ਹੁਨਰ ਸਿਖਲਾਈ ਲਾਗਤਾਂ, ਸਿਹਤ ਬੀਮਾ ਅਤੇ ਸਸਕਾਰ ਆਦਿ ਦੇ ਖਰਚੇ ਪੂਰੇ ਕਰਨ ਲਈ ਜਨਤਕ ਸਹਾਇਤਾ ਦੇ ਪ੍ਰੋਗਰਾਮ ਹਨ। ਇਹ ਪ੍ਰਣਾਲੀ ਪਿਛਲੇ ਸਾਲਾਂ ਦੌਰਾਨ ਪੈਦਾ ਹੋਈ ਹੈ ਅਤੇ ਬਹੁਤ ਸਾਰੇ ਦੇਸ਼ਾਂ ਲਈ ਮਿਸਾਲ ਹੋ ਸਕਦੀ ਹੈ ਜਿਨ੍ਹਾਂ ਦੀ ਜਨਸੰਖਿਆ ਉਮਰ ਦਰਾਜ਼ੀ ਵੱਲ ਵਧ ਰਹੀ ਹੈ। |
| ਫਿਲੀਪੀਨਜ਼ | ਫਿਲੀਪੀਨਜ਼ ਦਾ ਸਮਾਜਿਕ ਸੁਰੱਖਿਆ ਪ੍ਰੋਗਰਾਮ ਸਰਕਾਰ ਵਲੋਂ ਚਲਾਇਆ ਜਾਂਦਾ, ਸਮਾਜਿਕ ਬੀਮਾ ਪ੍ਰੋਗਰਾਮ ਹੈ ਜੋ ਨਿੱਜੀ, ਪੇਸ਼ੇਵਰ ਅਤੇ ਅਸੰਗਠਿਤ ਖੇਤਰ ਦੇ ਕਾਮਿਆਂ ਲਈ ਹੈ। ਐੱਸ ਐੱਸ ਐੱਸ ਵਲੋਂ ਤਿੰਨ ਪ੍ਰੋਗਰਾਮ ਚਲਾਏ ਜਾ ਰਹੇ ਹਨ : (ੳ) ਸਮਾਜਿਕ ਸੁਰੱਖਿਆ ਪ੍ਰੋਗਰਾਮ, (ਅ) ਡਾਕਟਰੀ ਸੰਭਾਲ ਪ੍ਰੋਗਰਾਮ ਅਤੇ (ੲ) ਕਰਮਚਾਰੀਆਂ ਦਾ ਮੁਆਵਜ਼ਾ ਪ੍ਰੋਗਰਾਮ। ਸਰਕਾਰੀ ਕਰਮਚਾਰੀ ਵੱਖਰੇ ਸਰਕਾਰੀ ਪੈਨਸ਼ਨ ਫੰਡ ਦੇ ਦਾਇਰੇ ਹੇਠ ਆਉਂਦੇ ਹਨ ਜਿਸ ਦਾ ਪ੍ਰਬੰਧਨ ਸਰਕਾਰੀ ਸੇਵਾ ਬੀਮਾ ਪ੍ਰਣਾਲੀ (ਜੀ ਐੱਸ ਆਈ ਐੱਸ) ਵਲੋਂ ਕੀਤਾ ਜਾਂਦਾ ਹੈ। |

ਪ੍ਰਣਾਲੀ ਮੌਜੂਦਾ ਹੈ। ਦੁਨੀਆਂ ਦੇ ਵੱਖ-ਵੱਖ ਭਾਗਾਂ ਦੇ ਪੰਜ ਹੋਰ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਅਤੇ ਤੰਤਰਾਂ ਬਾਰੇ ਤਾਲਿਕਾ-1 ਵਿੱਚ ਦੱਸਿਆ ਗਿਆ ਹੈ।

ਵੱਖ-ਵੱਖ ਦੇਸ਼ਾਂ ਵਿੱਚ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਵਿੱਚ ਕੁੱਝ ਸਮਾਨਤਾਵਾਂ ਹਨ ਜਿਨ੍ਹਾਂ ਨੂੰ ਸੰਖੇਪ ਵਿੱਚ ਹੇਠਾਂ ਬਿਆਨ ਕੀਤਾ ਗਿਆ ਹੈ :

- ਲਗਭਗ ਸਾਰੇ ਦੇਸ਼ਾਂ ਵਲੋਂ ਬੁਢਾਪਾ ਪੈਨਸ਼ਨ, ਸੰਗਠਿਤ ਖੇਤਰ ਦੇ ਕਰਮਚਾਰੀਆਂ ਲਈ ਸੇਵਾਮੁਕਤੀ ਲਾਭਾਂ ਅਤੇ ਘੱਟੋ-ਘੱਟ ਉਜਰਤਾਂ ਆਦਿ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ। ਕਈ ਦੇਸ਼ਾਂ ਨੇ ਇਨ੍ਹਾਂ ਸਕੀਮਾਂ/ਪਹਿਲਕਦਮੀਆਂ ਦੇ ਹਿੱਸੇ ਵਜੋਂ ਵਾਧੂ ਵਸੋਂ ਅਤੇ ਲਾਭਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਹੈ।

- ਵਾਧੂ ਵਸੋਂ ਨੂੰ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ ਆਸ ਨਾਲੋਂ ਘੱਟ ਹਨ ਅਤੇ ਜ਼ਿਆਦਾਤਰ ਮੌਜੂਦਾ ਲਾਭਾਂ ਦਾ ਦਾਇਰਾ ਵਿਆਪਕਤਾ ਅਤੇ ਸਭਨਾਂ ਲਈ ਇਕਸਮਾਨ ਤੋਂ ਘੱਟ ਹੈ।

- ਸਿਹਤ ਸੇਵਾਵਾਂ ਨੂੰ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਦਾ ਹਿੱਸਾ ਬਣਾਉਣ ਲਈ ਆਮ ਸਹਿਮਤੀ ਹੈ, ਪਰ ਸਭਨਾਂ ਲਈ ਸਿਹਤ ਦਾਇਰਾ ਯਕੀਨੀ ਬਣਾਉਣ ਵੱਲ ਕੁੱਝ ਦੇਸ਼ਾਂ ਵਲੋਂ ਹੀ ਤੰਤਰ ਸਥਾਪਤ ਕੀਤੇ ਗਏ ਹਨ।

- ਵਧੀਆ ਤਰੱਕੀ ਕਰਨ ਵਾਲੇ ਬਹੁਤ ਸਾਰੇ ਦੇਸ਼ਾਂ ਵਲੋਂ ਸਕੀਮਾਂ ਨੂੰ ਮਿਲਾ ਕੇ ਉਨ੍ਹਾਂ ਦੇ ਅਮਲ ਨੂੰ ਏਕੀਕ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਹਾਲਤਾਂ ਵਿੱਚ ਪ੍ਰਦਾਤਿਆਂ ਨੂੰ ਇਨ੍ਹਾਂ ਸੇਵਾਵਾਂ ਦੀ ਖਰੀਦ ਕਰਨ ਵਾਲਿਆਂ ਤੋਂ ਅਲੱਗ ਕਰ ਦਿੱਤਾ ਗਿਆ ਹੈ ਅਤੇ (ਇਕ ਤੋਂ ਵੱਧ) ਆਜ਼ਾਦ ਅਤੇ ਖੁਦਮੁਖਤਿਆਰ ਏਜੰਸੀ ਸਰਕਾਰ ਦੀ ਤਰਫ਼ੋਂ ਇਨ੍ਹਾਂ ਪ੍ਰਾਵਧਾਨਾਂ ਦਾ ਪ੍ਰਬੰਧਨ ਕਰਦੀ ਹੈ।

- ਸੰਘੀ ਢਾਂਚੇ ਵਿੱਚ ਪ੍ਰਾਂਤਾਂ ਅਤੇ ਸੂਬਿਆਂ ਨੂੰ ਸਕੀਮਾਂ ਦੀ ਰੂਪਰੇਖਾ ਬਣਾ ਕੇ ਉਨ੍ਹਾਂ ਉਤੇ ਅਮਲ ਕਰਨਾ ਹੁੰਦਾ ਹੈ ਅਤੇ ਰਾਸ਼ਟਰੀ ਪੱਧਰ ਉਤੇ ਨੀਤੀਗਤ ਦਿਸ਼ਾ ਨਿਰਦੇਸ਼ ਅਤੇ ਨਿਯਮ ਕਾਇਦੇ ਇਕਸੁਰਤਾ ਸਥਾਪਤ ਕਰਨ ਲਈ ਪ੍ਰਦਾਨ ਕੀਤੇ ਜਾਂਦੇ ਹਨ।

- ਸੁਧਾਰਾਂ ਅਤੇ ਸਿੱਖਣ ਬਾਰੇ ਨਵੀਨਤਮ ਪਹੁੰਚਾਂ ਅਖ਼ਤਿਆਰ ਕੀਤੀਆਂ ਗਈਆਂ ਹਨ ਜਿਸ

*ਬਾਕਸ-1 : ਆਈ ਐੱਲ ਓ ਸੰਮੇਲਨ, 1952 ਮੁਤਾਬਕ ਸਮਾਜਿਕ ਸੁਰੱਖਿਆ ਦੇ ਹੰਗਾਮੀ ਹਾਲਾਤ*

- *ਬੁਢਾਪਾ ਪੈਨਸ਼ਨ, ਇਕ ਉਮਰ ਤੋਂ ਬਾਅਦ ਜਿਉਂਦੇ ਰਹਿਣ ਨੂੰ ਦਾਇਰੇ ਹੇਠ ਲਿਆਉਣਾ।*
- *ਪਿੱਛੇ ਰਹਿ ਗਿਆਂ ਲਈ ਲਾਭ : ਵਿਧਵਾ ਜਾਂ ਬੱਚੇ ਵਲੋਂ ਕਮਾਉਣ ਵਾਲੇ ਵਿਅਕਤੀਆਂ ਦੀ ਮੌਤ ਦੀ ਹਾਲਤ ਵਿੱਚ ਹੋਏ ਨੁਕਸਾਨ।*
- *ਬਿਮਾਰੀ ਦੀ ਛੁੱਟੀ ਦੇ ਲਾਭ: ਕੰਮ ਕਰਨ ਤੋਂ ਅਸਮਰੱਥ ਹੋਣ ਉਤੇ ਕਮਾਈ ਵਿੱਚ ਰੁਕਾਵਟ ਜੋ ਬਿਮਾਰੀ ਕਾਰਨ ਪੈਦਾ ਹੁੰਦੀ ਹੈ।*
- *ਰੋਜ਼ਗਾਰ ਦੌਰਾਨ ਸੱਟਾਂ : ਡਾਕਟਰੀ ਸੰਭਾਲ ਦੇ ਖਰਚੇ ਅਤੇ ਝੱਲੇ ਗਏ ਨੁਕਸਾਨ, ਬਿਮਾਰੀ ਦੀ ਛੁੱਟੀ, ਕਮਾਉਣ ਵਾਲੇ ਦੇ ਨਕਾਰਾ ਜਾਂ ਕਿਸੇ ਦੁਰਘਟਨਾ ਜਾਂ ਬਿਮਾਰੀ ਕਾਰਨ ਮੌਤ ਹੋ ਜਾਣੀ।*
- *ਅੰਗਹੀਣਤਾ ਲਾਭ : ਕਿਸੇ ਲਾਭਦਾਇਕ ਸਰਗਰਮੀ ਵਿੱਚ ਲੱਗਣ ਦੀ ਪੱਕੀ ਅਸਮਰੱਥਤਾ।*
- *ਬੇਰੋਜ਼ਗਾਰੀ ਲਾਭ : ਸੁਰੱਖਿਅਤ ਵਿਅਕਤੀਆਂ ਲਈ ਢੁੱਕਵਾਂ ਰੋਜ਼ਗਾਰ ਨਾ ਮਿਲਣ ਕਰਕੇ ਕਮਾਈ ਵਿੱਚ ਰੁਕਾਵਟ, ਜੋ ਕੰਮ ਕਰਨ ਲਈ ਰਾਜ਼ੀ ਅਤੇ ਸਮਰੱਥ ਹਨ।*
- *ਪ੍ਰਵਾਰਿਕ ਲਾਭ : ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ।*
- *ਡਾਕਟਰੀ ਸੰਭਾਲ : ਕਿਸੇ ਵੀ ਰੋਗ ਦਾ ਇਲਾਜ (ਗਰਭ ਅਵਸਥਾ ਸਮੇਤ) ਭਾਵੇਂ ਕਾਰਨ ਕੋਈ ਵੀ ਹੋਵੇ।*
- *ਜਣੇਪਾ ਲਾਭ : ਗਰਭ ਅਵਸਥਾ, ਘਰ ਰਹਿਣ ਦੇ ਸਿੱਟੇ ਵਜੋਂ ਕਮਾਈ ਵਿੱਚ ਰੁਕਾਵਟ।*
- *ਉਨ੍ਹਾਂ ਲੋਕਾਂ ਲਈ ਸਮਾਜਿਕ ਸਹਾਇਤਾ ਜੋ ਕਿਸੇ ਕਾਰਨ ਘੱਟੋ-ਘੱਟ ਆਮਦਨ ਪੱਧਰ ਤੱਕ ਨਹੀਂ ਪਹੁੰਚ ਸਕਦੇ।*

ਨਾਲ ਸੂਚਨਾ ਤੇ ਸੰਚਾਰ ਤਕਨੀਕਾਂ ਦੀ ਵਰਤੋਂ ਕਰਕੇ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਪਸਾਰ ਕੀਤਾ ਜਾ ਸਕੇ। ਇਸ ਦੇ ਨਾਲ ਹੀ, ਜਦੋਂ ਵੀ ਜ਼ਰੂਰਤ ਹੋਵੇ, ਦੇਸ਼ਾਂ ਵਲੋਂ ਵਿਧਾਨਕ ਅਤੇ ਕਾਨੂੰਨੀ ਪ੍ਰਾਵਧਾਨਾਂ ਦੁਆਰਾ ਇਨ੍ਹਾਂ ਤੰਤਰਾਂ ਦੀ ਸਹਾਇਤਾ ਕੀਤੀ ਗਈ ਹੈ।

## ਭਾਰਤ ਲਈ ਅੱਗੇ ਵਧਣ ਦੇ ਸੱਤ ਰਸਤੇ

ਆਜ਼ਾਦੀ ਤੋਂ 70 ਸਾਲ ਬਾਅਦ ਭਾਰਤ ਨੌਜਵਾਨ ਵਸੋਂ ਵਾਲਾ ਦੇਸ਼ ਹੈ (ਜਿਸ ਵਿੱਚ ਜਨਸੰਖਿਅਕ ਲਾਭਅੰਸ਼ ਤੋਂ ਲਾਹਾ ਲੈਣ ਦੀ ਸਮਰੱਥਾ ਹੈ), ਇਕ ਤੇਜ਼ੀ ਨਾਲ ਵਿਕਸਤ ਹੋ ਰਿਹਾ ਅਰਥਚਾਰਾ ਹੈ ਜੋ ਵਿਸ਼ਵ ਵਿੱਚ ਫੈਲੀ ਮੰਦੀ ਤੋਂ ਜ਼ਿਆਦਾਤਰ ਬਚਿਆ ਰਿਹਾ ਹੈ। ਸ਼ਾਇਦ ਇਹ ਸਭ ਤੋਂ ਢੁਕਵਾਂ ਸਮਾਂ ਹੈ ਕਿ ਭਾਰਤ ਵਿੱਚ ਮੌਜੂਦਾ ਸਮਾਜਿਕ ਸੁਰੱਖਿਆ ਪ੍ਰਣਾਲੀ ਨੂੰ ਮਜਬੂਤ ਕੀਤਾ ਜਾਵੇ। ਸ਼ੁਰੂਆਤ ਵਿੱਚ, ਭਾਰਤ ਵਿੱਚ ਸਮਾਜਿਕ ਸੁਰੱਖਿਆ ਦੇ ਕਦਮਾਂ ਦੀ ਇਕ ਤਾਕਤ ਇਹ ਹੈ ਕਿ ਭਾਰਤ ਦਾ ਸੰਵਿਧਾਨ ਆਰਟੀਕਲ 41 ਅਤੇ 42, ਭਾਗ 4 ਰਾਹੀਂ ਕੰਮ ਦੇ ਅਧਿਕਾਰ, ਸਿੱਖਿਆ ਅਤੇ ਬੇਰੋਜ਼ਗਾਰੀ ਦੀ ਹਾਲਤ ਵਿੱਚ ਸਹਾਇਤਾ, ਬੁਢਾਪਾ, ਬਿਮਾਰੀ ਅਤੇ ਅੰਗਹੀਣਤਾ ਤੋਂ ਸੁਰੱਖਿਆ ਦੀ ਚਰਚਾ ਕਰਦਾ ਹੈ। ਸਮਾਜਿਕ ਸੁਰੱਖਿਆ ਦੇ ਕਦਮਾਂ ਦੇ ਪਸਾਰ ਲਈ ਇਹ ਇਕ ਵਿਸ਼ਾਲ ਕਾਨੂੰਨੀ ਢਾਂਚਾ ਹੈ।

ਕਈ ਅਰਥਾਂ ਵਿੱਚ ਸਮਾਜਿਕ ਸੁਰੱਖਿਆ ਦੇ ਮਾਮਲੇ ਵਿੱਚ ਭਾਰਤ ਨੂੰ ਜਲਦੀ ਸ਼ੁਰੂਆਤ ਕਰਨ ਵਾਲਾ ਦੇਸ਼ ਆਖਿਆ ਜਾ ਸਕਦਾ ਹੈ। ਭਾਰਤ ਵਿੱਚ 1923 ਅੰਦਰ ਕਾਮਿਆਂ ਦੇ ਮੁਆਵਜੇ ਬਾਰੇ ਐਕਟ ਪਾਸ ਕਰ ਦਿੱਤਾ ਗਿਆ ਸੀ। ਉਦੋਂ ਤੋਂ ਲੈ ਕੇ, ਹੋਰ ਵਧੇਰੇ ਵਸੋਂ ਲਈ ਇਸ ਸੂਚੀ ਵਿੱਚ ਨਵੀਆਂ ਸਕੀਮਾਂ ਜੋੜ ਦਿੱਤੀਆਂ ਗਈਆਂ ਹਨ ਅਤੇ ਕਾਗ਼ਜ਼ ਉੱਤੇ ਸਮੁੱਚਾ ਦ੍ਰਿਸ਼ ਸ਼ਾਨਦਾਰ ਨਜ਼ਰ ਆ ਸਕਦਾ ਹੈ। ਪਰ ਭਾਰਤ ਸਾਹਮਣੇ (ਭਾਰਤੀ ਰਾਜਾਂ ਨੂੰ ਵੀ) ਚੁਨੌਤੀਆਂ ਵਿਸ਼ਵ ਦੇ ਦੂਸਰੇ ਭਾਗਾਂ ਵਰਗੀਆਂ ਹੀ ਹਨ : ਖੰਡਤ ਸਕੀਮਾਂ, ਆਸ ਤੋਂ ਘੱਟ ਅਮਲ ਅਤੇ ਸਕੀਮਾਂ ਦਾ ਪਸਾਰ (ਜੋ ਹਾਲੀਆ ਪਹਿਲਕਦਮੀਆਂ ਅਤੇ ਸਕੀਮਾਂ ਉਤੇ ਵੀ ਲਾਗੂ ਹੁੰਦਾ ਹੈ)। ਇਸ ਸੰਦਰਭ ਵਿੱਚ ਭਾਰਤ ਹੇਠ ਦਿੱਤੇ ਘੱਟੋ-ਘੱਟ 7 ਕਦਮ ਚੁੱਕ ਸਕਦਾ ਹੈ ਜਿਸ ਨਾਲ ਭਾਰਤ ਅੰਦਰ ਇਨ੍ਹਾਂ ਸਕੀਮਾਂ ਦਾ ਪਸਾਰ ਅਤੇ ਦਾਇਰਾ ਵਧ ਸਕਦਾ ਹੈ (ਬਾਕਸ-2 ਵਿੱਚ ਸੂਚੀਬਧ ਹੇਠਾਂ ਵਿਆਖਿਆ ਕੀਤੀ ਜਾ ਰਹੀ ਹੈ)।

***(ੳ) ਸਭਨਾਂ ਨੂੰ ਦਾਇਰੇ ਹੇਠ ਲਿਆਉਣ ਲਈ ਖਾਕਾ ਤਿਆਰ ਕਰਨਾ ਅਤੇ ਉਸ ਉਤੇ ਸਹਿਮਤੀ ਬਣਾਉਣੀ*** – ਅੰਤਰਰਾਸ਼ਟਰੀ ਤਜ਼ਰਬਾ ਦੱਸਦਾ ਹੈ ਕਿ ਨਿਸ਼ਾਨਦੇਹੀ ਹੇਠਲੇ ਲਾਭਪਾਤਰੀਆਂ ਦੀ ਸ਼ਮੂਲੀਅਤ ਲਈ ਇਕ ਯੋਜਨਾਬੱਧ ਤੰਤਰ ਹੋਣਾ ਚਾਹੀਦਾ ਹੈ, ਨਹੀਂ ਤਾਂ ਇਹ ਲਾਭਪਾਤਰੀ ਦਾਇਰੇ ਤੋਂ ਬਾਹਰ ਰਹਿ ਜਾਣਗੇ। ਸਰਬਉੱਚ ਪੱਧਰ ਉਤੇ ਇਨ੍ਹਾਂ ਸਕੀਮਾਂ ਦੇ ਪਸਾਰ ਅਤੇ ਦਾਇਰੇ ਵਿੱਚ ਵਾਧਾ ਕਰਨ ਲਈ ਖਾਕਾ ਤਿਆਰ ਕਰਕੇ ਉਸ ਉਤੇ ਸਹਿਮਤੀ ਬਣਨੀ ਜ਼ਰੂਰੀ ਹੈ ਜਿਸ ਲਈ ਢੁਕਵੇਂ ਕਾਨੂੰਨੀ ਪ੍ਰਾਵਧਾਨ ਹੋਣ। ਅਜਿਹਾ ਖਾਕਾ ਸਰਕਾਰ ਵਲੋਂ ਅਧਿਕਾਰਕ ਤੌਰ ਤੇ ਜਾਰੀ ਕਰਨਾ ਚਾਹੀਦਾ ਹੈ ਤਾਂ ਕਿ ਜਨਤਕ ਜਵਾਬਦੇਹੀ ਬਣ ਸਕੇ। ਇਸ ਦੇ ਲਈ ਸਹਾਇਕ ਸੰਸਥਾਗਤ ਤੰਤਰ ਅਤੇ ਬਹੁਤ ਸਾਰੀਆਂ ਮੌਜੂਦਾ ਸਕੀਮਾਂ ਵਿੱਚ ਕੁਸ਼ਲਤਾ ਲਿਆਉਣ ਲਈ ਸਥਾਪਤ ਕਰਨ ਦੀ ਜ਼ਰੂਰਤ ਪਵੇਗੀ। ਹਾਲੀਆ ਪਹਿਲਕਦਮੀਆਂ ਜਿਵੇਂ ਅਧਾਰ ਕਾਰਡ ਅਤੇ ਜਨ ਧਨ ਯੋਜਨਾ ਸਮਾਜਿਕ ਸਮਾਵੇਸ਼ ਲਈ ਸ਼ਾਨਦਾਰ ਮੰਚ ਪ੍ਰਦਾਨ ਕਰ ਸਕਦੇ ਹਨ ਅਤੇ ਇਨ੍ਹਾਂ ਸਕੀਮਾਂ ਉਤੇ ਅਮਲ ਲਈ ਇਨ੍ਹਾਂ ਮੰਚਾਂ ਨੂੰ ਪਹਿਲਾਂ ਹੀ ਖਾਕੇ ਵਿੱਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

***(ਅ) ਖੁਦਮੁਖਤਿਆਰ ਰਾਸ਼ਟਰੀ ਸਮਾਜਿਕ ਸੁਰੱਖਿਆ ਸੰਗਠਨ ਦੀ ਸਥਾਪਨਾ ਬਾਰੇ ਵਿਚਾਰ ਕਰਨਾ :*** ਬਹੁਤ ਸਾਰੇ ਦੇਸ਼ਾਂ ਵਲੋਂ ਜ਼ਿਆਦਾਤਰ ਸਮਾਜਿਕ ਸੁਰੱਖਿਆ ਲਾਭਾਂ/ਸਕੀਮਾਂ ਦੇ ਪ੍ਰਬੰਧਨ ਲਈ ਇਕ ਖੁਦਮੁਖਤਿਆਰ ਏਜੰਸੀ ਦਾ ਗਠਨ ਕੀਤਾ ਗਿਆ ਹੈ। ਭਾਰਤ ਵਿੱਚ ਇਕ ਤੋਂ ਵੱਧ ਸਮਾਜਿਕ ਸੁਰੱਖਿਆ ਪ੍ਰਾਵਧਾਨ ਹਨ ਜਿਨ੍ਹਾਂ ਉਤੇ ਅਮਲ ਬਹੁਤ ਮਾੜਾ ਹੋ ਰਿਹਾ ਹੈ। ਇਸ ਲਈ, ਰਾਸ਼ਟਰੀ ਅਤੇ ਰਾਜ ਪੱਧਰ, ਦੋਵਾਂ ਉਤੇ ਇਕ ਖੁਦਮੁਖਤਿਆਰ ਏਜੰਸੀ ਦੀ ਸਥਾਪਨਾ ਕੁਸ਼ਲਤਾ ਅਤੇ ਅਮਲ ਵਿੱਚ ਪ੍ਰਭਾਵਿਕਤਾ ਲੈ ਕੇ ਆਵੇਗੀ। ਇਸ ਨਾਲ ਸਰਕਾਰ ਨੂੰ ਨੀਤੀ ਬਣਾਉਣ ਅਤੇ ਪ੍ਰਾਵਧਾਨਾਂ ਦੇ ਪ੍ਰਬੰਧਨ ਲਈ ਏਜੰਸੀ ਬਣਾਉਣ ਦੀ ਆਗਿਆ ਮਿਲ ਜਾਵੇਗੀ।

***(ੲ) ਨਵੀਨਤਮ ਵਿੱਤੀਕਰਨ ਤੰਤਰਾਂ ਨਾਲ ਇਕ ਸਮਾਜਿਕ ਖੇਤਰ ਨਿਵੇਸ਼ ਯੋਜਨਾ ਵਿਕਸਤ ਕਰਨਾ :*** ਤਜ਼ਰਬਾ ਦਰਸਾਉਂਦਾ ਹੈ ਕਿ ਵਿਆਪਕ ਅਤੇ ਸਭਨਾਂ ਲਈ ਸਮਾਜਿਕ

ਬਾਕਸ-2 : ਸਮਾਜਿਕ ਸੁਰੱਖਿਆ ਵਿੱਚ ਅੰਤਰਰਾਸ਼ਟਰੀ ਅਮਲ ਦੇ ਤਜ਼ਰਬੇ ਤੋਂ ਭਾਰਤ ਲਈ ਅੱਗੇ ਵਧਣ ਦੇ ਸੱਤ ਰਸਤੇ :

- ਸਭਨਾਂ ਲਈ ਸਿਹਤ ਵਾਸਤੇ ਖਾਕਾ ਤਿਆਰ ਕਰਕੇ ਉਸ ਉਤੇ ਸਹਿਮਤੀ ਬਣਾਉਣੀ।
- ਇਕ ਖੁਦਮੁਖਤਿਆਰ ਰਾਸ਼ਟਰੀ ਸਮਾਜਿਕ ਸੁਰੱਖਿਆ ਸੰਗਠਨ ਸਥਾਪਤ ਕਰਨ ਉਤੇ ਵਿਚਾਰ ਕਰਨਾ।
- ਨਵੀਨਤਮ ਵਿੱਤੀਕਰਨ ਤੰਤਰਾਂ ਵਾਲੀ ਸਮਾਜਿਕ ਖੇਤਰ ਨਿਵੇਸ਼ ਯੋਜਨਾ ਵਿਕਸਤ ਕਰਨੀ।
- ਇਕਜੁਟਤਾ ਅਤੇ ਜਨਤਕ ਜਾਗਰੂਕਤਾ ਅਤੇ ਮੇਲ ਉਤੇ ਧਿਆਨ ਕੇਂਦਰਿਤ ਕਰਨਾ।
- ਸਭਨਾਂ ਲਈ ਸਿਹਤ ਦਾਇਰਾ (ਯੂ ਐੱਚ ਸੀ) ਨੂੰ ਸਮਾਜਿਕ ਸੁਰੱਖਿਆ ਕਦਮਾਂ ਦਾ ਹਿੱਸਾ ਮੰਨਣਾ।
- ਰਾਜ ਸਰਕਾਰਾਂ ਦੀ ਸਰਗਰਮ ਅਗਵਾਈ।
- ਵਿਧਾਨਕ ਅਤੇ ਕਾਨੂੰਨੀ ਸੁਧਾਰਾਂ ਉਤੇ ਵਿਚਾਰ ਕਰਨੀ।

ਸੁਰੱਖਿਆ ਦੇ ਕਦਮ ਉਠਾਉਣ ਵਾਸਤੇ ਕਿਸੇ ਦੇਸ਼ ਦਾ ਅਮੀਰ ਹੋਣਾ ਜ਼ਰੂਰੀ ਨਹੀਂ ਬਜਾਇ ਇਸ ਦੇ ਕਿ ਸਮਾਜਿਕ ਸੁਰੱਖਿਆ ਪ੍ਰਣਾਲੀ ਵਿੱਚ ਨਿਵੇਸ਼ ਆਰਥਿਕ ਤਰੱਕੀ ਦਾ ਕਾਰਕ ਬਣ ਸਕਦਾ ਹੈ। ਇਹ ਬਹੁਤ ਹੀ ਲਾਭਕਾਰੀ ਹੋਵੇਗਾ ਜੇ ਅਗਲੇ 15 ਜਾਂ 20 ਸਾਲਾਂ ਲਈ ਸਮਾਜਿਕ ਸੁਰੱਖਿਆ ਨਿਵੇਸ਼ ਯੋਜਨਾ ਵਿਕਸਤ ਕਰ ਲਈ ਜਾਵੇ ਜਿਸ ਵਿੱਚ ਸਰੋਤਾਂ ਦੀ ਜ਼ਰੂਰਤ ਬਾਰੇ ਪੂਰਨ ਸਪੱਸ਼ਟਤਾ ਹੋਵੇ ਅਤੇ ਬਦਲ ਰਹੀ ਜਨਸੰਖਿਆ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਰੱਖਿਆ ਜਾਵੇ। ਇਹ ਇਨ੍ਹਾਂ ਸਕੀਮਾਂ ਦੇ ਵਿੱਤੀ ਆਵੰਟਨ ਲਈ ਨਵੀਨਤਮ ਅਤੇ ਯਕੀਨੀ ਤੰਤਰਾਂ ਦਾ ਪ੍ਰਸਤਾਵ ਕਰ ਸਕਦੇ ਹਨ ਤਾਂ ਕਿ ਸਥਿਰਤਾ/ਨਿਰੰਤਰਤਾ ਯਕੀਨੀ ਬਣਾਈ ਜਾ ਸਕੇ। ਜੇ ਲੋੜ ਪਵੇ ਤਾਂ ਚੋਣਵੇਂ ਅਤੇ ਨਿਸ਼ਾਨਦੇਹੀ ਕੀਤੀ ਵਸੋਂ ਕੋਲੋਂ ਜ਼ਰੂਰੀ ਯੋਗਦਾਨ ਲਈ ਸੰਵਿਧਾਨ ਅਤੇ ਕਾਨੂੰਨੀ ਸੋਧਾਂ ਵੀ ਕੀਤੀਆਂ ਜਾ ਸਕਦੀਆਂ ਹਨ।

***(ਸ) ਇਕਜੁਟਤਾ, ਜਨਤਕ ਜਾਗਰੂਕਤਾ ਅਤੇ ਸੰਵਾਦ ਉਤੇ ਧਿਆਨ ਕੇਂਦਰਿਤ ਕਰਨਾ :*** ਸਮਾਜਿਕ ਸੁਰੱਖਿਆ ਪ੍ਰਣਾਲੀ ਵਿੱਚ ਇਕਜੁਟਤਾ ਇਕ ਮੁੱਖ ਸਿਧਾਂਤ ਹੈ ਜਿਥੇ ਲੋਕ ਇਹ ਪ੍ਰਤਿਬਧਤਾ ਕਰਦੇ ਹਨ ਕਿ ਉਹ ਗਰੀਬ ਅਤੇ ਕਮਜ਼ੋਰਾਂ ਦੀ ਸਹਾਇਤਾ ਕਰਨਗੇ। ਅਮੀਰ ਗਰੀਬ ਲਈ ਖੜ੍ਹਾ ਹੋਵੇ, ਸਿੱਖਿਅਤ ਘੱਟ ਪੜ੍ਹੇ ਲਿਖੇ ਦੀ ਸਹਾਇਤਾ ਕਰੇ ਅਤੇ ਸੰਗਠਿਤ ਖੇਤਰ ਦਾ ਕਰਮਚਾਰੀ ਜਾਂ ਤਾਂ ਬੇਰੋਜ਼ਗਾਰਾਂ ਉਤੇ ਧਿਆਨ ਦੇਵੇ ਜਾਂ ਜਿਹੜੇ ਅਸੰਗਠਿਤ ਖੇਤਰ ਵਿੱਚ ਕਾਰਜਰਤ ਹਨ। ਅਜਿਹੀਆਂ ਪਹਿਲਕਦਮੀਆਂ ਵਿੱਚ ਸਮਾਜ ਦੀ ਸ਼ਮੂਲੀਅਤ ਨਾਲ ਵੀ ਇਕਜੁਟਤਾ ਹਾਸਲ ਕੀਤੀ ਜਾ ਸਕਦੀ ਹੈ, ਜਾਗਰੂਕਤਾ ਪੈਦਾ ਕਰਨ ਦੇ ਯਤਨ ਵੀ ਲਾਭਕਾਰੀ ਹੋ ਸਕਦੇ ਹਨ ਜੋ ਮੌਜੂਦਾ ਸਕੀਮਾਂ ਨੂੰ ਰਫ਼ਤਾਰ ਦੇਣ ਵਿੱਚ ਆਪਣਾ ਯੋਗਦਾਨ ਪਾਉਣਗੇ।

***(ਹ) ਇਕਸਮਾਨ/ਸਭਨਾਂ ਲਈ ਸਿਹਤ ਨੂੰ ਦਾਇਰੇ ਵਿੱਚ ਲਿਆਉਣ ਵਾਸਤੇ ਇਸ ਨੂੰ ਸਮਾਜਿਕ ਸੁਰੱਖਆ ਕਦਮਾਂ ਦਾ ਹਿੱਸਾ ਬਣਾਉਣਾ :*** ਭਾਰਤ ਵਿੱਚ ਸਾਲਾਨਾ ਲਗਭਗ 63 ਮਿਲੀਅਨ ਲੋਕ ਸਿਹਤ ਸੰਬੰਧੀ ਵਿੱਤੋਂ ਬਾਹਰੇ ਖਰਚਿਆਂ ਕਾਰਨ ਗਰੀਬੀ ਵਿੱਚ ਧੱਕੇ ਜਾਂਦੇ ਹਨ। ਜਿਹੜੇ ਲੋਕ ਪਹਿਲਾਂ ਹੀ ਗਰੀਬ ਹਨ, ਉਹ ਹੋਰ ਜ਼ਿਆਦਾ ਗਰੀਬੀ ਦੀ ਦਲਦਲ ਵਿੱਚ ਧਸਦੇ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ, ਸਿਹਤ ਸੰਬੰਧੀ ਖਰਚਾ ਸਭਨਾਂ ਲਈ ਸਿਹਤ ਦਾਇਰੇ ਦੀ ਅਣਹੋਂਦ, ਸਾਰੇ ਸਮਾਜਿਕ ਸੁਰੱਖਿਆ ਯਤਨਾਂ ਦੀ ਹਵਾ ਕੱਢ ਰਹੀ ਹੈ, ਜਿਸ ਵਿੱਚ ਦੇਸ਼ ਅੰਦਰ ਗਰੀਬੀ ਘੱਟ ਕਰਨ ਦੇ ਉਪਰਾਲੇ ਵੀ ਸ਼ਾਮਲ ਹਨ। ਸਚਾਈ ਇਹ ਹੈ ਕਿ ਸਿਹਤ ਉਤੇ ਸਰਕਾਰ ਵਲੋਂ ਕੀਤਾ ਜਾਣ ਵਾਲਾ ਖਰਚਾ ਬਹੁਤ ਘੱਟ ਹੈ, ਜੋ ਕੁੱਲ ਸਿਹਤ ਖਰਚੇ ਦਾ 30 ਪ੍ਰਤਿਸ਼ਤ ਹੋਣ ਦੇ ਹਿਸਾਬ ਨਾਲ ਦੁਨੀਆਂ ਵਿੱਚ ਸਭ ਤੋਂ ਘੱਟ ਹੈ। ਕੁੱਲ ਸਿਹਤ ਖਰਚੇ ਵਿੱਚੋਂ 65 ਪ੍ਰਤਿਸ਼ਤ ਵਿੱਤੋਂ ਬਾਹਰਾ ਖਰਚਾ ਲੋਕਾਂ ਵਲੋਂ ਕਰਨਾ ਵੀ ਦੁਨੀਆਂ ਵਿੱਚ ਸਭ ਤੋਂ ਵੱਧ ਹੈ। ਇਹ ਚੰਗੀ ਤਰ੍ਹਾਂ ਸਾਬਤ ਹੋ ਚੁੱਕਾ ਹੈ ਕਿ ਜਦੋਂ ਸਰਕਾਰ ਸਿਹਤ ਉਤੇ ਨਿਵੇਸ਼ ਕਰਦੀ ਹੈ ਤਾਂ ਲੋਕਾਂ ਨੂੰ ਖਰਚਾ ਘੱਟ ਕਰਨਾ ਪੈਂਦਾ ਹੈ ਅਤੇ ਇਹ ਗਰੀਬੀ ਤੋਂ ਸਮਾਜਿਕ ਸੁਰੱਖਿਆ ਦਾ ਇਕ ਕਦਮ ਬਣ ਜਾਂਦਾ ਹੈ। ਇਸ ਦੇ ਨਾਲ ਹੀ, ਸਿਹਤ ਉਤੇ ਕੀਤਾ ਨਿਵੇਸ਼ ਕੁੱਲ ਘਰੇਲੂ ਉਤਪਾਦ ਅਤੇ ਆਰਥਿਕ ਵਿਕਾਸ ਵਿੱਚ ਉੱਚ ਯੋਗਦਾਨ ਪਾਉਂਦਾ ਹੈ। ਇਹ ਗੱਲ ਸਮਝ ਆਉਂਦੀ ਹੈ ਕਿ ਬਹੁਤ ਸਾਰੇ ਦੇਸ਼ਾਂ ਵਲੋਂ ਸਮਾਜਿਕ ਸਿਹਤ ਬੀਮਾ ਤੰਤਰਾਂ ਰਾਹੀਂ ਸਭਨਾਂ ਲਈ ਸਿਹਤ ਦਾਇਰੇ ਦਾ ਮਾਰਗ ਚੁਣਿਆ ਗਿਆ ਹੈ ਜੋ ਸਮਾਜਿਕ ਸੁਰੱਖਿਆ ਪ੍ਰਣਾਲੀ ਦਾ ਹਿੱਸਾ ਹੈ। ਭਾਰਤ ਅਤੇ ਇਸ ਦੇ ਰਾਜਾਂ ਨੂੰ ਇਮਾਨਦਾਰੀ ਨਾਲ ਇਸ ਪਾਸੇ ਤੁਰਨਾ ਪਵੇਗਾ। ਸਰਕਾਰ ਨੂੰ ਸਿਹਤ ਉਤੇ ਹੋਰ ਜ਼ਿਆਦਾ ਨਿਵੇਸ਼ ਕਰਨ ਦੀ ਲੋੜ ਹੈ ਅਤੇ ਸਮਾਜਿਕ ਸਹਿਤ ਬੀਮਾ ਪ੍ਰਣਾਲੀ ਲਈ ਤੰਤਰ ਵਿਕਸਤ ਕਰਨਾ ਚਾਹੀਦਾ ਹੈ। ਰਾਸ਼ਟਰੀ ਸਵਸਥ ਬੀਮਾ ਯੋਜਨਾ ਵਰਗੀਆਂ ਸਕੀਮਾਂ ਦਾ ਉਦੇਸ਼ ਵਧੀਆ ਹੈ, ਪਰ ਇਸ ਸਕੀਮ ਉਤੇ ਸਾਲਾਨਾ ਖਰਚਾ ਭਾਰਤ ਵਿੱਚ ਸਿਹਤ ਉਤੇ ਕੀਤੇ ਜਾਣ ਵਾਲੇ ਸਰਕਾਰੀ ਖਰਚੇ ਦੇ 1 ਪ੍ਰਤਿਸ਼ਤ ਤੋਂ ਵੀ ਘੱਟ ਹੈ।

**ਇਹ ਠੀਕ ਗੱਲ ਹੈ ਕਿ ਇਸ ਸਕੀਮ ਦਾ ਪ੍ਰਭਾਵ ਸੀਮਤ ਹੈ। ਸਮਾਂ ਆ ਗਿਆ ਹੈ ਕਿ ਇਹ ਸਕੀਮ ਅਤੇ ਪ੍ਰਸਤਾਵਿਤ ਰਾਸ਼ਟਰੀ ਸਿਹਤ ਸੁਰੱਖਿਆ ਸਕੀਮ (ਐੱਨ ਐੱਚ ਪੀ ਐੱਸ) ਨੂੰ ਜਾਰੀ ਕੀਤਾ ਜਾਵੇ ਅਤੇ ਇਸ ਲਈ ਲੋੜੀਂਦਾ ਧਨ ਮੁਹੱਈਆ ਕਰਵਾਇਆ ਜਾਵੇ, ਜਿਸ ਦੀ ਸੋਚ ਸਭਨਾਂ ਲਈ ਸਿਹਤ (ਯੂ ਐੱਚ ਸੀ) ਵੱਲ ਵਧਣ ਲਈ ਸਰਕਾਰੀ ਨਿਵੇਸ਼ ਵਿੱਚ ਵਾਧੇ ਵਾਲੀ ਹੋਵੇ। ਹਾਲ ਹੀ ਵਿੱਚ ਸ਼ੁਰੂ ਕੀਤੀ ਭਾਰਤ ਕੀ ਰਾਸ਼ਟਰੀ ਸਿਹਤ ਨੀਤੀ (2017) ਭਾਰਤ ਵਿੱਚ ਯੂ ਐੱਚ ਸੀ ਦੇ ਪਸਾਰ ਵਿੱਚ ਯੋਗਦਾਨ ਪਾਵੇਗੀ।**

***(ਕ) ਰਾਜ ਸਰਕਾਰਾਂ ਦੀ ਸਰਗਰਮ ਅਗਵਾਈ :*** ਭਾਰਤ ਵਰਗੀ ਸੰਘੀ ਪ੍ਰਣਾਲੀ ਵਿੱਚ, ਸਮਾਜਿਕ ਸੁਰੱਖਿਆ ਦੇ ਕਦਮਾਂ ਵਿੱਚ ਰਾਜਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਨਾਲ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਵਿੱਚ ਨਵੀਨਤਾ ਨੂੰ ਸਫਲ ਕਰਨ ਲਈ ਢੁੱਕਵੀਂ ਲਚਕ ਅਤੇ ਜਗ੍ਹਾ ਮਿਲ ਜਾਂਦੀ ਹੈ। ਭਾਵੇਂ ਕਿ ਕੇਂਦਰ ਸਰਕਾਰ ਦੇ ਵਿੱਤੀ ਅਤੇ ਮਾਲੀ ਸਰੋਤ ਹਮੇਸ਼ਾ ਸੀਮਤ ਹੀ ਰਹਿਣਗੇ, ਪਰ ਅਮਲ ਵਿੱਚ ਉਦੋਂ ਫਰਕ ਆ ਜਾਂਦਾ ਹੈ ਜਦੋਂ ਕਿਸੇ ਰਾਜ ਦੀ ਚੋਟੀ ਦੀ

ਲੀਡਰਸ਼ਿਪ ਦੂਰ-ਦ੍ਰਿਸ਼ਟੀ ਅਤੇ ਪ੍ਰਤਿਬਧਤਾ ਦਾ ਪ੍ਰਗਟਾਵਾ ਕਰਦੀ ਹੈ। ਬਹੁਤ ਸਾਰੇ ਭਾਰਤੀ ਰਾਜ ਇਸ ਪੜਾਅ ਉਤੇ ਹਨ ਜਿਥੋਂ ਉਹ ਬਾਕੀ ਦੇਸ਼ ਲਈ ਰਾਹ ਦਸੇਰੇ ਬਣ ਸਕਦੇ ਹਨ ਤਾਂ ਕਿ ਸਮਾਜਿਕ ਸੁਰੱਖਿਆ ਸਕੀਮਾਂ ਦੇ ਦਾਇਰੇ ਹੇਠ ਸਾਰਿਆਂ ਨੂੰ ਲਿਆਂਦਾ ਜਾ ਸਕੇ ਜਿਸ ਵਿੱਚ ਸਭਨਾਂ ਲਈ ਸਿਹਤ ਦਾਇਰਾ ਸ਼ਾਮਲ ਹੈ।

***(ਖ) ਵਿਧਾਨਕ ਅਤੇ ਕਾਨੂੰਨੀ ਸੁਧਾਰਾਂ ਉਤੇ ਵਿਚਾਰ :*** ਸਮਾਜਿਕ ਸੁਰੱਖਿਆ ਸਕੀਮਾਂ ਦੀ ਨਿਰੰਰਤਾ ਬਣਾਈ ਰੱਖਣ ਲਈ ਵਿਧਾਨਕ ਅਤੇ ਕਾਨੂੰਨੀ ਸਹਾਇਤਾ ਦੀ ਲੋੜ ਹੈ। ਕਿਸੇ ਸਮੇਂ ਉਤੇ, ਕਰ ਅਧਾਰਤ ਵਿੱਤੀਕਰਨ ਦੀ ਥਾਂ ਉਤੇ ਉਨ੍ਹਾਂ ਲੋਕਾਂ ਕੋਲੋਂ ਯੋਗਦਾਨ ਕਰਵਾਉਣਾ ਜ਼ਰੂਰੀ ਹੋ ਜਾਵੇਗਾ ਜੋ ਰਕਮ ਅਦਾ ਕਰ ਸਕਦੇ ਹਨ, ਤਾਂ ਕਿ ਇਨ੍ਹਾਂ ਪ੍ਰਾਵਧਾਨਾਂ ਦਾ ਸੁਚਾਰੂ ਪ੍ਰਬੰਧਨ ਹੋ ਸਕੇ, ਨਹੀਂ ਤਾਂ ਨਿਰੰਤਰਤਾ ਇਕ ਚੁਨੌਤੀ ਬਣ ਜਾਵੇਗੀ। ਇਸ ਦੇ ਲਈ ਵਿਧਾਨਕ ਅਤੇ ਕਾਨੂੰਨੀ ਪ੍ਰਾਵਧਾਨਾਂ ਦੀ ਜ਼ਰੂਰਤ ਪਵੇਗੀ ਜੇ ਲੋੜ ਪਵੇ ਤਾਂ ਸੰਵਿਧਾਨਕ ਸੋਧਾਂ ਵੀ ਕੀਤੀਆਂ ਜਾ ਸਕਦੀਆਂ ਹਨ। ਇਸ ਪ੍ਰਕਿਰਿਆ ਲਈ ਵਿਸ਼ੇ ਦੇ ਮਾਹਰਾਂ ਅਤੇ ਭਾਰਤ ਦੇ ਚੋਟੀ ਦੇ ਅਕਾਦਮਿਕ ਅਤੇ ਨੀਤੀਗਤ ਸੰਸਥਾਨਾਂ ਦਾ ਮਾਰਗ ਦਰਸ਼ਨ ਲੋੜੀਂਦਾ ਹੋਵੇਗਾ।

## ਸਿੱਟਾ

ਸਮਾਜਿਕ ਸੁਰੱਖਿਆ ਉਤੇ ਅਮਲ ਪਿਛਲੇ ਕੁੱਝ ਦਹਾਕਿਆਂ ਤੋਂ ਅਰੰਭ ਹੋਇਆ ਹੈ ਅਤੇ ਆਰਥਿਕ ਵਿਕਾਸ ਦੇ ਵੱਖ-ਵੱਖ ਪੜਾਵਾਂ ਉਤੇ ਬਹੁਤ ਸਾਰੇ ਦੇਸ਼ਾਂ ਤੋਂ ਸਿੱਖਿਆ ਜਾ ਸਕਦਾ ਹੈ। ਸਮਾਜਿਕ ਸੁਰੱਖਿਆ ਭਾਰਤ ਦੇ ਸੰਵਿਧਾਨ ਦੇ ਪ੍ਰਾਵਧਾਨ ਦਾ ਇਕ ਭਾਗ ਹੈ ਜਿਸ ਨੂੰ ਭਾਰਤ ਦੀਆਂ ਵੱਖ-ਵੱਖ ਸਰਕਾਰਾਂ ਨੇ ਵੱਖ-ਵੱਖ ਹੱਦ ਤੱਕ ਤਰਜੀਹ ਦਿੱਤੀ ਹੈ। ਪਰ, ਦਾਇਰੇ ਅਤੇ ਪ੍ਰਭਾਵ ਪੱਖੋਂ ਇਹ ਸਕੀਮਾਂ ਹਾਲੇ ਵੀ ਸੀਮਤ ਬਣੀਆਂ ਹੋਈਆਂ ਹਨ। ਸਭਨਾਂ ਲਈ ਸਿਹਤ ਅਤੇ ਨਿਰੰਤਰਤਾ ਬਣਾਈ ਰੱਖਣ ਲਈ ਭਾਰਤ ਵਿਸ਼ਵ ਦੇ ਅਨੁਭਵਾਂ ਤੋਂ ਸਿੱਖ ਸਕਦਾ ਹੈ। ਅਜਿਹਾ ਸਮਾਜਿਕ ਖੇਤਰ ਨਿਵੇਸ਼ ਯੋਜਨਾ ਦੇ ਵਿਕਾਸ ਅਤੇ ਏਜੰਸੀਆਂ ਤੇ ਸਕੀਮਾਂ ਦੇ ਏਕੀਕਰਨ ਰਾਹੀ ਸੰਭਵ ਹੋ ਸਕਦਾ ਹੈ। ਅਜਿਹੀਆਂ ਸਕੀਮਾਂ ਵਿੱਚ ਯੋਗਦਾਨ ਪਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਵੱਲ ਧਿਆਨ ਕੇਂਦਰਿਤ ਕਰਨਾ ਹੋਵੇਗਾ। ਭਾਰਤੀ ਰਾਜਾਂ ਨੂੰ ਇਸ ਮਾਮਲੇ ਵਿੱਚ ਅਗਵਾਈ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਯੂ ਐੱਚ ਸੀ ਨੂੰ ਭਾਰਤ ਵਿੱਚ ਸਮਾਜਿਕ ਭਲਾਈ ਤੰਤਰ ਵਜੋਂ ਤਰਜੀਹੀ ਧਿਆਨ ਦੇਣਾ ਚਾਹੀਦਾ ਹੈ। ਭਾਰਤ ਵਿੱਚ ਸਭਨਾਂ ਲਈ ਸਿਹਤ ਅਤੇ ਨਿਰੰਤਰਤਾ ਦੇ ਤੰਤਰ ਤੇਜ਼ ਅਤੇ ਸਥਿਰ ਆਰਥਿਕ ਵਿਕਾਸ, ਗਰੀਬੀ ਦੇ ਖਾਤਮੇ, ਪ੍ਰਸੰਗਿਕ ਸਥਿਰ ਵਿਕਾਸ ਟੀਚੇ ਹਾਸਲ ਕਰਨ ਅਤੇ ਦੇਸ਼ ਭਰ ਵਿੱਚ ਸਭਨਾਂ ਲਈ ਸਿਹਤ ਦਾਇਰਾ ਹਾਸਲ ਕਰਨ ਵਿੱਚ ਯੋਗਦਾਨ ਪਾਉਣਗੇ।

*(ਲੇਖਕ ਨਵੀ ਦਿੱਲੀ ਸਥਿਤ ਵਿਸ਼ਵ ਸਿਹਤ ਸੰਗਠਨ ਨਾਲ ਰਾਸ਼ਟਰੀ ਅਧਿਕਾਰੀ ਹਨ)*

*e-mail :c.lahariya@gmail.com*

*:lahariyac@who.int*



# ਵਿੱਦਿਆ ਵਿੱਚ ਸਮਾਜਿਕ ਸੁਰੱਖਿਆ : ਮਿਡ ਡੇ ਮੀਲ

ਕਿਰਨ ਭੱਟੀ

ਜਾਣ-ਪਛਾਣ

ਸਮਾਜਿਕ ਸੁਰੱਖਿਆ ਸਲਾਮਤੀ ਅਤੇ ਉਸ ਪ੍ਰਣਾਲੀ ਦੀ ਆਮ ਧਾਰਨਾ ਵੱਲ ਇਸ਼ਾਰਾ ਕਰਦੀ ਹੈ ਜੋ ਕਿ ਇਸ ਨੂੰ ਸਾਰੇ ਸ਼ਹਿਰੀਆਂ ਲਈ ਯਕੀਨੀ ਬਣਾਉਂਦੀ ਹੈ। ਇਹ ਮੁਢਲੇ ਲਾਭ ਜਾਂ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰ ਨਾਲ ਹੱਥ ਮਿਲਾਉਂਦੀ ਹੈ ਜੋ ਕਿ ਇਸ ਦੇ ਸ਼ਹਿਰੀਆਂ ਨੂੰ ਸਨਮਾਨ ਦਾ ਜੀਵਨ ਜਿਊਣ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਦਾ ਧਾਰਨਾ ਸੰਬੰਧੀ ਮੂਲ ਸਮਾਜਿਕ ਸਮਝੌਤੇ ਦੇ ਨਾਲ ਸੰਬੰਧਿਤ ਹੈ ਜੋ ਕਿ ਠੋਸ ਸਮਝੌਤੇ ਦਾ ਹਵਾਲਾ ਦਿੰਦਾ ਹੈ ਜੋ ਸੁਤੰਤਰ ਅਤੇ ਬਰਾਬਰ ਲੋਕਾਂ ਵਿੱਚ ਇਸ ਢੰਗ ਨਾਲ ਇਕ ਸਮਾਜ ਕਾਇਮ ਕਰਨ ਲਈ ਹੁੰਦਾ ਹੈ ਜਿਸ ਨੂੰ ਸਭ ਲਈ ਸੁਰੱਖਿਆ ਅਤੇ ਭਲਾਈ ਦਾ ਪ੍ਰਬੰਧ ਪ੍ਰਦਾਨ ਕੀਤਾ ਜਾ ਸਕੇ। ਸਮਾਜਿਕ ਸਮਝੌਤੇ ਨੂੰ ਲੋਕਰਾਜੀ ਢੰਗ ਦੀਆਂ ਸਰਕਾਰਾਂ ਦੇ ਅਧਾਰ ਲਈ ਮਾਨਤਾ ਪ੍ਰਾਪਤ ਹੈ। ਭਾਵੇਂ ਕਿ ਸਮਾਜਿਕ ਸੁਰੱਖਿਆ ਦਾ ਇਤਿਹਾਸ ਲੱਭਣਾ ਕਾਫੀ ਮੁਸ਼ਕਿਲ ਹੈ ਪਰ ਸੁਰੱਖਿਆ ਦੇ ਢੰਗਾਂ ਦੇ ਸਬੂਤ ਮੌਜੂਦ ਹਨ ਜੋ ਕਿ ਰੋਮਨ ਸਾਮਰਾਜ ਤੋਂ ਲੈ ਕੇ ਵੱਖ-ਵੱਖ ਸਮਿਆਂ ਵਿੱਚ ਮੁਫਤ ਅਨਾਜ ਵੰਡਣ ਦੇ ਰੂਪ ਵਿੱਚ ਪ੍ਰਦਾਨ ਕੀਤੀ ਗਈ। ਬਾਅਦ ਦੇ ਸਮੇਂ ਵਿੱਚ ਅੰਗਰੇਜ਼ ਗਰੀਬਾਂ ਬਾਰੇ ਕਾਨੂੰਨ (1601) ਅਤੇ ਅਮਰੀਕੀ ਸਮਾਜਿਕ ਸੁਰੱਖਿਆ ਕਾਨੂੰਨ (1935) ਸਮਾਜਿਕ ਸੁਰੱਖਿਆ ਦੀਆਂ ਸਾਹਮਣੇ ਆਈਆਂ ਉਦਾਹਰਣਾਂ ਹਨ। ਪਰ ਸਮਾਜਿਕ ਸੁਰੱਖਿਆ ਦੀ ਸਭ ਤੋਂ ਵੱਧ ਸਮਝ ਵਿੱਚ ਆਉਣ ਅਤੇ ਪ੍ਰਵਾਨਤ ਉਦਾਹਰਨ ਮਨੁੱਖੀ ਅਧਿਕਾਰਾਂ ਦੇ ਅੰਤਰਰਾਸ਼ਟਰੀ ਐਲਾਨਨਾਮੇ (1948) ਦੀ ਧਾਰਾ 22 ਰਾਹੀਂ ਸਾਹਮਣੇ ਆਈ ਜਿਸ ਵਿੱਚ ਕਿਹਾ ਗਿਆ ਹੈ, "ਹਰ ਕਿਸੇ ਨੂੰ ਸਮਾਜ ਦੇ ਮੈਂਬਰ ਵਜੋਂ ਸਮਾਜਿਕ ਸੁਰੱਖਿਆ ਦਾ ਅਧਿਕਾਰ ਹਾਸਲ ਹੈ ਅਤੇ ਉਹ ਇਸ ਨੂੰ ਰਾਸ਼ਟਰੀ ਯਤਨਾਂ ਅਤੇ ਅੰਤਰਰਾਸ਼ਟਰੀ ਸਹਿਯੋਗ ਨਾਲ ਅਤੇ ਹਰ ਦੇਸ਼ ਦੇ ਸੋਮਿਆਂ ਅਨੁਸਾਰ ਹਾਸਲ ਕਰ ਸਕਦਾ ਹੈ। ਅਜਿਹਾ ਉਹ ਆਪਣੇ ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਅਧਿਕਾਰਾਂ ਅਧੀਨ ਆਪਣੇ ਵੱਕਾਰ ਨੂੰ ਕਾਇਮ ਰੱਖ ਕੇ ਅਤੇ ਆਪਣੀ ਸ਼ਖਸੀਅਤ ਦੇ ਖੁੱਲ੍ਹੇ ਵਿਕਾਸ ਲਈ ਕਰ ਸਕਦਾ ਹੈ।" ਸਮਾਜਿਕ ਸੁਰੱਖਿਆ ਸੇਵਾਵਾਂ ਦੁਨੀਆਂ ਭਰ ਵਿੱਚ ਕਈ ਰੂਪ ਲੈ ਚੁੱਕੀਆਂ ਹਨ, ਜੋ ਕਿ ਸ਼ਹਿਰੀਆਂ ਵਲੋਂ ਇਕ ਪ੍ਰੋਗਰਾਮ ਵਿੱਚ ਹਿੱਸਾ ਪਾ ਕੇ, ਜਿਵੇਂ ਕਿ ਪੈਨਸ਼ਨ ਜਾਂ ਬੇਰੋਜ਼ਗਾਰੀ ਬੀਮੇ ਦੇ ਰੂਪ ਵਿੱਚ (ਜਿਸ ਨੂੰ ਆਮ ਤੌਰ ਤੇ 'ਸਮਾਜਿਕ ਬੀਮਾ' ਕਿਹਾ ਜਾਂਦਾ ਹੈ) ਜਾਂ ਮੁਢਲੀਆਂ ਸੇਵਾਵਾਂ ਜਿਵੇਂ ਕਿ ਸਿਹਤ, ਵਿੱਦਿਆ ਰਾਹੀਂ, ਜੋ ਕਿ ਅੰਸ਼ਦਾਨ ਅਧੀਨ ਨਹੀਂ ਆਉਂਦੀਆਂ, ਦੇ ਰੂਪ ਵਿੱਚ ਹਾਸਲ ਕੀਤੀਆਂ ਜਾ ਸਕਦੀਆਂ ਹਨ। ਦੋਹਾਂ ਹੀ ਮਾਮਲਿਆਂ ਵਿੱਚ ਉਹ ਲੋਕਰਾਜੀ ਸਮਾਜ ਦਾ ਹਿੱਸਾ ਮੰਨੀਆਂ ਜਾਂਦੀਆਂ ਹਨ ਜਿਸ ਵਿੱਚ ਕਿ ਰਾਜ ਦਾ ਇਹ ਫਰਜ਼ ਹੁੰਦਾ ਹੈ ਕਿ ਇਹ ਯਕੀਨੀ ਬਣਾਵੇ ਕਿ ਸ਼ਹਿਰੀ ਗਰੀਬੀ ਅਤੇ ਸਮਾਜਿਕ ਗ਼ੈਰ ਬਰਾਬਰੀ ਦੀਆਂ ਢਾਂਚੇ ਸੰਬੰਧੀ ਮੁਸ਼ਕਿਲਾਂ ਨੂੰ ਪਾਰ ਪਾ ਸਕਣ।

ਭਾਰਤ ਵਿੱਚ ਜਿਥੇ ਕਿ ਕਈ ਸਮਾਜਿਕ ਸੁਰੱਖਿਆ ਪ੍ਰਬੰਧ ਕਾਗ਼ਜ਼ਾਂ ਵਿੱਚ ਮੌਜੂਦ ਹਨ, ਜਿਵੇਂ ਕਿ ਪੈਨਸ਼ਨ, ਰੋਜ਼ਗਾਰ ਜ਼ਾਮਨੀ (ਬੇਰੋਜ਼ਗਾਰੀ ਭੱਤੇ ਸਮੇਤ), ਜਣੇਪਾ ਲਾਭ, ਖੁਰਾਕ ਸਬਸਿਡੀ ਜਾਂ ਸਕੂਲਾਂ ਵਿੱਚ ਮਿਲਣ ਵਾਲਾ ਖਾਣਾ, ਪਰ ਉਨ੍ਹਾਂ ਦੀ ਕਾਰਗੁਜ਼ਾਰੀ ਬਹੁਤ ਖਰਾਬ ਅਤੇ ਗ਼ੈਰ ਤਸੱਲੀਬਖਸ਼ ਹੈ। ਵਿੱਦਿਅਕ ਸਾਹਿਤ ਇਸ ਲਈ ਇਨ੍ਹਾਂ ਉਦਾਹਰਣਾਂ ਨਾਲ ਭਰਿਆ ਪਿਆ ਹੈ ਜਿਥੇ ਕਿ ਲੋੜੀਂਦੇ ਲੋਕਾਂ ਤੱਕ ਇਹ ਸਹੂਲਤਾਂ ਨਹੀਂ ਪਹੁੰਚ ਰਹੀਆਂ। ਇਸ ਮਾੜੀ ਕਾਰਗੁਜ਼ਾਰੀ ਲਈ ਕਈ ਕਾਰਨ ਦੱਸੇ ਜਾਂਦੇ ਹਨ, ਜਿਨ੍ਹਾਂ ਵਿੱਚ ਅਫ਼ਸਰਸ਼ਾਹੀ ਦੀ ਅਣਗਹਿਲੀ, ਭ੍ਰਿਸ਼ਟਾਚਾਰ ਅਤੇ ਸੋਮਿਆਂ ਦੀ ਕਮੀ ਸ਼ਾਮਿਲ ਹਨ। ਪਰ ਸਥਿਤੀ ਵਿੱਚ ਲਗਾਤਾਰ ਸੁਧਾਰ ਕਰਨ ਵਿੱਚ ਅਸਫਲਤਾ ਕਾਰਨ ਜਨਤਾ ਵਿੱਚ ਅਤੇ ਇਥੋਂ ਤੱਕ ਕਿ ਅਫ਼ਸਰਸ਼ਾਹੀ ਵਿੱਚ ਨਿਰਾਸ਼ਾ ਪੈਦਾ ਹੋਈ ਹੈ। ਲਾਗੂ ਕਰਨ ਵਿੱਚ ਕਥਿਤ ਅਸਫਲਤਾਵਾਂ ਕਾਰਨ ਦੇਸ਼ ਦੇ ਭਲਾਈ ਸਮਾਗਮਾਂ ਵਿੱਚ ਹੀ ਚਰਚੇ ਸ਼ੁਰੂ ਹੋਣ ਨਹੀਂ ਲੱਗਦੇ ਸਗੋਂ ਇਸ ਅੰਦਰ ਮੌਜੂਦ ਕਾਰਨਾਂ ਦੇ ਹੱਲ ਲਈ ਵੀ ਘੱਟ ਹੀ ਯਤਨ ਹੁੰਦੇ ਹਨ। ਇਸ ਦੀ ਬਜਾਇ ਢਾਂਚੇ ਅੰਦਰ ਨੁਕਸ ਦਾ ਪਤਾ ਲਗਾਉਣ ਦੇ ਯਤਨਾਂ ਦਾ ਹੱਲ ਢਾਂਚੇ ਦੇ ਬਾਹਰੋਂ ਮਿਲਦਾ ਹੈ (ਨਿੱਜੀਕਰਨ, ਜਨਤਕ-ਨਿੱਜੀ ਭਾਈਵਾਲੀ ਆਦਿ ਵਿੱਚੋਂ), ਜਾਂ ਫਿਰ ਤਕਨਾਲੋਜੀ ਦੀ ਵਰਤੋਂ ਵਿਚਲੇ ਹਾਸ਼ੀਏ ਉੱਤੇ ਅਨਾੜੀਪੁਣੇ ਵਾਲੇ ਹੱਥ ਚਲਾ ਕੇ ਇਨ੍ਹਾਂ ਯਤਨਾਂ ਵਿੱਚੋਂ ਪ੍ਰਮੁੱਖ ਹਨ ਅੰਕੜਾ ਵਿਗਿਆਨੀ ਦੀ ਲਾਜ਼ਮੀ ਵਰਤੋਂ ਕਰਨਾ ਤਾਂ ਕਿ ਭ੍ਰਿਸ਼ਟਾਚਾਰ ਘਟੇ ਅਤੇ ਲਾਭਾਂ ਵੱਲ ਨਿਰਦੇਸ਼ਨ ਵਧੇ। ਇਸ ਦਿਸ਼ਾ ਵਿੱਚ ਤਾਜ਼ਾ ਯਤਨ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਇਕ ਹੁਕਮ ਵਿੱਚ ਵੇਖਣ ਵਿੱਚ ਆਇਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ 'ਅਧਾਰ ਕਾਰਡ' (ਯੂ ਆਈ ਡੀ) ਜੋ ਕਿ ਅੰਕੜਾ ਵਿਗਿਆਨ ਉੱਤੇ ਅਧਾਰਤ ਹੈ, ਇਕ ਬੱਚੇ ਲਈ ਮਿਡ ਡੇ ਮੀਲ ਲੈਣ ਲਈ ਲਾਜ਼ਮੀ ਹੈ।

ਇਸ ਲੇਖ ਵਿੱਚ ਸਕੂਲਾਂ ਵਿੱਚ ਮਿਡ ਡੇ ਮੀਲ ਦੇ ਵਿਸ਼ੇ ਨੂੰ ਵਿੱਦਿਆ ਵਿੱਚ ਸਮਾਜਿਕ ਸੁਰੱਖਿਆ ਦੇ ਰੂਪ ਵਿੱਚ ਅਤੇ ਇਸ ਪ੍ਰੋਗਰਾਮ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਅੰਕੜਾ ਵਿਗਿਆਨ ਵਿੱਚ ਸੁਧਾਰ ਦੇ ਪ੍ਰਭਾਵ ਵਜੋਂ ਲਿਆ ਗਿਆ ਹੈ। ਇਸ ਵਿੱਚ ਦਲੀਲ ਦਿੱਤੀ ਗਈ ਹੈ ਕਿ ਇਹ ਅਸਲ ਵਿੱਚ ਜਵਾਬ ਦੇਣ ਦੀ ਬਜਾਇ ਹੋਰ



ਜ਼ਿਆਦਾ ਸਵਾਲ ਖੜ੍ਹੇ ਕਰਦਾ ਹੈ ਜਿਸ ਨਾਲ ਬੱਚਿਆਂ ਦੀ ਖਾਣੇ ਸੰਬੰਧੀ ਅਤੇ ਵਿਦਿਅਕ ਸੁਰੱਖਿਆ ਨੂੰ ਢਾਹ ਲੱਗਦੀ ਹੈ।

## ਮਿਡ ਡੇ ਮੀਲ ਪ੍ਰੋਗਰਾਮ

ਸਮਾਜਿਕ ਸੁਰੱਖਿਆ ਅਤੇ ਵਿੱਦਿਆ ਵਿੱਚ ਸੰਪਰਕ ਭਾਵੇਂ ਪੂਰੀ ਤਰ੍ਹਾਂ ਸਥਾਪਿਤ ਹਨ, ਪਰ ਉਹ ਗੁੰਝਲਦਾਰ ਹਨ ਕਿਉਂਕਿ ਦੋਹਾਂ ਦਿਸ਼ਾਵਾਂ ਵਿੱਚ ਚੱਲਦੇ ਹਨ। ਵਿੱਦਿਆ ਤੱਕ ਪਹੁੰਚ ਲਈ, ਨਾਜ਼ੁਕ ਪਿਛੋਕੜ ਵਾਲੇ ਬੱਚਿਆਂ ਨੂੰ ਸਮਾਜਿਕ ਸੁਰੱਖਿਆ ਦੀ ਲੋੜ ਹੁੰਦੀ ਹੈ, ਪਰ ਵਿੱਦਿਆ ਆਪਣੇ ਆਪ ਵਿੱਚ ਹੀ ਭਵਿੱਖ ਦੀਆਂ ਮੁਸ਼ਕਿਲਾਂ ਦੇ ਟਾਕਰੇ ਲਈ ਸਮਾਜਿਕ ਸੁਰੱਖਿਆ ਦੀ ਇਕ ਕਿਸਮ ਹੈ। ਵਿੱਦਿਆ ਲਈ ਸਮਾਜਿਕ ਸੁਰੱਖਿਆ ਦੀਆਂ ਧਾਰਾਵਾਂ ਵਿੱਚ ਸਮਾਜਿਕ ਅਤੇ ਆਰਥਿਕ ਤੌਰ ਤੇ ਵਾਂਝੇ ਪਰਿਵਾਰਾਂ ਦੇ ਬੱਚਿਆਂ ਲਈ ਸਕੂਲ ਆਉਣਾ ਅਤੇ ਵਿੱਦਿਆ ਦਾ ਚੱਕਰ ਪੂਰਾ ਕਰਨਾ ਜ਼ਰੂਰੀ ਹੈ। ਇਸ ਲਈ ਸਕੂਲ ਬੱਚਿਆਂ ਲਈ ਉਨ੍ਹਾਂ ਦੀ ਰਿਹਾਇਸ਼ ਨੇੜੇ ਮੁਹੱਈਆ ਕਰਵਾਉਣਾ, ਵਜ਼ੀਫੇ ਪ੍ਰਦਾਨ ਕਰਨਾ ਅਤੇ ਹੋਰ ਤਰ੍ਹਾਂ ਦੇ ਮਾਲੀ ਲਾਭ, ਜਿਵੇਂ ਕਿ ਸਕੂਲ ਵਿੱਚ ਖਾਣਾ, ਸਿਹਤ ਸਹੂਲਤਾਂ ਅਤੇ ਬੱਚਿਆਂ ਦੀ ਮਦਦ ਦੇ ਹੋਰ ਪ੍ਰੋਗਰਾਮ ਜ਼ਰੂਰੀ ਹਨ। ਭਾਰਤ ਵਿੱਚ ਇਹ ਸਭ ਕੁਝ ਸਰਕਾਰ ਦੀਆਂ ਵਿੱਦਿਅਕ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਹਿੱਸਾ ਹੈ ਪਰ ਇਸ ਦਾ ਦਰਜਾ ਵੱਖ-ਵੱਖ ਹੈ ਅਤੇ ਇਸ ਦੀ ਗੁਣਵੱਤਾ ਅਤੇ ਸਫਲਤਾ ਵੀ ਵੱਖ-ਵੱਖ ਹੈ। ਮਿਡ ਡੇ ਮੀਲ ਪ੍ਰੋਗਰਾਮ ਸ਼ਾਇਦ ਸਰਕਾਰ ਦਾ ਸਭ ਤੋਂ ਵੱਧ ਪਛਾਣਿਆ ਜਾਂਦਾ ਸਮਾਜਿਕ ਸੁਰੱਖਿਆ ਪ੍ਰੋਗਰਾਮ ਹੈ।

ਇਸ ਤੱਥ ਤੋਂ ਸਾਰੇ ਵਾਕਿਫ਼ ਹਨ ਕਿ ਭੁੱਖੇ ਢਿੱਡਾਂ ਵਾਲਿਆਂ ਨੂੰ ਪੜ੍ਹਾਈ ਕਰਾਉਣ ਦਾ ਸ਼ਾਇਦ ਹੀ ਕੋਈ ਫਾਇਦਾ ਹੁੰਦਾ ਹੋਵੇ। ਭੁੱਖ ਅਤੇ ਕੁਪੋਸ਼ਣ ਬਾਰੇ ਭਾਰਤ ਦੇ ਰਿਕਾਰਡ, ਖ਼ਾਸ ਕਰਕੇ ਬੱਚਿਆਂ ਦੇ ਰਿਕਾਰਡ ਨੂੰ ਵੇਖਦੇ ਹੋਏ ਸਕੂਲਾਂ ਵਿੱਚ ਮਿਡ ਡੇ ਮੀਲ ਯੋਜਨਾ ਸ਼ੁਰੂ ਕਰਨ ਦਾ ਵਿਚਾਰ ਸਾਹਮਣੇ ਆਇਆ। ਇਸ ਤਰ੍ਹਾਂ ਬੱਚਿਆਂ ਦਾ ਪੋਸ਼ਣ ਵਧੀਆ ਬਣਾਉਣ ਅਤੇ ਬੱਚਿਆਂ ਨੂੰ ਸਕੂਲ ਲਿਆਉਣ ਅਤੇ ਸਾਰਾ ਦਿਨ ਉਥੇ ਰਹਿਣ ਦੇ ਦੋਹਰੇ ਟੀਚੇ ਨੂੰ ਪੂਰਾ ਕੀਤਾ ਗਿਆ। ਅਸਲ ਵਿੱਚ ਸਕੂਲਾਂ ਵਿੱਚ ਮਿਡ ਡੇ ਮੀਲ ਕਈ ਅਹਿਮ ਟੀਚੇ ਪੂਰੇ ਕਰਦਾ ਹੈ। ਵਿਸ਼ਵ ਵਿੱਚ ਕੀਤੀ ਗਈ ਖੋਜ ਤੋਂ ਸਿੱਧ ਹੋਇਆ ਹੈ ਕਿ ਸਕੂਲਾਂ ਵਿੱਚ ਮਿਲਦੇ ਖਾਣੇ ਨਾਲ ਭੁੱਖ ਵਿੱਚ ਕਮੀ ਆਉਂਦੀ ਹੈ, ਸਕੂਲਾਂ ਵਿੱਚ ਬੱਚਿਆਂ ਦੀ ਹਾਜ਼ਰੀ ਵਧਦੀ ਹੈ ਅਤੇ ਸਿੱਖਣ ਦੇ ਚੰਗੇ ਨਤੀਜੇ ਨਿਕਲਦੇ ਹਨ। ਬਹੁਤ ਸਾਰੇ ਦੇਸ਼ਾਂ ਵਿੱਚ, ਵਿਕਸਤ ਅਤੇ ਵਿਕਾਸਸ਼ੀਲ ਵਿੱਚ ਇਕ ਤਰ੍ਹਾਂ ਦਾ ਸਕੂਲ ਵਿੱਚ ਖਾਣੇ ਦਾ ਪ੍ਰੋਗਰਾਮ ਚੱਲਦਾ ਹੈ। ਭਾਰਤ ਵਿੱਚ ਸਕੂਲਾਂ ਵਿੱਚ ਬੱਚਿਆਂ ਨੂੰ ਗਰਮ ਤਿਆਰ ਖਾਣਾ ਮੁਹੱਈਆ ਕਰਵਾਉਣ ਦਾ ਇਕ ਲੰਬਾ ਇਤਿਹਾਸ ਹੈ ਜੋ ਕਿ 1982 ਵਿੱਚ ਦੁਪਹਿਰ ਦਾ ਖਾਣਾ ਦੇਣ ਨਾਲ ਸ਼ੁਰੂ ਹੋਇਆ। ਸੁਪਰੀਮ ਕੋਰਟ ਨੇ 2001 ਵਿੱਚ ਸਾਰੇ ਦੇਸ਼ ਦੇ ਸਰਕਾਰੀ ਸਕੂਲਾਂ ਵਿੱਚ ਦੁਪਹਿਰ ਦੇ ਖਾਣੇ ਨੂੰ ਕਾਨੂੰਨੀ ਕਰਾਰ ਦੇ ਦਿੱਤਾ। ਅੱਜ ਵੀ ਦੇਸ਼ ਦੇ ਕਈ ਹਿੱਸਿਆਂ ਵਿੱਚ ਬਹੁਤ ਸਾਰੇ ਬੱਚਿਆਂ ਲਈ ਦੁਪਹਿਰ ਦਾ ਖਾਣਾ ਹੀ ਦਿਨ ਦਾ ਪਹਿਲਾ ਖਾਣਾ ਹੁੰਦਾ ਹੈ। ਇਸ ਵੇਲੇ ਭਾਰਤ ਵਿੱਚ ਮਿਡ ਡੇ ਮੀਲ ਪ੍ਰੋਗਰਾਮ ਅਧੀਨ 11.5 ਲੱਖ ਸਕੂਲਾਂ ਦੇ 10 ਕਰੋੜ ਬੱਚੇ ਆਉਂਦੇ ਹਨ। ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ/ਓ ਬੀ ਸੀ ਭਾਈਚਾਰੇ ਦੀਆਂ 25 ਲੱਖ ਤੋਂ ਵੱਧ ਔਰਤਾਂ ਨੂੰ ਸਕੂਲਾਂ ਵਿੱਚ ਮਿਡ ਡੇ ਮੀਲ ਬਣਾਉਣ ਵਾਲੀਆਂ ਜਾਂ ਸਹਾਇਕਾਂ ਵਜੋਂ ਕੰਮ ਮਿਲਿਆ ਹੋਇਆ ਹੈ। ਇਸ ਤੋਂ ਇਲਾਵਾ ਇਸ ਦੇ ਹੋਰ ਸਮਾਜਿਕ ਲਾਭ ਵੀ ਹਨ ਜਿਵੇਂ ਕਿ ਸਮਾਜਿਕ ਪਿਛੋਕੜ ਦੀ ਪ੍ਰਵਾਹ ਕੀਤੇ ਬਿਨਾਂ ਹਰ ਵਰਗ ਦੇ ਬੱਚਿਆਂ ਵਿੱਚ ਇਕੱਠਾ ਬੈਠ ਕੇ ਖਾਣ ਦੀ ਭਾਵਨਾ ਪੈਦਾ ਹੁੰਦੀ ਹੈ, ਸਥਾਨਕ ਭਾਈਚਾਰਾ ਇਸ ਖਾਣੇ ਉਤੇ ਨਿਗਰਾਨੀ ਰੱਖਦਾ ਹੈ ਅਤੇ ਇਸ ਤਰ੍ਹਾਂ ਸਕੂਲਾਂ ਵੱਲ ਮਾਤਾ ਪਿਤਾ ਦਾ ਧਿਆਨ ਵਧਦਾ ਹੈ ਅਤੇ ਕੁੱਝ ਮਾਮਲਿਆਂ ਵਿੱਚ ਇਸ ਖਾਣੇ ਵਿੱਚ



ਸਥਾਨਕ ਤੌਰ ਤੇ ਉਪਜੇ ਸਮਾਨ ਦੀ ਵਰਤੋਂ ਹੁੰਦੀ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਪ੍ਰੋਗਰਾਮ ਦੀ ਆਲੋਚਨਾ ਵੀ ਹੁੰਦੀ ਹੈ। ਇਸ ਦੀ ਵੰਡ ਦੇ ਪ੍ਰੋਗਰਾਮ ਵਿੱਚ ਕਈ ਥਾਂ ਫਰਕ ਪਾਏ ਜਾਂਦੇ ਹਨ ਜਿਵੇਂ ਕਿ ਸਪਲਾਈ ਵਿੱਚ ਨਿਰੰਤਰਤਾ ਨਾ ਆਉਣਾ, ਮਾੜੀ ਸਫਾਈ ਅਤੇ ਢਾਂਚਾ, ਖਾਣੇ ਵਿੱਚ ਪੋਸ਼ਕ ਤੱਤਾਂ ਦੀ ਕਮੀ ਅਤੇ ਖਾਣਾ ਵਰਤ ਰਹੇ ਬੱਚਿਆਂ ਦੀ ਸਹੀ ਗਿਣਤੀ ਦਾ ਅੰਦਾਜ਼ਾ ਨਾ ਲੱਗਣਾ। ਆਲੋਚਕਾਂ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਅਧਿਆਪਕਾਂ ਵਲੋਂ ਦੁਪਹਿਰ ਦੇ ਖਾਣੇ ਦੇ ਪ੍ਰਬੰਧ ਲਈ ਬਹੁਤ ਸਾਰਾ ਸਮਾਂ ਜ਼ਾਇਆ ਕਰ ਦਿੱਤਾ ਜਾਂਦਾ ਹੈ ਜਿਸ ਨਾਲ ਉਹ ਪੜ੍ਹਾਈ ਕਰਾਉਣ ਦੀ ਆਪਣੀ ਜ਼ਿੰਮੇਵਾਰੀ ਪੂਰੀ ਨਹੀਂ ਕਰ ਸਕਦੇ ਅਤੇ ਬੱਚੇ ਵੀ ਸਿਰਫ ਖਾਣਾ ਖਾਣ ਲਈ ਹੀ ਸਕੂਲ ਆਉਂਦੇ ਹਨ ਅਤੇ ਜਦੋਂ ਖਾਣਾ ਮਿਲ ਜਾਂਦਾ ਹੈ ਤਾਂ ਚਲੇ ਜਾਂਦੇ ਹਨ ਅਤੇ ਪੜ੍ਹਾਈ ਵੱਲ ਧਿਆਨ ਨਹੀਂ ਦਿੰਦੇ। ਇਸ ਤੋਂ ਇਲਾਵਾ ਜਾਤ ਦੇ ਆਧਾਰ ਉਤੇ ਵਿਤਕਰੇ ਜਿਵੇਂ ਕਿ ਦਲਿਤ ਬੱਚਿਆਂ ਨੂੰ ਵੱਖਰੇ ਤੌਰ ਤੇ ਬੈਠ ਕੇ ਖਾਣਾ ਖਾਣ ਲਈ ਕਿਹਾ ਜਾਂਦਾ ਹੈ ਜਾਂ ਉਨ੍ਹਾਂ ਨੂੰ ਪੂਰਾ ਖਾਣਾ ਮੁਹੱਈਆ ਨਹੀਂ ਕਰਵਾਇਆ ਜਾਂਦਾ, ਦੀਆਂ ਸ਼ਿਕਾਇਤਾਂ ਮਿਲੀਆਂ ਹਨ। ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਮਿਡ ਡੇ ਮੀਲ ਲੈਣ ਲਈ ਆਧਾਰ ਕਾਰਡ ਦੀ ਵਰਤੋਂ ਇਨ੍ਹਾਂ ਵਿੱਚੋਂ ਕਿਸੇ ਸਮੱਸਿਆ ਨੂੰ ਹੱਲ ਕਰ ਸਕੇਗੀ।

## ਮਿਡ ਡੇ ਮੀਲ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਈ ਅੰਕੜਾ ਵਿਗਿਆਨ ਦੀ ਵਰਤੋਂ

ਮਿਡ ਡੇ ਮੀਲ ਲਈ ਆਧਾਰ ਕਾਰਡ ਨੂੰ ਲਾਜ਼ਮੀ ਬਣਾਉਣ ਦਾ ਸਰਕਾਰੀ ਆਧਾਰ ਇਹ ਹੈ "ਆਧਾਰ ਦੀ ਇਕ ਪਛਾਣ ਦੇ ਸਬੂਤ ਵਜੋਂ ਸੇਵਾਵਾਂ ਜਾਂ ਲਾਭ ਜਾਂ ਸਬਸਿਡੀਆਂ ਲੈਣ ਲਈ ਵਰਤੋਂ ਸਰਕਾਰ ਦੇ ਸਮਾਨ ਵੰਡਣ ਦੇ ਢੰਗ ਨੂੰ ਸੌਖਾ ਬਣਾਵੇਗੀ ਜਿਸ ਨਾਲ ਪਾਰਦਰਸ਼ਤਾ ਅਤੇ ਨਿਪੁੰਨਤਾ ਆਵੇਗੀ।" ਪਰ ਯੂ ਆਈ ਡੀ ਅਲਾਟ ਕਰਨ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੁੰਦੀਆਂ ਹਨ ਜਿਸ ਦਾ ਮਤਲਬ ਮਿਡ ਡੇ ਮੀਲ ਤੱਕ ਬੱਚਿਆਂ ਦੀ ਪਹੁੰਚ ਨੂੰ ਸੀਮਤ ਕਰਨਾ ਹੋਵੇਗਾ ਨਾਕਿ ਉਸ ਤੱਕ ਬੱਚਿਆਂ ਦੀ ਪਹੁੰਚ ਵਧਾਉਣਾ। ਇਹ ਯਕੀਨੀ ਤੌਰ ਤੇ ਸਮਾਜਿਕ



ਸੁਰੱਖਿਆ ਪ੍ਰੋਗਰਾਮ ਦਾ ਉਦੇਸ਼ ਨਹੀਂ ਹੈ ਖ਼ਾਸ ਤੌਰ ਤੇ ਉਸ ਪ੍ਰੋਗਰਾਮ ਦਾ ਜੋ ਕਿ ਬੱਚਿਆਂ ਲਈ ਹੈ। ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਨਹੀਂ ਹੈ ਕਿ ਜਿਸ ਨੂੰ ਯੂ ਆਈ ਡੀ ਰਾਹੀਂ ਪਾਰਦਰਸ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਢੰਗ ਰਾਹੀਂ ਕਿਵੇਂ ਅਤੇ ਕਿਸ ਪ੍ਰਤਿ ਜਵਾਬਦੇਹੀ ਸਥਾਪਤ ਕੀਤੀ ਗਈ ਹੈ ਕਿਉਂਕਿ ਇਸ ਨਾਲ ਸਪਲਾਈ ਵਿੱਚ ਆ ਰਹੀਆਂ ਬੇਨਿਯਮੀਆਂ ਦੂਰ ਹੋਣਗੀਆਂ ਹੀ, ਸਫਾਈ ਦੀ ਹਾਲਤ ਜਾਂ ਢਾਂਚੇ ਦੀ ਹਾਲਤ ਬਦਲੇਗੀ ਹੀ ਅਤੇ ਨਾ ਹੀ ਖਾਣੇ ਦੀ ਪੌਸ਼ਟਿਕਤਾ ਵਧੇਗੀ। ਇਸ ਨਾਲ ਉਨ੍ਹਾਂ ਬੱਚਿਆਂ ਉੱਤੇ ਪ੍ਰਭਾਵ ਜ਼ਰੂਰ ਪੈ ਸਕਦਾ ਹੈ ਜੋ ਕਿ ਦੋ ਥਾਵਾਂ ਤੇ ਦਾਖ਼ਲ ਹਨ ਜਿਵੇਂ ਕਿ ਉਹ ਪੜ੍ਹਦੇ ਤਾਂ ਨਿੱਜੀ ਸਕੂਲਾਂ ਵਿੱਚ ਹਨ ਪਰ ਉਨ੍ਹਾਂ ਦਾ ਪੰਜੀਕਰਨ ਸਰਕਾਰੀ ਸਕੂਲਾਂ ਵਿੱਚ ਹੈ। ਪਰ ਖਾਣਾ ਹਾਸਲ ਕਰਨ ਲਈ ਯੂ ਆਈ ਡੀ ਲਾਜ਼ਮੀ ਬਣਾਉਣਾ ਇਸ ਕਾਰਵਾਈ ਵਿੱਚ ਰੁਕਾਵਟ ਨਹੀਂ ਪਾਵੇਗਾ। ਇਸ ਦਾ ਸਿਰਫ ਏਨਾ ਹੀ ਪ੍ਰਭਾਵ ਹੋਵੇਗਾ ਕਿ ਉਹ ਬੱਚੇ ਖਾਣੇ ਤੋਂ ਵਾਂਝੇ ਹੋ ਜਾਣਗੇ ਜੋ ਕਿ ਪਹਿਲਾਂ ਹੀ ਪੌਸ਼ਟਿਕਤਾ ਜਾਂ ਖਾਣੇ ਦੀ ਕਮੀ ਦੇ ਸ਼ਿਕਾਰ ਹਨ।

ਇਸ ਤੋਂ ਇਲਾਵਾ ਰਾਜਸਥਾਨ, ਛੱਤੀਸਗੜ੍ਹ, ਦਿੱਲੀ ਅਤੇ ਹੋਰ ਥਾਵਾਂ ਤੇ ਦੂਜੀਆਂ ਸਕੀਮਾਂ, ਜਿਵੇਂ ਕਿ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ), ਪੈਨਸ਼ਨ ਅਤੇ ਸਿੱਧੇ ਲਾਭ ਤਬਾਦਲੇ ਵਿੱਚ ਆਧਾਰ ਦੀ ਵਰਤੋਂ ਤਸੱਲੀਬਖਸ਼ ਤੋਂ ਵੀ ਨੀਵੀਂ ਰਹੀ ਹੈ। 30 ਪ੍ਰਤਿਸ਼ਤ ਦੇ ਲਗਭਗ ਲਾਭਕਾਰੀ ਜਾਇਜ਼ਤਾ ਦੀ ਸਮੱਸਿਆ ਦੇ ਸ਼ਿਕਾਰ ਰਹੇ ਹਨ, ਮੋਬਾਈਲ ਢਾਂਚੇ ਨਾਲ ਸੰਬੰਧਿਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਬਿਜਲੀ ਸਪਲਾਈ ਅਤੇ ਹੋਰ ਕਈ ਸਮੱਸਿਆਵਾਂ ਆਈਆਂ ਹਨ, ਜੋ ਕਿ ਦੇਸ਼ ਦੇ ਵੱਡੇ ਹਿੱਸਿਆਂ ਵਿੱਚ ਪਾਈਆਂ ਜਾਂਦੀਆਂ ਹਨ। ਇਸ ਹੁਕਮ ਦਾ ਮਤਲਬ ਇਹ ਹੈ ਕਿ ਹਰ ਬੱਚੇ ਨੂੰ ਰੋਜ਼ਾਨਾ ਖਾਣਾ ਲੈਣ ਤੋਂ ਪਹਿਲਾਂ ਆਪਣੀ ਪਛਾਣ ਸਿੱਧ ਕਰਨੀ ਪਵੇਗੀ? ਅਤੇ ਕੀ ਤਦ ਕੁੱਝ ਬੱਚਿਆਂ ਨੂੰ ਇਸ ਲਈ ਖਾਣਾ ਨਾ ਮਿਲੇ ਕਿਉਂਕਿ ਤਕਨਾਲੋਜੀ ਅਸਫਲ ਸਿੱਧ ਹੋਈ ਹੈ? ਇਸ ਅਯੋਗਤਾ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ?

ਮਿਡ ਡੇ ਮੀਲ ਪ੍ਰੋਗਰਾਮ ਵਿੱਚ ਭ੍ਰਿਸ਼ਟਾਚਾਰ ਘਟਾਉਣ ਅਤੇ ਜਵਾਬਦੇਹੀ ਵਧਾਉਣ ਦੇ ਹੋਰ ਕਈ ਪ੍ਰਭਾਵੀ ਸਾਧਨ ਮੌਜੂਦ ਹਨ ਜਿਵੇਂ ਕਿ ਭਾਈਚਾਰਕ ਨਿਗਰਾਨੀ, ਸਮਾਜਿਕ ਆਡਿਟ, ਸ਼ਿਕਾਇਤਾਂ ਦੂਰ ਕਰਨ ਦਾ ਗ਼ੈਰ ਕੇਂਦਰੀਕ੍ਰਿਤ ਢਾਂਚਾ, ਲਾਭਕਾਰੀਆਂ ਅਤੇ ਰੋਜ਼ ਦੇ ਖਾਣੇ ਦੀ ਸੂਚੀ ਸੂਚਨਾ ਬੋਰਡਾਂ ਉਤੇ ਲਗਾਉਣਾ ਆਦਿ। ਇਨ੍ਹਾਂ ਦੀ ਵਰਤੋਂ ਹੋਣੀ ਚਾਹੀਦੀ ਹੈ। ਇਕ ਤਰ੍ਹਾਂ ਨਾਲ ਇਹ ਨੋਟੀਫਿਕੇਸ਼ਨ ਸਾਡੇ ਸਮਾਜ ਵਿੱਚ ਬੱਚਿਆਂ ਪ੍ਰਤਿ ਅਪਮਾਨ ਨੂੰ ਦਰਸਾਉਂਦਾ ਹੈ। ਉਨ੍ਹਾਂ ਦੀ ਸਿਹਤ ਅਤੇ ਪੜ੍ਹਾਈ ਦੇ ਮਿਆਰ ਤੋਂ ਲੈ ਕੇ ਉਨ੍ਹਾਂ ਨਾਲ ਹੋ ਰਹੇ ਅਨਿਆਂ ਅਤੇ ਹਿੰਸਾ ਵਿੱਚ ਉਨ੍ਹਾਂ ਦੇ ਅਧਿਕਾਰਾਂ ਨੂੰ ਬੁਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਸਿਰਫ ਇਕ

*ਬਾਕੀ ਸਫ਼ਾ 53 ਉੱਤੇ*

# ਹਾਸ਼ੀਏ ਦੇ ਲੋਕਾਂ ਲਈ ਸਮਾਜਿਕ ਸੁਰੱਖਿਆ ਯੋਜਨਾਵਾਂ

ਉਰਮੀ ਗੋਸਵਾਮੀ

ਸਭ ਕਿਸ਼ਤੀਆਂ ਨੂੰ ਉਪਰ ਲਿਜਾਉਣ ਲਈ ਚੜ੍ਹ ਰਿਹਾ ਜਵਾਰ ਭਾਟਾ ਜ਼ਰੂਰੀ ਹੈ। ਆਮ ਤੌਰ ਤੇ ਜੇ ਐੱਫ ਕੈਨੇਡੀ ਦੀ ਇਸ ਲਾਈਨ ਦਾ ਹਵਾਲਾ ਦਿੱਤਾ ਜਾਂਦਾ ਹੈ, ਪਰ ਭਾਰਤ ਦੀ ਸਥਿਤੀ ਅਜਿਹੀ ਹੀ ਹੈ। ਸਮਾਜਿਕ ਸੁਰੱਖਿਆ ਕਦਮ ਮੋਟੇ ਤੌਰ ਤੇ ਸਰਕਾਰ ਵਲੋਂ ਆਮ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਆਰਥਿਕ ਸੁਰੱਖਿਆ ਅਤੇ ਸਮਾਜਿਕ ਭਲਾਈ ਪ੍ਰਦਾਨ ਕਰਨ ਲਈ ਹੁੰਦੇ ਹਨ। ਰਵਾਇਤੀ ਤੌਰ ਤੇ, ਮੁੱਖ ਜ਼ੋਰ ਉਨ੍ਹਾਂ ਨਿਰਦੇਸ਼ਿਤ ਪ੍ਰੋਗਰਾਮਾਂ ਉਤੇ ਹੁੰਦਾ ਹੈ ਜੋ ਕਿ ਕੁੱਝ ਭਾਈਚਾਰਿਆਂ ਅਤੇ ਖੇਤਰਾਂ ਦੀਆਂ ਕਮੀਆਂ ਦੂਰ ਕਰਦੇ ਹਨ। ਪਰ ਇਸ ਪਹੁੰਚ ਨੇ ਹਰ ਵਾਰੀ ਲੋੜੀਂਦੇ ਨਤੀਜੇ ਪ੍ਰਦਾਨ ਨਹੀਂ ਕੀਤੇ। ਅਜਿਹਾ ਇਸ ਲਈ ਹੈ ਕਿ ਜਦ ਤੱਕ ਅਸੀਂ ਆਰਥਿਕ ਸੁਰੱਖਿਆ ਅਤੇ ਸਮਾਜ ਭਲਾਈ ਦੇ ਰਾਹ ਦੀਆਂ ਰੁਕਾਵਟਾਂ ਦੂਰ ਨਹੀਂ ਕਰਦੇ, ਤੱਦ ਤੱਕ ਲੋੜੀਂਦੇ ਨਤੀਜੇ ਹਾਸਲ ਨਹੀਂ ਹੋ ਸਕਦੇ। ਇਸ ਲਈ ਮੁੱਖ ਧਿਆਨ ਚੜ੍ਹ ਰਹੇ ਜਵਾਰ ਭਾਟੇ ਨੂੰ ਯਕੀਨੀ ਬਣਾਉਣ ਵੱਲ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਉਨ੍ਹਾਂ ਲੋਕਾਂ ਤੱਕ ਪਹੁੰਚਣ ਵੱਲ ਹੋਣਾ ਚਾਹੀਦਾ ਹੈ ਜਿਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਕੁੱਝ ਹੋਰ ਮਦਦ ਦੀ ਲੋੜ ਹੁੰਦੀ ਹੈ ਕਿ ਚੜ੍ਹ ਰਹੇ ਜਵਾਰ ਭਾਟੇ ਵਿੱਚ ਵੀ ਉਨ੍ਹਾਂ ਦੀਆਂ ਕਿਸ਼ਤੀਆਂ ਚੱਲਦੀਆਂ ਰਹਿਣਗੀਆਂ।

ਵਿੱਦਿਆ, ਸਹਿਤ ਸੰਭਾਲ, ਮੁਹਾਰਤ ਜੋ ਕਿ ਰੋਜ਼ੀ ਰੋਟੀ ਕਮਾਉਣ ਲਈ ਮੌਕੇ ਪ੍ਰਦਾਨ ਕਰਦੀ ਹੈ ਆਦਿ ਉਹ ਦਖ਼ਲਅੰਦਾਜ਼ੀਆਂ ਹਨ ਜੋ ਕਿ ਇਕ ਚੜ੍ਹ ਰਹੇ ਜਵਾਰ ਭਾਟੇ ਨੂੰ ਯਕੀਨੀ ਬਣਾਉਂਦੀਆਂ ਹਨ। ਸਰਕਾਰ ਵਲੋਂ ਆਪਣੇ ਲੋਕਾਂ, ਖ਼ਾਸ ਤੌਰ ਤੇ ਜੋ ਹਾਸ਼ੀਏ ਉਤੇ ਹਨ ਦੀ ਸਮਾਜਿਕ ਹਾਲਤ ਸੁਧਾਰਨ ਲਈ ਕੀਤੇ ਜਾ ਰਹੇ ਯਤਨਾਂ ਦਾ ਜਾਇਜ਼ਾ ਲੈਣਾ ਹੀ ਇਕ ਸਹੀ ਕਦਮ ਹੈ।

ਕੀ ਇਹ ਸੰਭਵ ਹੈ ਜਾਂ ਸਿਆਣਪ ਭਰਿਆ ਹੈ ਕਿ ਸ਼ਹਿਰੀਆਂ ਦੀ ਭਲਾਈ ਲਈ ਭਾਈਚਾਰੇ, ਜਾਤ ਅਤੇ ਧਰਮ ਦੇ ਅਧਾਰ ਉੱਤੇ ਕਦਮ ਚੁੱਕੇ ਜਾਣ? ਭਾਰਤ ਦੇ ਲੋਕਾਂ ਦੀਆਂ ਲੋੜਾਂ ਬਹੁਤ ਸਾਰੀਆਂ ਹਨ। ਕਿਸੇ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਉਨ੍ਹਾਂ ਕਦਮਾਂ ਨੂੰ ਸਹੀ ਸਥਾਨ ਉਤੇ ਰੱਖਣਾ ਹੈ ਜਿਸ ਨਾਲ ਇਹ ਯਕੀਨੀ ਬਣ ਸਕੇ ਕਿ ਗਰੀਬੀ ਵਿੱਚ ਰਹਿ ਰਹੇ ਜਾਂ ਵਾਂਝੇ ਲੋਕਾਂ ਨੂੰ ਵਧੀਆ ਜੀਵਨ ਜਿਊਣ ਦਾ ਮੌਕਾ ਮਿਲ ਸਕੇ। ਇਹ ਇਕ ਵਿਚਾਰ ਹੈ ਜੋ ਕਿ ਸਰਕਾਰ ਦੇ ਕਿਸੇ ਵੀ ਸਮਾਜਿਕ ਸੁਰੱਖਿਆ ਅਤੇ ਭਲਾਈ ਕਦਮ ਦੇ ਪਿੱਛੇ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਅਬਾਦੀ ਦੇ ਕੁੱਝ ਭਾਈਚਾਰਿਆਂ ਜਾਂ ਵਰਗਾਂ ਲਈ, ਆਰਥਿਕ ਦਰਜੇ ਵਿੱਚ ਜੋ ਕਮੀਆਂ ਹਨ, ਉਨ੍ਹਾਂ ਨੂੰ ਸਮਾਜਿਕ ਪਛਾਣ ਨਾਲ ਜੋੜੇ ਜਾਣ ਨਾਲ ਇਨ੍ਹਾਂ ਵਰਗਾਂ ਦੇ ਲੋਕਾਂ ਲਈ ਅੱਗੇ ਵਧਣ ਵਿੱਚ ਹੋਰ ਮੁਸ਼ਕਿਲ ਬਣ ਜਾਂਦੀ ਹੈ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਸਰਕਾਰ ਇਨ੍ਹਾਂ ਭਾਈਚਾਰਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਹੋਰ ਕਦਮ ਚੁੱਕੇ ਤਾਂ ਕਿ ਇਹ ਲੋਕ ਮੌਕਿਆਂ ਤੱਕ ਪਹੁੰਚ ਕੇ ਆਪਣੀ ਜ਼ਿੰਦਗੀ ਸੁਧਾਰ ਸਕਣ।

ਆਰਥਿਕ ਅਤੇ ਸਮਾਜਿਕ ਪੱਛੜੇਪਨ ਨੂੰ ਦੂਰ ਕਰਨ ਲਈ ਆਮ ਅਤੇ ਨਿਰਦੇਸ਼ਿਤ ਕਦਮ ਨਾਲੋ-ਨਾਲ ਚੁੱਕੇ ਜਾਣ ਦੀ ਲੋੜ ਹੈ।

ਸਰਕਾਰ ਦੇ ਘੱਟ ਗਿਣਤੀਆਂ, ਦਲਿਤਾਂ ਅਤੇ ਕਬਾਇਲੀ ਲੋਕਾਂ ਦੀ ਸਮਾਜਿਕ ਸੁਰੱਖਿਆ ਅਤੇ ਭਲਾਈ ਕਦਮਾਂ ਦਾ, ਆਮ ਕਦਮਾਂ ਦੇ ਪੈਣ ਵਾਲੇ ਪ੍ਰਭਾਵ ਦਾ ਜਾਇਜ਼ਾ ਲੈਣ ਤੋਂ ਬਿਨਾਂ, ਮੁਲੰਕਣ ਕਰਨਾ ਇਕ ਪਾਸੜ ਤਸਵੀਰ ਪੇਸ਼



ਕਰੇਗਾ। ਬੀਤੇ ਸਮੇਂ ਵਿੱਚ ਈਸ਼ਵਰ ਚੰਦਰ ਵਿਦਿਆਸਾਗਰ ਅਤੇ ਵਿਵੇਕਾਨੰਦ ਵਰਗੇ ਸਮਾਜ ਸੁਧਾਰਕ ਚਾਹੁੰਦੇ ਸਨ ਕਿ ਔਰਤ ਦੀ ਵਿੱਦਿਆ ਅਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਵੱਲ ਧਿਆਨ ਦਿੱਤਾ ਜਾਵੇ ਕਿਉਂਕਿ ਇਹ ਪਹਿਲਾ ਕਦਮ ਹੀ ਕਿਸੇ ਭਾਈਚਾਰੇ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਕਾਫੀ ਅਹਿਮ ਹੈ। ਥੋੜ੍ਹਾ ਚਿਰ ਪਹਿਲਾਂ ਦੇ ਸਮੇਂ ਵਿੱਚ ਅਸੀਂ ਇਹ ਉਦਾਹਰਣ ਵੇਖੀ ਹੈ ਕਿ ਕਿਵੇਂ ਮਾਇਕਰੋ ਫਾਈਨੈਂਸ ਨੂੰ ਔਰਤਾਂ ਵੱਲ ਨਿਰਦੇਸ਼ਿਤ ਕਰ ਕੇ ਬਹੁਤ ਸਾਰੇ ਦਿਹਾਤੀ ਭਾਈਚਾਰਿਆਂ ਵਿੱਚ ਸਮਾਜਿਕ-ਆਰਥਿਕ ਤਬਦੀਲੀ ਲਿਆਉਣ ਦੇ ਬੀਜ ਬੀਜੇ ਗਏ ਹਨ। ਸਰਕਾਰ ਦੀ ਉਜਵੱਲਾ ਸਕੀਮ ਨੂੰ ਇਸ ਸੰਦਰਭ ਵਿੱਚ ਸਮਝਣ ਦੀ ਲੋੜ ਹੈ।

ਇਹ ਸਕੀਮ ਕਿਸੇ ਇਕ ਧਾਰਮਿਕ ਭਾਈਚਾਰੇ ਜਾਂ ਜਾਤ ਦੇ ਗਰੁੱਪ ਲਈ ਨਹੀਂ ਹੈ ਸਗੋਂ ਸਭ ਗਰੀਬਾਂ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਲਈ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਆਬਾਦੀ ਦਾ ਜੇ ਧਿਆਨ ਕੀਤਾ ਜਾਵੇ ਤਾਂ ਸੰਭਾਵਨਾ ਇਹ ਹੈ ਕਿ 20 ਮਿਲੀਅਨ ਲਾਭਕਾਰੀਆਂ (3, ਅਪ੍ਰੈਲ 2017 ਤੱਕ) ਵਿੱਚੋਂ ਜ਼ਿਆਦਾ ਔਰਤਾਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਜਾਂ ਮੁਸਲਿਮ ਭਾਈਚਾਰੇ ਵਿੱਚੋਂ ਨਹੀਂ ਸਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 2016 ਵਿੱਚ ਸ਼ੁਰੂ ਕੀਤੇ ਪ੍ਰੋਗਰਾਮ ਵਿੱਚ 50,000,000 ਗੈਸ ਕੁਨੈਕਸ਼ਨ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਦੀਆਂ ਔਰਤਾਂ ਨੂੰ ਪ੍ਰਦਾਨ ਕਰਨ ਦਾ ਟੀਚਾ ਰੱਖਿਆ ਗਿਆ ਹੈ। ਔਰਤਾਂ ਜੋ ਕਿ ਪਹਿਲਾਂ ਖਾਣਾ ਪਕਾਉਣ ਲਈ ਲੱਕੜੀ ਅਤੇ ਪਾਥੀਆਂ ਦੀ ਵਰਤੋਂ ਕਰਦੀਆਂ ਸਨ, ਜਿਸ ਨਾਲ ਉਨ੍ਹਾਂ ਦੀਆਂ ਅੱਖਾਂ ਨੂੰ ਏਨਾ ਧੂੰਆਂ ਚੜ੍ਹਦਾ ਸੀ ਜੋ ਕਿ ਮਾਹਰਾਂ ਅਨੁਸਾਰ ਹਰ ਘੰਟੇ ਵਿੱਚ 400 ਸਿਗਰਟਾਂ ਦੇ ਧੂੰਏ ਦੇ ਬਰਾਬਰ ਹੁੰਦਾ ਸੀ। ਹੁਣ ਇਹ ਔਰਤਾਂ ਸਿਹਤਮੰਦ ਬਦਲ ਅਪਣਾ ਸਕਦੀਆਂ ਹਨ।

ਅਜਿਹਾ ਇਕ ਕਦਮ, ਜੋ ਕਿ ਇਨ੍ਹਾਂ ਪਰਿਵਾਰਾਂ, ਜਿਥੇ ਕਿ ਔਰਤਾਂ ਪਹਿਲਾਂ ਲੱਕੜਾਂ ਅਤੇ ਪਾਥੀਆਂ ਵਰਤਦੀਆਂ ਸਨ, ਹੁਣ ਉਨ੍ਹਾਂ ਨੂੰ ਖਾਣਾ ਪਕਾਉਣ ਦਾ ਸਾਫ ਈਂਧਨ ਮੁਹੱਈਆ ਕਰਵਾ ਰਿਹਾ ਹੈ। ਇਸ ਦਾ ਸਾਰੇ ਪਰਿਵਾਰ ਦੀ ਸਿਹਤ, ਖਾਸ ਤੌਰ ਤੇ ਔਰਤਾਂ ਅਤੇ ਬੱਚਿਆਂ ਦੀ ਸਿਹਤ ਉੱਤੇ ਚੰਗਾ ਪ੍ਰਭਾਵ ਪੈ ਰਿਹਾ ਹੈ। ਨਤੀਜੇ ਵਜੋਂ ਇਨ੍ਹਾਂ ਘਰਾਂ ਦੇ ਬੱਚੇ ਹੁਣ ਪੜ੍ਹਾਈ ਕਰਨ ਵਿੱਚ ਚੰਗੇ ਨਿਕਲ ਰਹੇ ਹਨ, ਪਰਿਵਾਰਾਂ ਵਿੱਚ ਡਾਕਟਰਾਂ ਅਤੇ ਸਾਹ ਦੀਆਂ ਬੀਮਾਰੀਆਂ ਦੇ ਇਲਾਜ ਲਈ ਦਵਾਈਆਂ ਦਾ ਖਰਚਾ ਘਟ ਰਿਹਾ ਹੈ ਅਤੇ ਬੀਮਾਰੀਆਂ ਨਾਲ ਲੜਨ ਦੀ ਸਮਰੱਥਾ ਵਧੀ ਹੈ। ਇਹ ਸਪੱਸ਼ਟ ਤੌਰ ਤੇ ਇਕ ਜਿੱਤ ਹੈ। ਇਕ ਸਿਹਤਮੰਦ ਘਰ ਇਕ ਸਿਹਤਮੰਦ ਬੱਚੇ ਲਈ ਜ਼ਰੂਰੀ ਹੈ। ਇਸ ਨਾਲ ਬੱਚੇ ਦੀ ਸਿੱਖਣ ਦੀ ਸਮਰੱਥਾ ਵਿੱਚ ਭਾਰੀ ਵਾਧਾ ਹੋਇਆ ਹੈ। ਇਸ ਨਾਲ ਗਰੀਬੀ ਤੋਂ ਬਾਹਰ ਨਿਕਲਣ ਦਾ ਰਾਹ ਪੱਧਰਾ ਹੋਇਆ ਹੈ।

ਪਰ ਇਹ ਅਜੇ ਸ਼ੁਰੂਆਤ ਹੈ। ਜਨ-ਧਨ ਯੋਜਨਾ ਉੱਤੇ ਵਿਚਾਰ ਕਰੀਏ। ਇਹ ਕਿਸੇ ਵਿਸ਼ੇਸ਼ ਭਾਇਚਾਰੇ ਲਈ ਨਹੀਂ ਤਿਆਰ ਕੀਤੀ ਗਈ, ਸਗੋਂ ਉਨ੍ਹਾਂ ਸਭ ਲਈ ਹੈ ਜੋ ਹੁਣ ਤੱਕ ਰਸਮੀ ਬੈਂਕਿੰਗ ਢਾਂਚੇ ਤੋਂ ਬਾਹਰ ਸਨ।

**ਜਨ-ਧਨ ਯੋਜਨਾ ਦਾ ਉਦੇਸ਼ ਵਿੱਤੀ ਸੇਵਾਵਾਂ ਤੱਕ ਪਹੁੰਚ ਮੁਹੱਈਆ ਕਰਵਾਉਣਾ ਹੈ। ਇਨ੍ਹਾਂ ਸੇਵਾਵਾਂ ਵਿੱਚ ਬੈਂਕ ਵਿੱਚ ਬੱਚਤ ਅਤੇ ਪੈਸਾ ਜਮ੍ਹਾਂ ਕਰਵਾਉਣਾ, ਕਢਵਾਉਣਾ, ਕਰਜ਼ਾ ਲੈਣਾ, ਬੀਮਾ, ਪੈਨਸ਼ਨ ਲੈਣਾ ਪਹੁੰਚਯੋਗ ਹੋ ਰਿਹਾ ਹੈ। ਇਸ ਸਕੀਮ ਨੇ ਗਰੀਬਾਂ ਲਈ ਜ਼ੀਰੋ ਬੈਲੈਂਸ ਬੈਂਕ ਖਾਤੇ ਖੋਲ੍ਹਣਾ ਸੰਭਵ ਬਣਾਇਆ ਹੈ, ਕ੍ਰੈਡਿਟ/ਡੈਬਿਟ ਕਾਰਡ ਵੀ ਉਹ ਹਾਸਲ ਕਰ ਸਕਦੇ ਹਨ। ਪਹਿਲਾਂ ਇਹ ਸਭ ਕੁੱਝ ਅਮੀਰ ਲੋਕਾਂ ਲਈ ਸੀ, ਇਹ ਵੱਡੀ ਤਬਦੀਲੀ ਹੈ। ਇਸ ਵਿੱਚ ਸਰਕਾਰੀ ਲਾਭ ਜਿਵੇਂ ਕਿ ਵਜ਼ੀਫੇ, ਪੈਨਸ਼ਨਾਂ, ਸਬਸਿਡੀਆਂ ਸਿੱਧੇ ਤੌਰ ਤੇ ਲਾਭਕਾਰੀ ਦੇ ਖਾਤੇ ਵਿੱਚ ਤਬਦੀਲ ਹੋਣਗੀਆਂ। ਵਿਚੋਲਿਆਂ ਤੋਂ ਛੁਟਕਾਰਾ ਮਿਲਣ ਤੋਂ ਇਲਾਵਾ ਇਕ ਸੰਸਥਾ ਦਾ ਹਿੱਸਾ ਬਣਨ ਦਾ ਪ੍ਰਭਾਵ ਸਮਾਜਿਕ ਅਤੇ ਆਰਥਿਕ ਲਾਭਾਂ ਨਾਲ ਮਿਲ ਰਿਹਾ ਹੈ।**

ਇਹ ਆਮ ਕਦਮ ਅਜਿਹੇ ਮੋਢੇ ਪ੍ਰਦਾਨ ਕਰਦੇ ਹਨ ਜਿਨ੍ਹਾਂ ਉੱਤੇ ਵਧੇਰੇ ਨਿਰਦੇਸ਼ਤ ਸਕੀਮਾਂ ਦਾ ਭਾਰ ਪਾਇਆ ਜਾ ਸਕਦਾ ਹੈ। ਸਮਾਜਿਕ ਸੁਰੱਖਿਆ ਅਤੇ ਭਲਾਈ ਸਕੀਮਾਂ, ਜੋ ਕਿ ਵਿਸ਼ੇਸ਼ ਗਰੁੱਪਾਂ ਜਿਵੇਂ ਕਿ ਘੱਟ ਗਿਣਤੀਆਂ ਲਈ ਨਿਰਦੇਸ਼ਤ ਹੁੰਦੀਆਂ ਹਨ, ਉਨ੍ਹਾਂ ਭਾਈਚਾਰਿਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਪਰ ਇਹ ਸਕੀਮਾਂ ਵਿਸ਼ਾਲ ਸਮਾਜਿਕ ਸੁਰੱਖਿਆ ਅਤੇ ਭਲਾਈ ਕਦਮਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਵਿੱਚੋਂ ਵਧੇਰੇ ਸਮਾਜਿਕ ਰੁਕਾਵਟਾਂ ਨੂੰ ਦੂਰ ਕਰਨ ਵੱਲ ਧਿਆਨ ਕੇਂਦਰਿਤ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਸਮਾਜਿਕ ਸੁਰੱਖਿਆ ਸਕੀਮਾਂ ਦਾ ਮੁੱਖ ਜ਼ੋਰ ਘੱਟ ਗਿਣਤੀਆਂ ਦੀ ਵਿੱਦਿਆ, ਰੋਜ਼ਗਾਰ ਅਤੇ ਸਸ਼ਕਤੀਕਰਨ ਉੱਤੇ ਕੇਂਦਰਿਤ ਹੋਣਾ ਚਾਹੀਦਾ ਹੈ।

ਸਰਕਾਰ ਦੇ ਦੋ ਨਵੇਂ ਪ੍ਰੋਗਰਾਮਾਂ 'ਨਈ ਮੰਜ਼ਿਲ' ਅਤੇ 'ਉਸਤਾਦ' (ਅੱਪਗ੍ਰੇਡਿੰਗ ਸਕਿੱਲਜ਼ ਐਂਡ ਟ੍ਰੇਨਿੰਗ ਇਨ ਟਰੇਡੀਸ਼ਨਲ ਆਰਟਸ/ਕ੍ਰਾਫਟਸ ਫਾਰ ਡਿਵੈਲਪਮੈਂਟ) ਦਾ ਐਲਾਨ ਕ੍ਰਮਵਾਰ 2014-15 ਅਤੇ 2015-16 ਵਿੱਚ ਕੀਤਾ ਸੀ। ਇਨ੍ਹਾਂ ਦਾ ਉਦੇਸ਼ ਘੱਟ ਗਿਣਤੀਆਂ ਨੂੰ ਮੁੱਖ ਧਾਰਾ ਦੇ ਵਿਕਾਸ ਵਿੱਚ ਸ਼ਾਮਲ ਕਰਨਾ ਸੀ। ਨਈ ਮੰਜ਼ਿਲ ਦਾ ਮੁੱਖ ਜ਼ੋਰ ਸਕੂਲ ਛੱਡ ਚੁੱਕੇ ਬੱਚਿਆਂ ਦੀ ਵਿੱਦਿਆ ਅਤੇ ਮੁਹਾਰਤ ਵਿਕਾਸ ਵੱਲ ਧਿਆਨ ਕੇਂਦਰਿਤ ਕਰਨਾ ਹੈ ਜਦ ਕਿ ਉਸਤਾਦ ਦਾ ਉਦੇਸ਼ ਰਵਾਇਤੀ ਕਲਾ ਅਤੇ ਹੁਨਰ ਦੀ ਸੰਭਾਲ ਕਰਨਾ ਅਤੇ ਨਾਲ ਹੀ ਘੱਟ ਗਿਣਤੀ ਭਾਈਚਾਰਿਆਂ ਦੇ ਰਵਾਇਤੀ ਕਲਾਕਾਰਾਂ ਅਤੇ ਹੁਨਰਮੰਦਾਂ ਦੀ ਸਮਰੱਥਾ ਵਿਕਸਤ ਕਰਨਾ ਹੈ। 2016-17 ਦੇ ਕੇਂਦਰੀ ਬਜਟ ਵਿੱਚ ਨਈ ਮੰਜ਼ਿਲ ਲਈ 175 ਕਰੋੜ ਰੁਪਏ ਅਤੇ ਉਸਤਾਦ ਲਈ 22 ਕਰੋੜ ਰੁਪਏ ਰੱਖੇ ਗਏ ਹਨ। ਇਹ ਦੋਵੇਂ ਪ੍ਰੋਗਰਾਮ ਮੁੱਖ ਧਿਆਨ ਮੁੱਢਲੇ ਮੁੱਦਿਆਂ - ਵਿੱਦਿਆ, ਹੁਨਰ ਵਿਕਾਸ ਅਤੇ ਰੋਜ਼ੀ ਰੋਟੀ ਵੱਲ ਕੇਂਦਰਿਤ ਕਰਦੇ ਹਨ।

ਸਰਕਾਰ ਆਪਣੀਆਂ ਪ੍ਰਾਪਤੀਆਂ ਦੀ ਸੂਚੀ ਵਿੱਚ ਘੱਟ ਗਿਣਤੀ ਮੰਤਰਾਲਾ ਵਲੋਂ ਵਜ਼ੀਫੇ ਵੰਡਣ ਦਾ ਜ਼ਿਕਰ ਕਰਦੀ ਹੈ। 1,82,00,000 ਵਿਦਿਆਰਥੀਆਂ ਨੂੰ 4740 ਕਰੋੜ ਰੁਪਏ ਦੇ ਵਜ਼ੀਫੇ ਵਜੋਂ ਵੰਡੇ ਗਏ। 1,38,726 ਵਿਦਿਆਰਥਣਾ ਨੂੰ 166 ਕਰੋੜ ਰੁਪਏ ਦੇ 'ਬੇਗਮ ਹਜ਼ਰਤ ਮਹਿਲ' ਵਜ਼ੀਫੇ ਵੰਡੇ ਗਏ। 5,20,000 ਤੋਂ ਵੱਧ

ਨੌਜਵਾਨਾਂ, ਜਿਨ੍ਹਾਂ ਵਿੱਚ 40 ਪ੍ਰਤਿਸ਼ਤ ਔਰਤਾਂ ਵੀ ਸ਼ਾਮਲ ਹਨ, ਨੂੰ ਰੋਜ਼ਗਾਰ ਆਧਾਰਿਤ ਕਿੱਤਾ ਸਿੱਖਲਾਈ ਪ੍ਰਦਾਨ ਕੀਤੀ ਗਈ, 33 ਡਿਗਰੀ ਕਾਲਜ, 223 ਬਹੁ-ਉਦੇਸ਼ੀ 'ਸਦਭਾਵ ਮੰਡਪ' ਅਤੇ 18 ਗੁਰੂਕੁਲ ਵਰਗੇ ਰਿਹਾਇਸ਼ੀ ਸਕੂਲ ਪਿਛਲੇ 6 ਸਾਲ ਵਿੱਚ ਖੋਲ੍ਹੇ ਗਏ।

ਕੁੱਝ ਹੋਰ ਸਕੀਮਾਂ ਉੱਤੇ ਨਜ਼ਰ ਮਾਰੀਏ – ਤਹਿਰੀਕ-ਏ-ਤਾਲੀਮ, ਵਿੱਦਿਆ ਲਈ ਇਕ ਮੁਹਿੰਮ ਹੈ, 'ਹੁਨਰਹਾਟ' ਦਾ ਆਯੋਜਨ ਯੋਗ ਕਲਾਕਾਰਾਂ ਨੂੰ ਦੇਸ਼ ਭਰ ਵਿੱਚ ਮਾਰਕੀਟ ਦੇ ਮੌਕੇ ਮੁਹੱਈਆ ਕਰਵਾਉਣ ਲਈ ਹੈ, ਸਾਰੇ ਸੂਬਿਆਂ ਵਿੱਚ 'ਹੁਨਰ ਹੱਬ' ਦੀ ਸਥਾਪਨਾ ਕਰਨਾ, 'ਉਸਤਾਦ ਸਨਮਾਨ ਸਮਾਗਮ' ਦਾ ਆਯੋਜਨ ਕਰਨਾ, ਅੰਤਰਰਾਸ਼ਟਰੀ ਪੱਧਰ ਦੀਆਂ 5 ਵਿੱਦਿਅਕ ਸੰਸਥਾਵਾਂ ਸਥਾਪਿਤ ਕਰਨਾ, 100 ਗੁਰੂਕੁਲ – ਨਵੋਦਯ ਵਰਗੇ ਸਕੂਲਾਂ ਦੀ ਘੱਟ ਗਿਣਤੀਆਂ ਦੇ ਇਲਾਕਿਆਂ ਵਿੱਚ ਸਥਾਪਨਾ ਕਰਨਾ ਨਿਰਦੇਸ਼ਤ ਸਮਾਜਿਕ ਸੁਰੱਖਿਆ ਯਤਨਾਂ ਦਾ ਹਿੱਸਾ ਹਨ।

ਇਨ੍ਹਾਂ ਵਿੱਚੋਂ ਹਰ ਸਕੀਮ ਵਿੱਚ ਮੁੱਖ ਜ਼ੋਰ ਲਾਭਕਾਰੀਆਂ ਦੀ ਵਿੱਦਿਆ ਅਤੇ ਰੋਜ਼ਗਾਰ ਵਿੱਚ ਸੁਧਾਰ ਕਰਨ ਉਤੇ ਹੈ। ਇਹ ਚੰਗੀ ਅਤੇ ਮਜ਼ਬੂਤ ਸ਼ੁਰੂਆਤ ਹੈ। ਸਰਕਾਰ ਔਰਤਾਂ ਵੱਲ ਇਨ੍ਹਾਂ ਸਕੀਮਾਂ ਰਾਹੀ ਧਿਆਨ ਕੇਂਦਰਿਤ ਕਰ ਰਹੀ ਹੈ। ਨਈ ਰੋਸ਼ਨੀ ਵਿੱਚ ਮੁੱਖ ਜ਼ੋਰ ਔਰਤਾਂ ਦੀ ਲੀਡਰਸ਼ਿਪ ਸਿੱਖਲਾਈ ਉੱਤੇ ਦਿੱਤਾ ਗਿਆ ਹੈ ਅਤੇ ਇਹ ਇਕ ਅਹਿਮ ਕਦਮ ਹੈ। ਸਮਾਜਿਕ ਭਲਾਈ ਲਈ ਔਰਤਾਂ ਨੂੰ ਅਧਿਕਾਰਤ ਕਰਨਾ ਬਹੁਤ ਜ਼ਰੂਰੀ ਹੈ। ਧਿਆਨ ਦੇਣ ਦਾ ਇਕ ਹੋਰ ਖੇਤਰ ਨੌਜਵਾਨ ਹਨ ਅਤੇ ਸਰਕਾਰ ਨੇ ਨੌਜਵਾਨਾਂ ਦੀ ਉੱਦਮਸ਼ੀਲਤਾ ਵਿੱਚ ਵਾਧਾ ਕਰਨ ਲਈ ਮਾਨਸ ਨਾਂ ਦੀ ਸਕੀਮ ਸ਼ੁਰੂ ਕੀਤੀ ਹੈ ਪਰ ਸਪੱਸ਼ਟ ਤੌਰ ਤੇ ਸਰਕਾਰ ਨੂੰ ਹੋਰ ਕੁੱਝ ਵੀ ਕਰਨਾ ਚਾਹੀਦਾ ਹੈ। ਸਰਕਾਰ ਦੀ ਸਭ ਤੋਂ ਅਹਿਮ ਦਖ਼ਲਅੰਦਾਜ਼ੀ ਵਿੱਦਿਆ ਦੇ ਖੇਤਰ ਵਿੱਚ ਹੋਣੀ ਚਾਹੀਦੀ ਹੈ। ਵਿੱਦਿਅਕ ਮੌਕਿਆਂ ਵਿੱਚ ਸੁਧਾਰ ਵੱਲ ਵਧੇਰੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਵਿੱਦਿਆ ਹੀ ਇਕ ਅਸਲੀ ਚਾਂਦੀ ਦੀ ਗੋਲੀ ਹੈ ਜੋ ਕਿ ਵਿਅਕਤੀ ਦੀ ਜ਼ਿੰਦਗੀ ਬਦਲ ਸਕਦੀ ਹੈ ਅਤੇ ਉਸ ਦੇ ਸਮਾਜਿਕ ਅਤੇ ਆਰਥਿਕ ਤੌਰ ਤੇ ਅੱਗੇ ਵਧਣ ਲਈ ਮੌਕੇ ਪ੍ਰਦਾਨ ਕਰ ਸਕਦੀ ਹੈ। ਸੀਮਾਂਤ ਅਤੇ ਗਰੀਬ ਭਾਈਚਾਰੇ ਅਤੇ ਉਨ੍ਹਾਂ ਥਾਵਾਂ ਉੱਤੇ ਜਿਥੇ ਕਿ ਅਜੇ ਤੱਕ ਜਨਤਕ ਵਿੱਦਿਆ ਪ੍ਰਣਾਲੀ ਦੀ ਪਹੁੰਚ ਨਹੀਂ ਹੋਈ, ਵਿੱਚ ਰਹਿੰਦੇ ਭਾਈਚਾਰੇ ਦੇ ਬੱਚਿਆਂ ਤੱਕ ਪਹੁੰਚ ਲਈ ਜ਼ੋਰਦਾਰ ਯਤਨ ਹੋਣੇ ਚਾਹੀਦੇ ਹਨ। ਸਰਕਾਰ ਨੂੰ ਇਨ੍ਹਾਂ ਭਾਈਚਾਰਿਆਂ ਦੇ ਸਕੂਲ ਅਤੇ ਅਧਿਆਪਕਾਂ ਉੱਤੇ ਹੋਰ ਰਕਮ ਲਗਾਉਣੀ ਚਾਹੀਦੀ ਹੈ। ਉਸ ਨੂੰ ਚਾਹੀਦਾ ਹੈ ਕਿ ਸਕੂਲਾਂ ਨੂੰ ਹੋਰ ਸਹੂਲਤਾਂ ਨਾਲ ਲੈਸ ਕੀਤਾ ਜਾਵੇ, ਜਿਵੇਂ ਕਿ ਪਖ਼ਾਨੇ ਅਤੇ ਪੀਣ ਵਾਲੇ ਪਾਣੀ ਦੀ ਮੁਢਲੀ ਸਹੂਲਤ ਤੋਂ ਇਲਾਵਾ ਲਾਇਬ੍ਰੇਰੀਆਂ ਆਦਿ ਦਾ ਪ੍ਰਬੰਧ ਕੀਤਾ ਜਾਵੇ। ਉਸ ਨੂੰ ਇਨ੍ਹਾਂ ਭਾਈਚਾਰੇ ਦੇ ਬੱਚਿਆਂ ਲਈ ਵਜ਼ੀਫਾ ਸਹਾਇਤਾ ਵਧਾਉਣੀ ਚਾਹੀਦੀ ਹੈ ਤਾਂ ਕਿ ਹੋਰ ਜ਼ਿਆਦਾ ਬੱਚੇ ਉੱਚ ਸਿੱਖਿਆ ਹਾਸਲ ਕਰ ਸਕਣ। ਸਰਕਾਰ ਲਈ ਇਨ੍ਹਾਂ ਨੂੰ ਅੱਗੇ ਵਧਾਉਣ ਲਈ ਵਿੱਦਿਆ ਉੱਤੇ ਨਿਵੇਸ਼ ਅਤੇ ਭਵਿੱਖ ਲਈ ਮੌਕਿਆਂ ਦਾ ਪ੍ਰਬੰਧ ਸਮਾਜਿਕ ਸੁਰੱਖਿਆ ਨਿਵੇਸ਼ਾਂ ਵਿੱਚ ਸ਼ਾਮਲ ਹਨ। ਬਾਕੀ ਤਾਂ ਵਾਧੂ ਛੋਟੀ ਸਹਾਇਤਾ ਵੀ ਇਨ੍ਹਾਂ ਨੂੰ ਅੱਗੇ ਵਧਣ ਵਿੱਚ ਸਹਾਈ ਹੋ ਸਕਦੀ ਹੈ।

*(ਲੇਖਕ ਇਕਨਾਮਿਕਸ ਟਾਈਮਸ ਦੇ ਸਹਾਇਕ ਸੰਪਾਦਕ ਹਨ। ਉਹ ਸਿੱਖਿਆ, ਵਾਤਾਵਰਨ, ਸਿਹਤ, ਮੌਸਮੀ ਬਦਲਾਅ ਅਤੇ ਊਰਜਾ ਵਰਗੇ ਸਮਾਜਿਕ ਖੇਤਰਾਂ ਅਤੇ ਵਿਕਾਸ ਦੇ ਵਿਸ਼ਿਆਂ ਉਤੇ ਲਿਖਦੇ ਹਨ।)*

*e-mail :goswami@gmail.com*

## ਵਿੱਤੀ ਮਜ਼ਬੂਤੀ – ਬੇਹਤਰ ਜੀਵਨ

**→ ਜਨ-ਧਨ ਖਾਤਾ – ਪਹਿਲੀ ਵਾਰ ਬੈਂਕਿੰਗ ਸੇਵਾ ਤੱਕ ਸਾਰੇ ਲੋਕਾਂ ਦੀ ਪਹੁੰਚ**
- 28 ਕਰੋੜ ਤੋਂ ਵੱਧ ਬੈਂਕ ਖਾਤੇ ਖੋਲ੍ਹੇ ਗਏ।
- ਖਾਤਾ ਰੁਪਏ ਕਾਰਡ ਨਾਲ ਖੁੱਲ੍ਹਦਾ ਹੈ ਅਤੇ ਇਸ ਵਿੱਚ 1 ਲੱਖ ਰੁਪਏ ਦਾ ਦੁਰਘਟਨਾ ਬੀਮਾ ਹੁੰਦਾ ਹੈ।
- 2 ਕਰੋੜ ਤੋਂ ਵੱਧ ਰੁਪਏ ਕਾਰਡ ਦਿੱਤੇ ਗਏ।
- ਜਨ-ਧਨ ਖਾਤੇ ਵਿੱਚ ਕੁੱਲ 63,971 ਕਰੋੜ ਰੁਪਏ ਦੀ ਰਕਮ ਜਮ੍ਹਾਂ ਕੀਤੀ ਗਈ ਹੈ।
- 60 ਪ੍ਰਤਿਸ਼ਤ ਖਾਤੇ ਪੇਂਡੂ ਭਾਰਤ ਵਿੱਚ ਖੋਲ੍ਹੇ ਗਏ ਹਨ।

**→ ਜਨ ਸੁਰੱਖਿਆ ਯੋਜਨਾ ਤੋਂ 16 ਕਰੋੜ ਤੋਂ ਵੱਧ ਲੋਕਾਂ ਨੂੰ ਫ਼ਾਇਦਾ ਹੋ ਰਿਹਾ ਹੈ :**

**ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ**
- ਹਰ ਸਾਲ 12 ਰੁਪਏ ਖਰਚ ਕਰਕੇ 2 ਲੱਖ ਰੁਪਏ ਦਾ ਦੁਰਘਟਨਾ ਬੀਮਾ ਕੀਤਾ ਜਾਂਦਾ ਹੈ।
- ਲਗਭਗ 13 ਕਰੋੜ ਲੋਕ ਇਸ ਵਿੱਚ ਸ਼ਾਮਲ ਹੋ ਚੁੱਕੇ ਹਨ।

**ਪ੍ਰਧਾਨ ਮੰਤਰੀ ਜੀਵਨ ਜਿਓਤੀ ਬੀਮਾ ਯੋਜਨਾ :**
- ਹਰ ਸਾਲ ਸਿਰਫ 330 ਰੁਪਏ ਵਿੱਚੋਂ 2 ਲੱਖ ਰੁਪਏ ਦਾ ਜੀਵਨ ਬੀਮਾ।
- 3 ਕਰੋੜ ਤੋਂ ਵੱਧ ਵਿਅਕਤੀ ਇਹ ਬੀਮਾ ਕਰਵਾ ਚੁੱਕੇ ਹਨ।

**ਅਟੱਲ ਪੈਨਸ਼ਨ ਯੋਜਨਾ**
- 38.23 ਲੱਖ ਵਿਅਕਤੀ ਇਸ ਬੀਮਾ ਯੋਜਨਾ ਨਾਲ ਜੁੜ ਚੁੱਕੇ ਹਨ।
- 1344 ਕਰੋੜ ਰੁਪਏ ਵੰਡੇ ਗਏ।

**→ ਮੁਦਰਾ – ਛੋਟੇ ਉੱਦਮੀਆਂ ਨੂੰ ਬਿਨਾਂ ਕਿਸੇ ਗਰੰਟੀ ਤੋਂ ਕਰਜ਼ਾ**
- 7.45 ਕਰੋੜ ਉੱਦਮੀਆਂ ਲਈ 3.2 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਮਨਜ਼ੂਰ।
- ਲਾਭ ਲੈਣ ਵਾਲਿਆਂ ਵਿੱਚ 70 ਪ੍ਰਤਿਸ਼ਤ ਔਰਤਾਂ ਹਨ।

**→ ਸਟੈਂਡ ਅੱਪ ਇੰਡੀਆ**
- ਬੈਂਕ 10 ਲੱਖ ਰੁਪਏ ਤੋਂ 1 ਕਰੋੜ ਰੁਪਏ ਤੱਕ ਦਾ ਕਰਜ਼ਾ ਦਿੰਦਾ ਹੈ ਜਿਸ ਵਿੱਚ ਬੈਂਕ ਦੀ ਹਰ ਬਰਾਂਚ ਨੂੰ ਘੱਟ ਤੋਂ ਘੱਟ ਇਕ ਐੱਸ ਸੀ/ਐੱਸ ਟੀ ਅਤੇ ਇਕ ਔਰਤ ਨੂੰ ਕਰਜ਼ਾ ਦੇਣਾ ਲਾਜ਼ਮੀ ਹੈ।
- 4699 ਕਰੋੜ ਰੁਪਏ ਦੇ ਕਰਜ਼ਿਆਂ ਲਈ 22,000 ਤੋਂ ਵੱਧ ਅਰਜ਼ੀਆਂ ਮਨਜ਼ੂਰ।



## ਸਮਾਜ ਦੇ ਹਰ ਵਿਅਕਤੀ ਦਾ ਮਿਆਰੀ ਜੀਵਨ ਯਕੀਨੀ

**→ ਉੱਜਵਲਾ ਯੋਜਨਾ**
- ਗਰੀਬ ਔਰਤਾਂ ਨੂੰ ਮੁਫ਼ਤ ਵਿੱਚ ਐੱਲ ਪੀ ਜੀ (ਗੈਸ) ਕਨੈਕਸ਼ਨ ਦੇਣ ਦੀ ਯੋਜਨਾ।
- 2019 ਤੱਕ 5 ਕਰੋੜ ਐੱਲ ਪੀ ਜੀ ਕਨੈਕਸ਼ਨ ਦੇਣ ਦਾ ਟੀਚਾ।
- ਹੁਣ ਤੱਕ ਬੀ ਪੀ ਐੱਲ ਪਰਿਵਾਰਾਂ ਦੀਆਂ 2 ਕਰੋੜ ਤੋਂ ਵੱਧ ਔਰਤਾਂ ਨੂੰ ਉੱਜਵਲਾ ਯੋਜਨਾ ਦਾ ਲਾਭ ਮਿਲਿਆ।

**ਗਰੀਬਾਂ ਦਾ ਆਪਣਾ ਘਰ**

ਪਿਛਲੇ ਤਿੰਨ ਸਾਲਾਂ ਦੌਰਾਨ ਵਿਕਾਸ ਵਿੱਚ ਤੇਜ਼ੀ



| 2014-2017 | 2004-2014 |
|---|---|
| 17,73,533 ਸਸਤੇ ਘਰਾਂ ਦੀ ਉਸਾਰੀ ਲਈ ਮਨਜ਼ੂਰੀ | 13,82,768 ਸਸਤੇ ਘਰਾਂ ਦੀ ਉਸਾਰੀ ਲਈ ਮਨਜ਼ੂਰੀ |
| 2008 ਸ਼ਹਿਰਾਂ ਅਤੇ ਪਿੰਡਾਂ ਲਈ ਇਹ ਮਨਜ਼ੂਰੀ | 1061 ਸ਼ਹਿਰਾ ਦੇ ਲਈ ਇਹ ਮਨਜ਼ੂਰੀ |
| ਰਾਜਾਂ/ਕੇਂ.ਸ਼ਾ.ਪ੍ਰਦੇਸ਼ਾਂ ਲਈ 27,883 ਕਰੋੜ ਰੁਪਏ | 20,920 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਨੂੰ ਮਨਜ਼ੂਰੀ |
| 961266 ਕਰੋੜ ਰੁਪਏ ਦੀ ਪੂੰਜੀਕਾਰੀ ਨੂੰ ਮਨਜ਼ੂਰੀ | 32,713 ਕਰੋੜ ਰੁਪਏ ਦੀ ਪੂੰਜੀਕਾਰੀ ਨੂੰ ਮਨਜ਼ੂਰੀ |


**→ ਮਿਸ਼ਨ ਅੰਤੋਦਿਆ**
- ਬਜਟ 2017-18 ਵਿੱਚ ਇਸ ਦਾ ਐਲਾਨ ਹੋਇਆ
- ਇਸ ਦੇ ਅਧੀਨ 1 ਕਰੋੜ ਪਰਿਵਾਰਾਂ ਨੂੰ ਗਰੀਬੀ ਤੋਂ ਮੁਕਤ ਕਰਨ ਦਾ ਟੀਚਾ ਹੈ

**→ ਗਰੀਬਾਂ ਲਈ ਖੁਰਾਕ ਸੁਰੱਖਿਆ**
- 81.34 ਕਰੋੜ ਵਿਅਕਤੀ 2 ਰੁਪਏ ਪ੍ਰਤਿ ਕਿਲੋ ਕਣਕ ਅਤੇ ਤਿੰਨ ਰੁਪਏ ਪ੍ਰਤਿ ਕਿਲੋ ਦੀ ਦਰ ਨਾਲ ਚਾਵਲ ਹਾਸਲ ਕਰ ਰਹੇ ਹਨ।
- ਮਈ 2014 ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਸਿਰਫ 11 ਰਾਜਾਂ ਵਿੱਚ ਲਾਗੂ ਸੀ ਜੋ ਹੁਣ ਪੂਰੇ ਦੇਸ਼ ਵਿੱਚ ਲਾਗੂ ਕਰ ਦਿੱਤਾ ਗਿਆ ਹੈ।



**→ ਦੀਨਦਿਆਲ ਅੰਤੋਦਯਾ ਯੋਜਨਾ**
- ਸੈਲਫ ਹੈਲਪ ਗਰੁੱਪ ਅਤੇ ਮਾਲੀ ਵਸੀਲਿਆਂ ਤੱਕ ਪਹੁੰਚ ਦੇ ਰਾਹੀਂ ਗਰੀਬੀ ਦੇ ਖਾਤਮੇ ਦੀ ਯੋਜਨਾ
- 8 ਲੱਖ ਤੋਂ ਵੱਧ ਵਿਅਕਤੀਆਂ ਨੂੰ ਕੌਸ਼ਲ ਵਿਕਾਸ ਦੀ ਸਿਖਲਾਈ ਦਿੱਤੀ ਗਈ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਇਸ ਤੋਂ ਲਾਭ ਹਾਸਲ ਕਰਨ ਵਾਲੇ 1.35 ਲੱਖ ਤੋਂ ਵੱਧ ਵਿਅਕਤੀਆਂ ਨੂੰ ਨਿੱਜੀ ਜਾਂ ਸੂਖਮ ਉੱਦਮਾਂ ਵਿੱਚ ਲਗਾਉਣ ਦੇ ਲਈ ਸਹਾਇਤਾ ਵੀ ਦਿੱਤੀ ਗਈ।

**→ ਮਿਸ਼ਨ ਇੰਦਰਧਨੁਸ਼**
- ਵੈਕਸੀਨ ਪ੍ਰੀਵੈਂਟੇਬਲ ਰੋਗਾਂ ਤੋਂ ਹਰ ਬੱਚੇ ਨੂੰ ਸੁਰੱਖਿਅਤ ਕਰਨ ਲਈ ਇਸ ਦੀ ਸ਼ੁਰੂਆਤ ਕੀਤੀ ਗਈ।
- 2.6 ਕਰੋੜ ਤੋਂ ਵੱਧ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਇਮਿਊਨਾਈਜ਼ਡ ਕੀਤਾ ਜਾ ਚੁੱਕਾ ਹੈ।
- ਪੂਰੀ ਤਰ੍ਹਾਂ ਸੁਰੱਖਿਅਤ ਕੀਤੇ ਜਾਣ ਦੀ ਵਾਧਾ ਦਰ 1 ਪ੍ਰਤਿਸ਼ਤ ਸਾਲਾਨਾ ਤੋਂ ਵਧ ਕੇ 5-7 ਪ੍ਰਤਿਸ਼ਤ ਹੋ ਗਈ ਹੈ।
- 55.9 ਲੱਖ ਗਰਭਵਤੀ ਔਰਤਾਂ ਨੂੰ ਟੇਟਨਸ ਟਾਕਸਾਈਡ ਦੀ ਵੈਕਸੀਨ ਦਿੱਤੀ ਜਾ ਚੁੱਕੀ ਹੈ।
- 505 ਜ਼ਿਲ੍ਹਿਆਂ ਵਿੱਚ ਮਿਸ਼ਨ ਇੰਦਰਧਨੁਸ਼ ਲਾਗੂ ਹੈ।




**→ ਡੀ ਬੀ ਟੀ**
- ਦਲਾਲਾਂ ਅਤੇ ਵਿਚੋਲਿਆਂ ਦਾ ਖਾਤਮਾ
- 32 ਕਰੋੜ ਵਿਅਕਤੀਆਂ ਦੇ ਬੈਂਕ ਖਾਤਿਆਂ ਵਿੱਚ ਸਿੱਧੀ ਸਬਸਿਡੀ ਪਹੁੰਚੀ
- ਪਿਛਲੇ ਤਿੰਨ ਸਾਲਾਂ ਵਿੱਚ ਲਗਭਗ 50,000 ਰੁਪਏ ਦੀ ਬਚਤ ਕੀਤੀ ਗਈ
- 92 ਯੋਜਨਾਵਾਂ ਇਸ ਵਿੱਚ ਸ਼ਾਮਲ।



# ਅਸੰਗਠਿਤ ਕਾਮਿਆਂ ਲਈ ਸਮਾਜਿਕ ਸੁਰੱਖਿਆ

ਰੂਮਾ ਘੋਸ਼

**ਜਾਣ-ਪਛਾਣ**

ਇਕ ਨਿਆਂਪੂਰਨ ਅਤੇ ਬਰਾਬਰੀ ਵਾਲੇ ਸਮਾਜ ਲਈ ਸਮਾਜਿਕ ਸੁਰੱਖਿਆ ਪਹਿਲੀ ਲੋੜ ਹੈ। ਇਸੇ ਕਾਰਨ ਸਮਾਜਿਕ ਸੁਰੱਖਿਆ ਦਾ ਅਧਿਕਾਰ ਇਕ ਮਨੁੱਖੀ ਅਧਿਕਾਰ ਹੈ ਅਤੇ ਧਾਰਾ 22 ਅਤੇ 25 ਅਨੁਸਾਰ 'ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵ ਐਲਾਨਨਾਮਾ' ਜੋ ਕਿ ਸੰਯੁਕਤ ਰਾਸ਼ਟਰ ਵਲੋਂ ਪਾਸ ਕੀਤਾ ਗਿਆ ਸੀ, ਵਿੱਚ ਸਮਾਜਿਕ ਸੁਰੱਖਿਆ ਤੱਕ ਪਹੁੰਚ ਇਕ ਮੁਢਲਾ ਅਧਿਕਾਰ ਹੈ। 'ਸਮਾਜਿਕ ਸੁਰੱਖਿਆ' (ਘੱਟੋ-ਘੱਟ ਮਿਆਰ) ਕਨਵੈਨਸ਼ਨ 102 ਜੋ ਕਿ ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ ਐੱਲ ਓ) ਵਲੋਂ 1952 ਵਿੱਚ ਪਾਸ ਕੀਤੀ ਗਈ ਸੀ, ਵਿੱਚ ਸਮਾਜਿਕ ਸੁਰੱਖਿਆ ਦੇ ਅਹਿਮ ਖੇਤਰਾਂ ਵਿੱਚ ਲਾਭਾਂ ਲਈ ਘੱਟੋ-ਘੱਟ ਮਿਆਰਾਂ ਦਾ ਜ਼ਿਕਰ ਕੀਤਾ ਗਿਆ ਸੀ। ਇਸ ਵਿੱਚ 9 ਧਾਰਾਵਾਂ ਹਨ ਜਿਵੇਂ ਕਿ ਮੈਡੀਕਲ ਲਾਭ, ਬੀਮਾਰੀ ਦੇ ਲਾਭ, ਬੇਰੋਜ਼ਗਾਰੀ ਲਾਭ, ਬੁਢਾਪੇ ਦੀ ਸਹਾਇਤਾ, ਰੋਜ਼ਗਾਰ ਦੌਰਾਨ ਜ਼ਖ਼ਮੀ ਹੋਣ ਉਤੇ ਸਹਾਇਤਾ, ਪਰਿਵਾਰਕ ਮਦਦ, ਜਣੇਪੇ ਵੇਲੇ ਲਾਭ, ਅਯੋਗਤਾ ਵੇਲੇ ਲਾਭ ਅਤੇ ਹਾਦਸੇ ਤੋਂ ਬਚ ਜਾਣ ਉਤੇ ਮਿਲਦੇ ਲਾਭ।

**ਭਾਰਤ ਆਈ ਐੱਲ ਓ ਦਾ ਇਕ ਬਾਨੀ ਮੈਂਬਰ ਹੈ ਅਤੇ ਉਸ ਨੇ ਆਈ ਐੱਲ ਓ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੋਗਰਾਮ ਦੇ ਕਈ ਸਮਝੌਤਿਆਂ ਦੀ ਤਾਈਦ ਕੀਤੀ ਹੈ। ਇਨ੍ਹਾਂ ਵਿੱਚੋਂ ਕਈ ਸਮਝੌਤੇ ਸਿੱਧੇ ਤੌਰ ਤੇ ਸਮਾਜਿਕ ਸੁਰੱਖਿਆ ਖੇਤਰ ਨਾਲ ਸੰਬੰਧਿਤ ਹਨ ਅਤੇ ਇਨ੍ਹਾਂ ਨੂੰ ਵਿਕਾਸ ਟੀਚਿਆਂ ਲਈ ਬੀਤੇ ਦਿਨੀਂ ਮੁੜ ਤੋਂ ਲਾਗੂ ਕੀਤਾ ਗਿਆ ਹੈ।**

ਦੇਸ਼ ਵਿੱਚ ਇਕ ਚੰਗਾ ਸਥਾਪਤ ਸਮਾਜਿਕ ਸੁਰੱਖਿਆ ਢਾਂਚਾ ਹੈ ਜੋ ਕਿ ਆਈ ਐੱਲ ਓ ਦੇ ਸਮਾਜਿਕ ਸੁਰੱਖਿਆ (ਘੱਟੋ-ਘੱਟ ਮਿਆਰਾਂ) ਬਾਰੇ ਕਨਵੈਨਸ਼ਨ ਨੰ: 102 (1952) ਵਲੋਂ ਪਾਸ 9 ਵਿੱਚੋਂ ਬਹੁਤ ਸਾਰੇ ਮਤਿਆਂ ਨੂੰ ਲਾਗੂ ਕਰ ਰਿਹਾ ਹੈ। ਇਨ੍ਹਾਂ ਮਤਿਆਂ ਦਾ ਉਦੇਸ਼ ਸੰਗਠਤ ਖੇਤਰ ਵਿੱਚ ਰਸਮੀ ਕਾਮਿਆਂ ਨੂੰ ਸਿਧਾਂਤਕ ਤੌਰ ਤੇ ਆਪਣੇ ਅਧੀਨ ਲਿਆਉਣਾ ਹੈ। ਇਨ੍ਹਾਂ ਵਿੱਚ ਨਿੱਜੀ ਫਰਮਾਂ ਜਾਂ ਅਦਾਰੇ ਸ਼ਾਮਲ ਹਨ ਜੋ ਕਿ ਇਕ ਵਿਸ਼ੇਸ਼ ਆਕਾਰ ਤੋਂ ਵੱਡੇ ਹਨ ਜਾਂ ਜਨਤਕ ਖੇਤਰ ਦੇ ਅਦਾਰੇ, ਜੋ ਕਿ ਕਿਸੇ ਆਕਾਰ ਦੇ ਮੁਥਾਜ ਨਹੀਂ। ਇਹ ਕਦਮ ਸੰਗਠਤ ਖੇਤਰ ਦੇ ਕੁੱਝ ਅਦਾਰਿਆਂ ਦੇ ਗ਼ੈਰ-ਰਸਮੀ ਕਾਮਿਆਂ ਨੂੰ ਆਪਣੇ ਘੇਰੇ ਵਿੱਚ ਲੈਂਦੇ ਹਨ ਅਤੇ ਕੁੱਝ ਉਨ੍ਹਾਂ ਅਦਾਰਿਆਂ ਨੂੰ ਵੀ, ਜੋ ਕਿ ਅਸੰਗਠਿਤ ਖੇਤਰ ਦੇ ਮੰਨੇ ਜਾਂਦੇ ਹਨ। ਪਰ ਅਸੰਗਠਿਤ ਖੇਤਰ ਦਾ ਵੱਡਾ ਹਿੱਸਾ, ਜੋ ਕਿ ਭਾਰਤੀ ਆਰਥਿਕਤਾ ਦਾ ਪ੍ਰਮੁੱਖ ਹਿੱਸਾ ਮੰਨਿਆ ਜਾਂਦਾ ਹੈ ਅਤੇ ਜਿਸ ਵਿੱਚ 84 ਪ੍ਰਤਿਸ਼ਤ ਕੰਮਕਾਜੀ ਸ਼ਕਤੀ ਸ਼ਾਮਿਲ ਹੈ, ਵਿਸਤ੍ਰਿਤ ਸਮਾਜਿਕ ਸੁਰੱਖਿਆ ਸਕੀਮ ਦੇ ਦਾਇਰੇ ਤੋਂ ਬਾਹਰ ਹੀ ਰਹਿ ਜਾਂਦਾ ਹੈ।

## ਭਾਰਤ ਵਿੱਚ ਅਸੰਗਠਿਤ ਖੇਤਰ

ਐੱਨ ਐੱਸ ਐੱਸ ਓ ਵਲੋਂ ਲਗਾਏ ਗਏ ਅਨੁਮਾਨ ਅਨੁਸਾਰ ਲਗਭਗ 84 ਪ੍ਰਤਿਸ਼ਤ ਕਾਮੇ ਅਸੰਗਠਿਤ ਖੇਤਰ ਵਿੱਚ ਜਾਂ ਗ਼ੈਰ-ਰਸਮੀ ਖੇਤਰ ਵਿੱਚ ਆਉਂਦੇ ਹਨ ਅਤੇ 90 ਪ੍ਰਤਿਸ਼ਤ ਤੋਂ ਵੱਧ ਕਾਮੇ ਗ਼ੈਰ ਰਸਮੀ ਰੋਜ਼ਗਾਰ (ਸੰਗਠਤ ਅਤੇ ਅਸੰਗਠਿਤ ਖੇਤਰ ਨੂੰ ਇਕੱਠੇ ਲੈ ਕੇ) ਹੀ ਕਰਦੇ ਹਨ। ਭਾਰਤ ਵਿੱਚ ਅਸੰਗਠਿਤ ਖੇਤਰ ਅਤੇ ਕੰਮ ਦੀਆਂ ਹਾਲਤਾਂ ਬਾਰੇ 2011-12 ਦੀ ਐੱਨ ਐੱਸ ਐੱਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦਿਹਾਤੀ ਖੇਤਰਾਂ ਵਿੱਚ ਗ਼ੈਰ ਰਸਮੀ ਖੇਤਰ ਵਿੱਚ ਸਵੈ-ਰੋਜ਼ਗਾਰ ਕਰਨ ਵਾਲਿਆਂ ਦਾ 97 ਪ੍ਰਤਿਸ਼ਤ,





ਆਰਜ਼ੀ ਮਜ਼ਦੂਰਾਂ ਦਾ 78 ਪ੍ਰਤਿਸ਼ਤ ਅਤੇ ਰੈਗੂਲਰ ਤਨਖ਼ਾਹ ਲੈਣ ਵਾਲਿਆਂ ਦਾ 42 ਪ੍ਰਤਿਸ਼ਤ ਗ਼ੈਰ ਰਸਮੀ ਖੇਤਰ ਵਿੱਚ ਕੰਮ ਕਰਦਾ ਹੈ ਜਦ ਕਿ ਸ਼ਹਿਰੀ ਖੇਤਰਾਂ ਵਿੱਚ ਸਵੈ-ਰੋਜ਼ਗਾਰ ਵਾਲਿਆਂ ਦਾ 98 ਪ੍ਰਤਿਸ਼ਤ, ਆਰਜ਼ੀ ਮਜ਼ਦੂਰਾਂ ਦਾ 81 ਪ੍ਰਤਿਸ਼ਤ ਅਤੇ ਰੈਗੂਲਰ ਕਾਮਿਆਂ ਦਾ 40 ਪ੍ਰਤਿਸ਼ਤ ਅਸੰਗਠਿਤ ਖੇਤਰ ਵਿੱਚ ਲੱਗਾ ਹੋਇਆ ਹੈ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲਿਆਂ ਵਿੱਚ 75 ਪ੍ਰਤਿਸ਼ਤ ਦਿਹਾਤੀ ਖੇਤਰ ਦੇ ਅਤੇ 70 ਪ੍ਰਤਿਸ਼ਤ ਸ਼ਹਿਰੀ ਖੇਤਰ ਦੇ ਕਾਮੇ ਛੋਟੇ ਅਦਾਰਿਆਂ ਵਿੱਚ ਤਾਇਨਾਤ ਹਨ। ਖੇਤੀ ਅਤੇ ਗ਼ੈਰ-ਖੇਤੀ ਖੇਤਰ ਦੇ 79 ਪ੍ਰਤਿਸ਼ਤ ਕਾਮਿਆਂ ਕੋਲ ਕੋਈ ਲਿਖਤੀ ਨੌਕਰੀ ਸਮਝੌਤਾ ਨਹੀਂ ਹੈ ਅਤੇ ਇਨ੍ਹਾਂ ਖੇਤਰਾਂ ਦੇ 42 ਪ੍ਰਤਿਸ਼ਤ ਕਾਮੇ ਆਰਜ਼ੀ ਤੌਰ ਤੇ ਕੰਮ ਕਰਦੇ ਹਨ – ਆਰਜ਼ੀ ਕਾਮਿਆਂ ਦਾ ਅਨੁਪਾਤ 60 ਪ੍ਰਤਿਸ਼ਤ ਅਤੇ ਪੱਕੇ ਕਾਮਿਆਂ ਦਾ 28 ਪ੍ਰਤਿਸ਼ਤ ਹੈ। ਖੇਤੀ ਅਤੇ ਗ਼ੈਰ ਖੇਤੀ ਖੇਤਰਾਂ ਦੇ 72 ਪ੍ਰਤਿਸ਼ਤ ਕਾਮੇ ਕਿਸੇ ਸਮਾਜਿਕ ਸੁਰੱਖਿਆ ਲਾਭ ਦੇ ਹੱਕਦਾਰ ਨਹੀਂ ਹਨ ਜਦ ਕਿ ਆਰਜ਼ੀ ਕਾਮਿਆਂ ਵਿੱਚ ਇਹ ਪ੍ਰਤਿਸ਼ਤ 93 ਪ੍ਰਤਿਸ਼ਤ ਅਤੇ ਤਨਖ਼ਾਹਦਾਰ ਕਾਮਿਆਂ ਵਿੱਚ 56 ਪ੍ਰਤਿਸ਼ਤ ਹੈ। ਮੋਟੇ ਤੌਰ ਤੇ ਕਿਹਾ ਜਾਵੇ ਤਾਂ ਅਸੰਗਠਿਤ ਖੇਤਰ ਦੇ ਕਾਮੇ ਉਹ ਹਨ ਜਿਨ੍ਹਾਂ ਕੋਲ ਸੰਗਠਿਤ ਖੇਤਰ ਵਿੱਚ ਪੱਕਾ ਰੋਜ਼ਗਾਰ ਨਹੀਂ ਹੈ ਅਤੇ ਉਹ ਘਰੇਲੂ, ਸਵੈ-ਰੋਜ਼ਗਾਰ ਦੇ ਕੰਮਾਂ ਵਿੱਚ ਜਾਂ ਦਿਹਾੜੀ ਉਤੇ ਲੱਗਦੇ ਹਨ।

ਸਮਾਜਿਕ ਅਤੇ ਆਰਥਿਕ ਤੌਰ ਤੇ ਸਮਾਜ ਦੇ ਘੱਟ ਸਹੂਲਤਾਂ ਪ੍ਰਾਪਤ ਵਰਗ ਦੇ ਕਾਮਿਆਂ ਦਾ ਇਕ ਵੱਡਾ ਹਿੱਸਾ ਗ਼ੈਰ ਰਸਮੀ ਆਰਥਿਕ ਸਰਗਰਮੀਆਂ ਵਿੱਚ ਲੱਗਾ ਹੋਇਆ ਹੈ।

**ਭਾਰਤੀ ਆਰਥਿਕਤਾ ਦਾ ਪਿਛਲੇ ਦੋ ਸਾਲ ਵਿੱਚ ਜੋ ਉੱਚ ਵਿਕਾਸ ਹੋਇਆ ਹੈ ਉਸ ਦੇ ਨਾਲ ਹੀ ਗ਼ੈਰ ਰਸਮੀਪਨ ਵੀ ਵਧਿਆ ਹੈ। ਰਸਮੀ ਅਤੇ ਗ਼ੈਰ ਰਸਮੀ ਆਰਥਿਕ ਸਰਗਰਮੀਆਂ ਵਿੱਚ ਵਧ ਰਹੇ ਅੰਤਰ ਸੰਬੰਧਾਂ ਦੇ ਸੰਕੇਤ ਮਿਲੇ ਹਨ। ਗ਼ੈਰ ਰਸਮੀ ਆਰਥਿਕਤਾ ਵਿੱਚ ਰੋਜ਼ਗਾਰ ਅਤੇ ਕਮਾਈ ਦੇ ਮਾਮਲੇ ਵਿੱਚ ਨਵੇਂ ਸ਼ਕਤੀਮਾਨ ਸਾਹਮਣੇ ਆਏ ਹਨ। ਤੇਜ਼ ਅਤੇ ਸੰਮਿਲਤ ਵਿਕਾਸ ਲਈ ਗ਼ੈਰ ਰਸਮੀ ਆਰਥਿਕਤਾ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।**

ਵਿਕਾਸ ਦੇ ਉੱਚ ਪੱਧਰ ਨੂੰ ਕਾਇਮ ਰੱਖਣ ਲਈ ਗ਼ੈਰ ਰਸਮੀ ਆਰਥਿਕਤਾ ਵੱਲ ਧਿਆਨ ਦੇਣ ਅਤੇ ਕਰਜ਼ੇ, ਨਿਪੁੰਨਤਾ ਤਕਨਾਲੋਜੀ, ਮਾਰਕੀਟਿੰਗ ਅਤੇ ਢਾਂਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਇਸ ਖੇਤਰ ਵਿੱਚ ਬਹੁ-ਗਿਣਤੀ ਕਾਮੇ ਸਮਾਜਿਕ ਸੁਰੱਖਿਆ ਛਤਰੀ ਤੋਂ ਵਾਂਝੇ ਹਨ। ਰਸਮੀ ਸਮਾਜਿਕ ਸੁਰੱਖਿਆ ਛਤਰੀ ਦੀ ਕਮੀ ਹੈ ਭਾਵ ਕਿ ਅੰਸ਼ਦਾਨ ਆਧਾਰਿਤ ਸਮਾਜਿਕ ਬੀਮਾ ਸਕੀਮ ਜਾਂ ਟੈਕਸ/ਸੈੱਸ ਆਧਾਰਿਤ ਸਮਾਜਿਕ ਸੁਰੱਖਿਆ ਲਾਭਾਂ ਦੀ ਕਮੀ ਹੈ। ਇਹ ਮੌਜੂਦਾ ਸਮਾਜਿਕ ਸੁਰੱਖਿਆ ਢਾਂਚੇ ਲਈ, ਜੋ ਕਿ ਪਿਛਲੀ ਸਦੀ ਵਿੱਚ ਆਰੰਭਿਆ ਗਿਆ ਸੀ, ਇਕ ਵੱਡੀ ਚੁਨੌਤੀ ਹੈ।

ਸੰਗਠਿਤ ਖੇਤਰ ਵਿੱਚ ਕੰਮ ਕਰਦੇ ਕਾਮੇ, ਜੋ ਕਿ ਕੁੱਲ ਕੰਮਕਾਜੀ ਲੋਕਾਂ ਦਾ ਲਗਭਗ 7 ਪ੍ਰਤਿਸ਼ਤ ਬਣਦੇ ਹਨ, ਉਹ ਵੱਖ-ਵੱਖ ਕਾਨੂੰਨਾਂ ਅਧੀਨ ਆਉਂਦੇ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਹਾਸਲ ਹੈ। ਇਨ੍ਹਾਂ ਕਾਮਿਆਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਮੁੱਖ ਕਾਨੂੰਨ ਹਨ – ਇੰਪਲਾਈਜ਼ ਸਟੇਟ ਇੰਸ਼ੋਰੈਂਸ ਐਕਟ, 1948 ਅਤੇ ਇੰਪਲਾਈਜ਼ ਪ੍ਰਾਵੀਡੈਂਟ ਫੰਡ ਐਂਡ ਮਿਸਲੇਨੀਅਸ ਪ੍ਰੋਵੀਜ਼ਨ ਐਕਟ, 1952 ਆਦਿ। ਇਹ ਦੋਵੇਂ ਕਾਨੂੰਨ ਕਾਮਿਆਂ ਲਈ ਮੈਡੀਕਲ ਸਿਹਤ ਬੀਮਾ ਅਤੇ ਪ੍ਰਾਵੀਡੈਂਟ ਫੰਡ ਅਤੇ ਪੈਨਸ਼ਨ ਦਾ ਪ੍ਰਬੰਧ ਕਰਦੇ ਹਨ। ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲਿਆਂ ਵਿੱਚੋਂ ਲਗਭਗ 472.9 ਮਿਲੀਅਨ ਨੂੰ ਨੌਕਰੀ ਦੀ ਸੁਰੱਖਿਆ, ਤਨਖ਼ਾਹ, ਕੰਮਕਾਜੀ ਹਾਲਤਾਂ, ਸਮਾਜਿਕ ਸੁਰੱਖਿਆ ਅਤੇ ਭਲਾਈ ਵੱਖ-ਵੱਖ ਕਾਰਨਾਂ ਕਰਕੇ ਹਾਸਲ ਨਹੀਂ ਹੁੰਦੀ। ਇਨ੍ਹਾਂ ਕਾਰਨਾਂ ਵਿੱਚ ਆਰਜ਼ੀ ਅਤੇ ਮੌਸਮੀ ਰੋਜ਼ਗਾਰ, ਵੱਖ-ਵੱਖ ਥਾਂ ਉਤੇ ਫੈਲੀਆਂ ਕੰਮ ਦੀਆਂ ਥਾਵਾਂ, ਮਾੜੇ ਕੰਮਕਾਜੀ ਹਾਲਾਤ, ਮਾਲਕ ਕਿਰਤੀ ਸੰਬੰਧਾਂ ਦੀ ਅਣਹੋਂਦ, ਲੰਬੇ ਕੰਮਕਾਜੀ ਘੰਟੇ, ਕਰਜ਼ੇ ਤੱਕ ਸੀਮਿਤ ਪਹੁੰਚ, ਕਾਨੂੰਨੀ ਸੁਰੱਖਿਆ, ਸਮਾਜਿਕ ਸੁਰੱਖਿਆ ਅਤੇ ਸਰਕਾਰੀ ਮਦਦ ਦੀ ਕਮੀ ਆਦਿ ਸ਼ਾਮਲ ਹਨ।

ਅਸੰਗਠਿਤ ਖੇਤਰ ਵਿੱਚ ਉੱਦਮਾਂ ਬਾਰੇ ਰਾਸ਼ਟਰੀ ਕਮਿਸ਼ਨ (ਐੱਨ ਸੀ ਈ ਯੂ ਐੱਸ) ਦੀ ਦਲੀਲ ਹੈ ਕਿ ਇਹ ਅਸੰਗਠਿਤ ਕਾਮੇ ਤਿੰਨ ਤਰ੍ਹਾਂ ਦੀ ਸਮਾਜਿਕ ਸੁਰੱਖਿਆ ਹਾਸਲ ਨਹੀਂ ਕਰਦੇ – ਰੋਜ਼ਗਾਰ ਦੀ ਸੁਰੱਖਿਆ (ਕਿਸੇ ਵੇਲੇ ਕੀ ਕੱਢੇ ਜਾਣ ਵਿਰੁੱਧ ਸੁਰੱਖਿਆ), ਕੰਮ ਦੀ ਸੁਰੱਖਿਆ (ਕੰਮ ਵਾਲੀ ਥਾਂ ਉੱਤੇ ਹਾਦਸਿਆਂ ਅਤੇ ਸਿਹਤ



ਜੋਖ਼ਮਾਂ ਤੋਂ ਕੋਈ ਸੁਰੱਖਿਆ ਨਹੀਂ) ਅਤੇ ਸਮਾਜਿਕ ਸੁਰੱਖਿਆ (ਸਿਹਤ ਲਾਭ, ਪੈਨਸ਼ਨ ਅਤੇ ਜਣੇਪਾ ਲਾਭ)। ਸਮਾਜਿਕ ਸੁਰੱਖਿਆ ਅਸੰਗਠਿਤ ਖੇਤਰਾਂ ਤੱਕ ਪਹੁੰਚਾਉਣ ਅਤੇ ਲੰਮੀ ਮਿਆਦ ਦੇ ਅੰਕੜਿਆਂ ਸੰਬੰਧੀ ਰੁਝਾਨਾਂ ਨੂੰ ਸਾਹਮਣੇ ਰੱਖਦੇ ਹੋਏ ਸੰਕੇਤ ਮਿਲਦਾ ਹੈ ਕਿ ਬਜ਼ੁਰਗਾਂ ਦੀ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਅਸੰਗਠਿਤ ਖੇਤਰ ਵਿੱਚ ਕੋਈ ਸੁਧਾਰ ਨਹੀਂ ਹੋ ਰਿਹਾ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਨੇ ਇਕ ਬੇਮਿਸਾਲ ਅਸੰਗਠਿਤ ਕਾਮਾ ਸਮਾਜਿਕ ਸੁਰੱਖਿਆ ਕਾਨੂੰਨ (ਯੂ ਡਬਲਿਯੂ ਐੱਸ ਐੱਸ ਏ) 2008 ਵਿੱਚ ਪਾਸ ਕੀਤਾ।

**ਇਸ ਕਾਨੂੰਨ ਦਾ ਉਦੇਸ਼ ਭਾਰਤ ਦੇ ਅਸੰਗਠਿਤ ਕੰਮਕਾਜੀਆਂ ਨੂੰ ਘੱਟੋ-ਘੱਟ ਪੱਧਰ ਦੀ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ ਹੈ ਜਿਸ ਨਾਲ ਕਿ ਉਹ ਆਮਦਨ ਅਤੇ ਸਿਹਤ ਸੰਬੰਧੀ ਝਟਕਿਆਂ ਦਾ ਮੁਕਾਬਲਾ ਕਰ ਸਕਣ, ਗਰੀਬੀ ਤੋਂ ਬਚੇ ਰਹਿਣ ਅਤੇ ਉਨ੍ਹਾਂ ਨੂੰ ਇਕ ਸਨਮਾਨ ਯੋਗ ਜ਼ਿੰਦਗੀ ਜਿਊਣ ਦਾ ਮੌਕਾ ਮਿਲੇ।**

ਭਾਵੇਂ ਕਿ ਇਸ ਕਾਨੂੰਨ ਨੂੰ ਅਧਿਕਾਰ ਆਧਾਰਿਤ ਦਸਤਾਵੇਜ਼ ਮੰਨਿਆ ਗਿਆ ਹੈ ਪਰ ਇਸ ਨੂੰ ਲਾਗੂ ਕਰਨ ਲਈ ਢਾਂਚਾ ਅਤੇ ਇਸ ਦੇ ਲਈ ਪੈਸੇ ਦਾ ਪ੍ਰਬੰਧ ਮੁਸ਼ਕਿਲ ਨਾਲ ਕੀਤਾ ਜਾ ਰਿਹਾ ਹੈ। ਇਸ ਕਾਨੂੰਨ ਵਿੱਚ ਸਿਰਫ ਰਾਸ਼ਟਰੀ ਅਤੇ ਸੂਬਾ ਪੱਧਰੀ ਸਮਾਜਿਕ ਸੁਰੱਖਿਆ ਬੋਰਡ ਕਾਇਮ ਕਰਨ ਦਾ ਪ੍ਰਬੰਧ ਹੈ ਜੋ ਕਿ ਸਿਰਫ ਸਲਾਹਕਾਰੀ ਫਰਜ਼ ਹੀ ਨਿਭਾਉਂਦੇ ਹਨ।

## ਅਸੰਗਠਿਤ ਖੇਤਰ ਲਈ ਸਮਾਜਿਕ ਸੁਰੱਖਿਆ

ਇਸ ਵੇਲੇ ਦੇਸ਼ ਦਾ ਸਮਾਜਿਕ ਸੁਰੱਖਿਆ ਢਾਂਚਾ ਦੋ ਪੱਧਰਾਂ ਉਤੇ ਕੰਮ ਕਰ ਰਿਹਾ ਹੈ। ਪਹਿਲੇ ਪੱਧਰ ਉਤੇ ਵਿਸ਼ਵ ਪੱਧਰੀ ਪ੍ਰੋਗਰਾਮ ਅਤੇ ਮੁੱਢਲੇ ਸਮਾਜਿਕ/ਮਨੁੱਖੀ ਵਿਕਾਸ ਲਈ ਸਕੀਮਾਂ ਹਨ ਜਿਵੇਂ ਕਿ ਸਾਖਰਤਾ ਮਿਸ਼ਨ, ਸਕੂਲੀ ਪੜ੍ਹਾਈ ਮੁਹੱਈਆ ਕਰਵਾਉਣ ਦਾ ਪ੍ਰਬੰਧ, ਸਿਹਤ ਸੰਭਾਲ ਸੇਵਾਵਾਂ, ਪੀਣ ਵਾਲਾ ਪਾਣੀ ਅਤੇ ਸਫਾਈ ਅਤੇ ਤਕਨੀਕੀ ਸਿਖਲਾਈ ਆਦਿ। ਦੂਜੇ ਪੱਧਰ ਉੱਤੇ ਸਮਾਜਿਕ/ਮਨੁੱਖੀ ਵਿਕਾਸ ਸਕੀਮਾਂ ਹਨ ਜੋ ਕਿ ਸ਼ਹਿਰੀਆਂ ਨੂੰ ਸਮਾਜਿਕ, ਆਰਥਿਕ ਸੁਰੱਖਿਆ ਉਨ੍ਹਾਂ ਦੇ ਕੰਮਕਾਜੀ ਦਰਜੇ ਵੱਲ ਧਿਆਨ ਦਿੱਤੇ ਬਿਨਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਕਿ ਉਨ੍ਹਾਂ ਦੀਆਂ ਸੁਰੱਖਿਆ ਦੀਆਂ ਲੋੜਾਂ ਪੂਰੀਆਂ ਹੋ ਸਕਣ। ਇਨ੍ਹਾਂ ਸਕੀਮਾਂ ਵਿੱਚ ਆਈ ਸੀ ਡੀ ਐੱਸ, ਪੀ ਡੀ ਐੱਸ, ਐੱਨ ਐੱਸ ਏ ਪੀ, ਐੱਮ ਜੀ ਐੱਨ ਆਰ ਈ ਜੀ ਏ ਆਦਿ।

ਭਾਵੇਂ ਕਿ ਊਣਤਾਈਆਂ ਨਾਲ ਸੰਬੰਧਿਤ ਸਮਾਜਿਕ ਸੁਰੱਖਿਆ ਲਈ ਕਈ ਸਕੀਮਾਂ ਅਤੇ ਭਲਾਈ ਪ੍ਰੋਗਰਾਮ ਹਨ ਪਰ ਕਾਫੀ ਵਿਕਾਸਸ਼ੀਲ ਦੇਸ਼ਾਂ ਵਾਂਗ ਹੰਗਾਮੀ ਸਥਿਤੀਆਂ ਨਾਲ ਨਜਿੱਠਣ ਲਈ ਸਮਾਜਿਕ ਸੁਰੱਖਿਆ ਕਦਮ ਮੌਜੂਦ ਨਹੀਂ ਹਨ, ਜਿਵੇਂ ਕਿ ਖਰਾਬ ਸਿਹਤ ਲਈ ਸਮਾਜਿਕ ਸੁਰੱਖਿਆ ਦੀ ਅਣਹੋਂਦ, ਹਾਦਸੇ/ਮੌਤ ਅਤੇ ਬੁਢਾਪੇ ਦੇ ਲਾਭ ਅਸੰਗਠਿਤ ਖੇਤਰ ਵਿੱਚ ਮੁਲਾਜ਼ਮਾਂ ਨੂੰ ਪ੍ਰਦਾਨ ਨਾ ਕੀਤੇ ਜਾਣਾ। ਭਾਰਤ ਵਿੱਚ ਹੰਗਾਮੀ ਸਥਿਤੀਆਂ ਅਤੇ ਹਾਦਸਿਆਂ ਵਿੱਚ ਮੌਤ (ਜਿਵੇਂ ਕਿ ਸਿਹਤ, ਹਾਦਸੇ, ਮੌਤ ਅਤੇ ਬੁਢਾਪਾ) ਸੰਬੰਧੀ ਜੋ ਸਮਾਜਿਕ ਸੁਰੱਖਿਆ/ਭਲਾਈ ਪ੍ਰਬੰਧ ਹਨ ਅਤੇ ਜਿਨ੍ਹਾਂ ਨੂੰ ਵਿਧਾਨਕ ਸੁਰੱਖਿਆ ਹਾਸਲ ਹੈ ਉਹ ਸਿਰਫ ਸੰਗਠਿਤ ਖੇਤਰ ਦੇ ਕਾਮਿਆਂ ਲਈ ਹੀ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਅਸੰਗਠਿਤ ਖੇਤਰ ਦੇ ਕਾਮਿਆਂ ਨੂੰ ਮੁਸ਼ਕਿਲ ਸਮੇਂ ਨਾਲ ਨਜਿੱਠਣ ਲਈ ਸਮਾਜਿਕ ਬੀਮੇ ਦੀ ਸਹੂਲਤ ਪ੍ਰਦਾਨ ਕੀਤੀ ਜਾਵੇ। ਅਜਿਹਾ ਇਸ ਤੱਥ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਣਾ ਚਾਹੀਦਾ ਹੈ ਕਿ ਭਾਵੇਂ ਗਰੀਬਾਂ ਦਾ ਅਨੁਪਾਤ ਘਟ ਰਿਹਾ ਹੈ ਪਰ ਇਹ ਤੱਤ ਮੌਜੂਦ ਹੈ ਕਿ ਵਧੇਰੇ ਗਰੀਬ ਅਸੰਗਠਿਤ ਖੇਤਰ ਵਿੱਚ ਹੀ ਕੰਮ ਕਰਦੇ ਹਨ। ਇਸ ਤੋਂ ਇਲਾਵਾ ਸਮਾਜਿਕ ਸੁਰੱਖਿਆ ਦੀ ਕਮੀ ਉਤਪਾਦਕਤਾ ਘਟਾਉਂਦੀ ਹੈ। ਸਿਰਫ ਇੰਨਾ ਹੀ ਨਹੀਂ ਸਿਹਤ ਸਹੂਲਤਾਂ ਦੀ ਕਮੀ ਵੀ ਬੀਮਾਰੀ ਕਾਰਨ ਕਾਮਿਆਂ ਦੀ ਉਤਪਾਦਕਤਾ ਘਟਾਉਂਦੀ ਹੈ। ਇਹ ਬੀਮਾਰੀ ਉੱਤੇ ਖਰਚ ਹੋਣ ਵਾਲੀ ਰਕਮ ਕਾਰਨ ਘਰੇਲੂ ਕਰਜ਼ੇ ਵਧਾਉਂਦੀ ਹੈ ਇਸ ਲਈ ਸੰਮਿਲਤ ਵਿਕਾਸ ਦਾ ਤਦ ਤੱਕ ਕੋਈ ਅਰਥ ਨਹੀਂ ਜਦ ਤੱਕ ਕਿ ਅਸੰਗਠਿਤ ਕਾਮਿਆਂ ਨੂੰ ਘੱਟੋ-ਘੱਟ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾਂਦੀ।

ਇਸ ਤੋਂ ਇਲਾਵਾ ਦੇਸ਼ ਵਿੱਚ ਮੌਜੂਦਾ ਸਮਾਜਿਕ ਸੁਰੱਖਿਆ ਪ੍ਰਸ਼ਾਸਨ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਕਿ (ੳ) ਨੀਤੀਆਂ, ਸਕੀਮਾਂ ਅਤੇ ਏਜੰਸੀਆਂ ਦੀ ਬਹੁਤਾਤ, (ਅ) ਮਾੜੀ ਪਹੁੰਚ, (ੲ) ਨਾਕਾਫੀ ਲਾਭ, (ਸ) ਵਿਖੰਡਨ, (ਹ) ਲਾਗੂ ਕਰਨ (ਅਤੇ ਚੋਣ ਕਰਨ) ਦੀ ਘਟੀਆ ਕੁਆਲਿਟੀ, (ਕ) ਉੱਚੀ ਲਾਗਤ ਅਤੇ (ਖ) ਵੱਡੇ ਹਿੱਸਿਆਂ, ਖ਼ਾਸ ਤੌਰ ਤੇ ਅਸੰਗਠਿਤ ਖੇਤਰ ਦੇ ਕਾਮਿਆਂ ਨੂੰ ਬਾਹਰ ਰੱਖਣਾ।

ਉੱਪਰ ਦਿੱਤੇ ਤੱਥਾਂ ਦਾ ਧਿਆਨ ਰੱਖਦੇ ਹੋਏ


ਕਿਰਤ ਅਤੇ ਰੋਜ਼ਗਾਰ ਮੰਤਰਾਲਾ ਨੇ ਕਿਰਤ ਬਾਰੇ ਦੂਸਰੇ ਰਾਸ਼ਟਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜਿਕ ਸੁਰੱਖਿਆ ਅਤੇ ਭਲਾਈ ਬਾਰੇ ਕੇਂਦਰੀ ਕਿਰਤ ਕਾਨੂੰਨਾਂ ਨੂੰ ਸਰਲ ਅਤੇ ਦਲੀਲਪੂਰਨ ਬਣਾਉਣ ਲਈ ਕਦਮ ਚੁੱਕੇ ਹਨ ਅਤੇ ਉਨ੍ਹਾਂ ਦੀ ਥਾਂ ਸਮਾਜਿਕ ਸੁਰੱਖਿਆ ਅਤੇ ਭਲਾਈ ਕੋਡ ਲਿਆਂਦਾ ਜਾ ਰਿਹਾ ਹੈ। ਇਸ ਅਧੀਨ ਸਮਾਜਿਕ ਸੁਰੱਖਿਆ ਨਾਲ ਸੰਬੰਧਿਤ ਸਾਰੇ ਕਿਰਤ ਕਾਨੂੰਨਾਂ ਨੂੰ ਇਕੱਠਾ ਕਰਨ (ਕੁੱਲ15 ਕਿਰਤ ਕਾਨੂੰਨਾਂ ਜਿਵੇਂ ਕਿ ਈ ਪੀ ਐੱਫ ਕਾਨੂੰਨ, ਈ ਐੱਸ ਆਈ ਕਾਨੂੰਨ, ਜਣੇਪਾ ਲਾਭ ਕਾਨੂੰਨ, ਗਰੈਚੁਟੀ ਭੁਗਤਾਨ ਕਾਨੂੰਨ, ਮੁਲਾਜ਼ਮ ਮੁਆਵਜ਼ਾ ਕਾਨੂੰਨ, ਅਸੰਗਠਿਤ ਸਮਾਜਿਕ ਸੁਰੱਖਿਆ ਕਾਨੂੰਨ ਅਤੇ ਵੱਖ-ਵੱਖ ਭਲਾਈ ਸੈੱਸ/ਫੰਡ ਕਾਨੂੰਨ) ਦੀ ਕਾਰਵਾਈ ਕੀਤੀ ਹੈ।



ਇਸ ਕੋਡ ਵਿੱਚ ਤਿੰਨ ਪੜਾਵੀ ਸਮਾਜਿਕ ਸੁਰੱਖਿਆ ਪ੍ਰਸ਼ਾਸਨ ਢਾਂਚੇ ਦਾ ਪ੍ਰਸਤਾਵ ਹੈ ਜਿਸ ਵਿੱਚ ਤਿੰਨ ਧਿਰੀ ਨੁਮਾਇੰਦਗੀ ਹੋਵੇਗੀ – (ੳ) ਰਾਸ਼ਟਰੀ ਸਮਾਜਿਕ ਸੁਰੱਖਿਆ ਕੌਂਸਲ, ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਕਰਨਗੇ (ਅ) ਕੇਂਦਰੀ ਪੱਧਰ ਉਤੇ ਸਮਾਜਿਕ ਸੁਰੱਖਿਆ ਬਾਰੇ ਕੇਂਦਰੀ ਬੋਰਡ ਅਤੇ (ੲ) ਰਾਜ/ਕੇਂਦਰੀ ਸ਼ਾਸਤ ਪ੍ਰਦੇਸ਼ ਪੱਧਰ ਉੱਤੇ ਸਮਾਜਿਕ ਸੁਰੱਖਿਆ ਬਾਰੇ ਸੂਬਾਈ ਬੋਰਡ। ਇਹ ਪ੍ਰਸ਼ਾਸਨ ਸਮਾਜਿਕ ਸੁਰੱਖਿਆ ਢਾਂਚੇ ਨੂੰ ਲਾਗੂ ਕਰੇਗਾ। ਸਥਾਨਕ ਸੰਸਥਾਵਾਂ (ਪੰਚਾਇਤਾਂ/ਸ਼ਹਿਰੀ ਸਥਾਨਕ ਸੰਸਥਾਵਾਂ) ਦਾ ਕੰਮ ਪੰਜੀਕਰਨ ਕਰਨਾ ਅਤੇ ਸਹੂਲਤ ਪ੍ਰਦਾਨ ਕਰਨਾ ਹੋਵੇਗਾ ਅਤੇ ਇਸ ਨੂੰ ਪ੍ਰਤਿ ਪਰਤ ਵੀ ਕਿਹਾ ਜਾ ਸਕਦਾ ਹੈ। ਸਾਰੇ ਕਾਮਿਆਂ ਲਈ ਇਕ ਯੂਨੀਕ ਅਧਾਰ ਆਧਾਰਿਤ ਪੰਜੀਕਰਨ ਪ੍ਰਣਾਲੀ (ਲਾਜ਼ਮੀ ਪੰਜੀਕਰਨ) ਹੋਵੇਗੀ ਅਤੇ ਇਕ ਕਿਤੇ ਵੀ ਲਿਜਾਉਣ ਯੋਗ ਸਮਾਜਿਕ ਸੁਰੱਖਿਆ ਖਾਤਾ ਜਿਸ ਨੂੰ ਵਿਸ਼ਵਕਰਮਾ ਕਾਰਮਿਕ ਸੁਰਕਸ਼ਾ ਖਾਤਾ (ਵਿਕਾਸ) ਕਿਹਾ ਜਾਵੇਗਾ, ਸਭ ਕਾਮਿਆਂ ਲਈ ਖੋਲ੍ਹਿਆ ਜਾਵੇਗਾ। ਇਸ ਨੂੰ ਮੁਲਾਜ਼ਮ ਦੇ ਆਧਾਰ ਨੰਬਰ ਨਾਲ ਜੋੜਿਆ ਜਾਵੇਗਾ ਅਤੇ ਇਸ ਅਧੀਨ ਖ਼ਿਆਲ ਰੱਖਿਆ ਜਾਵੇਗਾ ਕਿ ਜੋ ਅੰਸ਼ਦਾਨ ਜਮ੍ਹਾਂ ਹੋਇਆ ਹੈ ਉਹ ਮੁਲਾਜ਼ਮ ਦੇ ਇਕ ਰਾਜ ਤੋਂ ਦੂਜੇ ਰਾਜ ਵਿੱਚ ਚਲੇ ਜਾਣ ਉਤੇ ਉਸ ਦੇ ਖਾਤੇ ਵਿੱਚ ਤਬਦੀਲ ਹੋ ਜਾਵੇ। ਇਹ ਨਵਾਂ ਸਮਾਜਿਕ ਸੁਰੱਖਿਆ ਢਾਂਚਾ ਸ਼ਹਿਰੀਆਂ ਲਈ ਇਕ ਸਦਭਾਵਨਾ ਭਰੀ ਕਾਰਵਾਈ ਹੀ ਨਹੀਂ ਹੋਵੇਗੀ ਸਗੋਂ ਦੇਸ਼ ਦੇ ਸਾਰੇ ਮੁਲਾਜ਼ਮਾਂ ਲਈ ਇਕ ਅਧਿਕਾਰ ਹੋਵੇਗਾ।

*(ਲੇਖਕ ਕੇਂਦਰੀ ਕਿਰਤ ਅਤੇ ਰੋਜ਼ਗਾਰ ਮੰਤਰਾਲਾ ਹੇਠਲੇ ਵੀ.ਵੀ. ਗਿਰੀ ਰਾਸ਼ਟਰੀ ਕਿਰਤ ਸੰਸਥਾ ਵਿੱਚ ਫੈਕਲਟੀ ਮੈਂਬਰ ਹਨ)*

*e-mail :rumaghosh.vvgnli@gov.in*



# ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ

ਜਤਿੰਦਰ ਸਿੰਘ

## ਜਾਣ ਪਛਾਣ

ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐੱਸ ਆਰ) ਸੰਗਠਨਾਂ ਨੂੰ ਭਾਈਚਾਰਿਆਂ ਦੇ ਹਿੱਤਾਂ ਦੀ ਰਾਖੀ ਲਈ ਉਤਸ਼ਾਹਿਤ ਕਰਦੀ ਹੈ। ਉਹ ਅਜਿਹਾ ਲੋਕਾਂ, ਗ੍ਰਹਿ ਅਤੇ ਮੁਨਾਫਿਆਂ ਉੱਤੇ ਪੈਣ ਵਾਲੇ ਪ੍ਰਭਾਵ ਦੀ ਜ਼ਿੰਮੇਵਾਰੀ ਲੈ ਕੇ ਕਰਦੀ ਹੈ। ਭਾਰਤ ਦੁਨੀਆਂ ਵਿੱਚ ਪਲੇਠਾ ਅਜਿਹਾ ਦੇਸ਼ ਬਣਿਆ ਹੈ ਜਿਸ ਵਿੱਚ ਇਸ ਲਈ ਵਿਧਾਨਿਕ ਸੀ ਐੱਸ ਆਰ ਪ੍ਰਬੰਧ ਹਨ। ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਨੇ ਸੀ ਐੱਸ ਆਰ ਬਾਰੇ 2009 ਵਿੱਚ ਸਵੈ-ਇੱਛੁਕ ਅਗਵਾਈ ਲੀਹਾਂ ਜਾਰੀ ਕੀਤੀਆਂ ਸਨ। ਇਹ ਅਗਵਾਈ ਲੀਹਾਂ 2013 ਦੇ ਕੰਪਨੀ ਕਾਨੂੰਨ ਦੀ ਧਾਰਾ 135 ਦੀ ਉਪ ਧਾਰਾ 1 ਅਧੀਨ ਦਰਜ ਹਨ। ਕੰਪਨੀਆਂ ਦੇ ਹੇਠ ਲਿਖੇ ਵਰਗਾਂ ਨੂੰ ਸੀ ਐੱਸ ਆਰ ਦੀਆਂ ਧਾਰਾਵਾਂ ਅਧੀਨ ਕੀਤੇ ਪ੍ਰਬੰਧਾਂ ਅਨੁਸਾਰ ਚੱਲਣਾ ਪੈਂਦਾ ਹੈ :

(ੳ) ਉਹ ਕੰਪਨੀਆਂ ਜਿਨ੍ਹਾਂ ਦੀ ਸਮੁੱਚੀ ਪੂੰਜੀ 500 ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ, ਜਾਂ

(ਅ) ਜਿਨ੍ਹਾਂ ਦੀ ਸਾਲਾਨਾ ਆਮਦਨ 1000 ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ, ਜਾਂ

(ੲ) ਜਿਨ੍ਹਾਂ ਦਾ ਕੁੱਲ ਮੁਨਾਫਾ 5 ਕਰੋੜ ਜਾਂ ਇਸ ਤੋਂ ਵੱਧ ਹੈ।

ਅਨੁਮਾਨਾਂ ਅਨੁਸਾਰ 8000 ਦੇ ਲਗਭਗ ਕੰਪਨੀਆਂ ਇਸ ਕਾਨੂੰਨ ਰਾਹੀਂ ਸੀ ਐੱਸ ਆਰ ਧਾਰਾਵਾਂ ਅਧੀਨ ਆਈਆਂ ਹਨ। ਕਾਨੂੰਨ ਵਿੱਚ ਕਿਹਾ ਗਿਆ ਹੈ ਕਿ ਕੰਪਨੀਆਂ ਵਲੋਂ ਆਪਣੇ ਔਸਤ ਮੁਨਾਫੇ ਦਾ ਘੱਟੋ-ਘੱਟ 2.5 ਪ੍ਰਤਿਸ਼ਤ ਸੀ ਐੱਸ ਆਰ ਦੀਆਂ ਪਿਛਲੇ ਤਿੰਨ ਸਾਲ ਦੀਆਂ ਸਰਗਰਮੀਆਂ ਵਿੱਚ ਖਰਚ ਕਰਨਾ ਚਾਹੀਦਾ ਹੈ। ਇਸ ਦਾ ਭਾਵ ਇਹ ਹੈ ਕਿ ਅਨੁਮਾਨਤ 10,000 ਕਰੋੜ ਰੁਪਏ ਤੋਂ 12,000 ਕਰੋੜ ਰੁਪਏ ਸਾਲਾਨਾ ਇਸ ਕੰਮ ਉੱਤੇ ਖਰਚ ਹੋਣਾ ਚਾਹੀਦਾ ਹੈ। ਕੁੱਲ ਘਰੇਲੂ ਉਤਪਾਦ ਵਿੱਚ ਵਾਧੇ ਨਾਲ ਅਤੇ ਨਤੀਜੇ ਵਜੋਂ ਮੁਨਾਫੇ ਵਿੱਚ ਵਾਧੇ ਨਾਲ ਇਸ ਲਾਜ਼ਮੀ ਖਰਚੇ ਨਾਲ ਵਾਈ-ਓ-ਵਾਈ ਅਧਾਰ ਵਧ ਜਾਂਦਾ ਹੈ। ਕਾਨੂੰਨ ਦੀ ਧਾਰਾ 135 ਅਨੁਸਾਰ ਕੰਪਨੀ, ਬੋਰਡ ਦੀ ਸੀ ਐੱਸ ਆਰ ਕਮੇਟੀ ਕਾਇਮ ਕਰੇਗੀ ਜਿਸ ਵਿੱਚ ਤਿੰਨ ਜਾਂ ਇਸ ਤੋਂ ਵੱਧ ਡਾਇਰੈਕਟਰ ਹੋਣਗੇ, ਜਿਨ੍ਹਾਂ ਵਿੱਚੋਂ ਇਕ ਡਾਇਰੈਕਟਰ ਆਜ਼ਾਦ ਹੋਵੇਗਾ। ਕਮੇਟੀ ਨੀਤੀ ਬਣਾਵੇਗੀ ਜਿਸ ਵਿੱਚ ਸੀ ਐੱਸ ਆਰ ਸਰਗਰਮੀਆਂ ਵੀ ਸ਼ਾਮਿਲ ਹੋਣਗੀਆਂ, ਜਿਵੇਂ ਕਿ ਸ਼ਡਿਊਲ 7 ਵਿੱਚ ਦਰਜ ਹੈ। ਕੰਪਨੀਆਂ ਸੀ ਐੱਸ ਆਰ ਸਰਗਰਮੀਆਂ ਆਪਣੀਆਂ ਫਾਊਂਡੇਸ਼ਨ ਅਤੇ ਟਰੱਸਟਾਂ ਰਾਹੀਂ ਚਲਾ ਸਕਦੀਆਂ ਹਨ ਜਾਂ ਫਿਰ ਐੱਨ ਜੀ ਓਜ਼ ਨਾਲ ਸਹਿਯੋਗ ਕਰ ਕੇ ਜਾਂ ਫਿਰ ਇਕ ਕੰਪਨੀ ਨਾਲ ਆਪਣੇ ਸੀ ਐੱਸ ਆਰ ਫੰਡ ਪੂਲ ਕਰਕੇ ਚਲਾ ਸਕਦੀਆਂ ਹਨ। ਨੀਤੀ ਵਿੱਚ ਮੰਨਿਆ ਗਿਆ ਹੈ ਕਿ ਸੀ ਐੱਸ ਆਰ ਸਿਰਫ ਫਰਮਾਬਰਦਾਰੀ ਹੀ ਨਹੀਂ ਹੈ ਸਗੋਂ ਇਹ ਸਹੂਲਤ ਤੋਂ ਸੱਖਣੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਇਕ ਵਾਅਦਾ ਵੀ ਹੈ।

## ਸੀ ਐੱਸ ਆਰ – ਸਸ਼ਕਤੀਕਰਨ ਲਈ ਇਕ ਸੰਦੇਸ਼ ਵਾਹਕ

ਹਾਸ਼ੀਏ ਉਤੇ ਰਹਿ ਰਹੇ ਲੋਕਾਂ ਦਾ ਸਸ਼ਕਤੀਕਰਨ ਉਨ੍ਹਾਂ ਦੇ ਸਮਾਜਿਕ-ਆਰਥਿਕ ਦਰਜੇ ਵਿੱਚ ਸੁਧਾਰ ਕਰਨਾ ਹੈ। ਅਜਿਹਾ ਵਿਕਾਸ ਅਤੇ ਉਸਾਰੀ ਦੀ ਸਮਰੱਥਾ ਵਿੱਚ ਵਾਧਾ ਕਰਕੇ ਜੀਵਨ ਪੱਧਰ ਵਿੱਚ ਸੁਧਾਰ ਕਰ ਕੇ ਕੀਤਾ ਜਾ ਸਕਦਾ ਹੈ। ਇਹ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ ਪਰ ਨਿਗਮਤ ਖੇਤਰ ਦੀਆਂ ਸਰਗਰਮੀਆਂ ਇਸ ਵਿੱਚ ਸੰਤੁਲਨ ਲਿਆਉਣ, ਤੇਜ਼ੀ ਲਿਆਉਣ ਅਤੇ ਸਭ ਤੋਂ ਵੱਧ ਵਧੀਆ ਢੰਗ ਤਰੀਕੇ ਇਸ ਨਾਲ ਹੋਰਨਾਂ ਨੂੰ ਜੋੜਨ ਲਈ ਜ਼ਰੂਰੀ ਹਨ। ਵਪਾਰੀ ਇਕ ਵਿਸ਼ੇਸ਼ ਭਾਈਚਾਰੇ, ਜਿਥੇ ਕਿ ਉਹ ਰਹਿੰਦੇ ਹੁੰਦੇ ਹਨ, ਵੱਲ ਧਿਆਨ ਕੇਂਦਰਿਤ ਕਰਦੇ ਹਨ। ਇਸ ਲਈ ਉਨ੍ਹਾਂ ਲਈ ਇਹ ਆਸਾਨ ਹੁੰਦਾ ਹੈ ਕਿ ਉਹ ਮਾਮਲੇ, ਚੁਨੌਤੀਆਂ ਅਤੇ ਸੀਮਾਂਤੀਆਂ ਲਈ ਮੌਕਿਆਂ ਨੂੰ ਸਮਝ ਸਕਣ ਅਤੇ ਉਨ੍ਹਾਂ ਨੂੰ ਸੀ ਐੱਸ ਆਰ ਪ੍ਰਾਜੈਕਟਾਂ ਰਾਹੀਂ ਪੂਰੇ ਕਰ ਸਕਣ। ਬੀਤੇ ਸਮੇਂ ਵਿੱਚ ਭਾਰਤ ਨੇ ਵਿਸ਼ੇਸ਼ ਵਿਕਾਸ ਕੀਤਾ ਹੈ। ਇਕ ਸਦੀ ਪੁਰਾਣੇ ਅਲਹਿਦਗੀ ਦੇ ਸਾਜ਼ੋ-ਸਮਾਨ ਨੂੰ ਸਹੀ ਟਿਕਾਣੇ ਉੱਤੇ ਲਿਆਉਣ ਲਈ ਸਮਾਂ ਲੱਗੇਗਾ ਅਤੇ ਇਸ ਲਈ ਯਤਨ ਕਰਨੇ ਪੈਣਗੇ। ਵਿਕਾਸ ਦੇ ਮੰਤਰ 'ਸਬ ਕਾ ਸਾਥ ਸਬ ਕਾ ਵਿਕਾਸ' ਨੂੰ ਤਾਂ ਹੀ ਹਾਸਿਲ ਕੀਤਾ ਜਾ ਸਕਦਾ ਹੈ ਜੇ ਨਿੱਜੀ ਅਤੇ ਜਨਤਕ ਖੇਤਰ ਦੇ ਵਿਕਾਸ ਮਾਡਲਾਂ ਨਾਲ ਸੰਪਰਕ ਕਾਇਮ ਕੀਤੇ ਜਾਣ। ਜਨਤਾ ਦੀ ਭਲਾਈ ਲਈ ਸਰਕਾਰੀ ਬਜਟ ਨਾਕਾਫੀ ਹੈ ਅਤੇ ਇਹ ਵਧ ਰਹੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ। ਸਰਕਾਰ ਸੀਮਾਂਤੀ ਲੋਕਾਂ ਦੇ ਸਸ਼ਕਤੀਕਰਨ ਲਈ ਵੱਖ-ਵੱਖ ਸਕੀਮਾਂ ਲਾਗੂ ਕਰ ਕੇ ਇਸ ਦਿਸ਼ਾ ਵਿੱਚ ਯਤਨ ਕਰ ਰਹੀ ਹੈ, ਪਰ ਥੋੜ੍ਹੇ ਜਿਹੇ ਸਮੇਂ ਵਿੱਚ ਲੋਕਾਂ ਦੀ ਭਲਾਈ ਦੇ ਪੂਰੇ ਮੁੱਦੇ ਨੂੰ ਇਹ ਸੰਭਾਲ ਨਹੀਂ ਸਕਦੀ। ਸੀਮਾਂਤੀ ਖੇਤਰ ਦੇ ਵਿਕਾਸ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਨਿੱਜੀ ਖੇਤਰ ਦੀ ਸ਼ਮੂਲੀਅਤ ਵੀ ਜ਼ਰੂਰੀ ਹੈ। ਵਿੱਦਿਆ, ਰੋਜ਼ੀ-ਰੋਟੀ ਦੀ ਕਮਾਈ ਜਾਂ ਸਿਹਤ ਸੰਭਾਲ ਲਈ ਵੱਡੇ ਮਾਲੀ ਪ੍ਰਬੰਧਨ ਦੀ ਲੋੜ ਹੈ ਤਾਂ ਕਿ ਲੋੜਵੰਦਾਂ ਦੀ ਮਦਦ ਹੋ ਸਕੇ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਵਲੋਂ ਮਨੁੱਖੀ ਵਿਕਾਸ ਬਾਰੇ ਜੋ ਰਿਪੋਰਟ ਜਾਰੀ ਕੀਤੀ ਗਈ ਹੈ, ਉਸ ਵਿੱਚ ਭਾਰਤ ਨੂੰ

188 ਦੇਸ਼ਾਂ ਵਿੱਚੋ 131ਵੇਂ ਸਥਾਨ ਉੱਤੇ ਰੱਖਿਆ ਗਿਆ ਹੈ। ਮਨੁੱਖੀ ਵਿਕਾਸ ਸੂਚਕ ਅੰਕ ਕਿਸੇ ਦੇਸ਼ ਵਿੱਚ ਮੁਢਲੀਆਂ ਮਨੁੱਖੀ ਵਿਕਾਸ ਸਰਗਰਮੀਆਂ ਦਾ ਔਸਤ ਪੈਮਾਨਾ ਹੈ। ਇਹ ਸਿਰਫ ਵਿੱਤੀ ਕੁਸ਼ਲਤਾ ਨਹੀਂ ਜੋ ਕਿ ਅੰਕੜਿਆਂ ਨੂੰ ਬਿਹਤਰ ਬਣਾਉਣ ਲਈ ਚਾਹੀਦੀ ਹੁੰਦੀ ਹੈ ਸਗੋਂ 360 ਦਰਜੇ ਦੀ ਪਹੁੰਚ ਚਾਹੀਦੀ ਹੁੰਦੀ ਹੈ ਜਿਸ ਵਿੱਚ ਬਹੁ-ਪੱਖੀ ਸ਼ੇਅਰ-ਹੋਲਡਰਾਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ।

ਸਰਕਾਰ ਦੇ ਮੁੱਖ ਪ੍ਰੋਗਰਾਮਾਂ ਜਿਵੇਂ ਕਿ ਮੇਕ ਇਨ ਇੰਡੀਆ, ਸਟਾਰਟ ਅੱਪ ਇੰਡੀਆ, ਸਕਿੱਲ ਇੰਡੀਆ ਅਤੇ ਡਿਜੀਟਲ ਇੰਡੀਆ ਰਾਹੀਂ ਸੀ ਐੱਸ ਆਰ ਪ੍ਰਾਜੈਕਟਾਂ ਦਾ ਪ੍ਰਚਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਪ੍ਰੋਗਰਾਮਾਂ ਦੀ ਸੀਮਾਂਤੀ ਲੋਕਾਂ ਦੇ ਕਈ ਢੰਗਾਂ ਨਾਲ ਸਸ਼ਕਤੀਕਰਨ ਵਿੱਚ ਅਹਿਮ ਭੂਮਿਕਾ ਹੈ ਕਿਉਂਕਿ ਇਨ੍ਹਾਂ ਦੀ ਦਖਲਅੰਦਾਜ਼ੀ ਨਾਲ ਉਹ ਵਧੇਰੇ ਪੜ੍ਹ-ਲਿਖ ਜਾਂਦੇ ਅਤੇ ਨਿਪੁੰਨ ਹੋ ਜਾਂਦੇ ਹਨ ਅਤੇ ਨੌਕਰੀ ਦੇ ਵਧੇਰੇ ਮੌਕੇ ਪੈਦਾ ਹੋ ਸਕਦੇ ਹਨ।

## ਸੀ ਐੱਸ ਆਰ ਰੂਟ ਦੇ ਰਸਤੇ ਨਿਗਮਤ ਖੇਤਰ ਦੀ ਭੂਮਿਕਾ

ਸੀ ਐੱਸ ਆਰ ਸਰਗਰਮੀਆਂ ਦੇ ਮਜ਼ਬੂਤੀ ਪਕੜਨ ਨਾਲ ਕਈ ਕੰਪਨੀਆਂ ਭਾਈਚਾਰਕ ਜੀਵਨ ਸੰਪਰਕ ਕਾਇਮ ਕਰਨ ਲੱਗੀਆਂ ਹੋਈਆਂ ਹਨ ਅਤੇ ਉਨ੍ਹਾਂ ਨੇ ਆਪਣੇ ਸਪਲਾਈ ਲੜੀ ਢੰਗਾਂ ਵਿੱਚ ਇਸ ਨੂੰ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਹੈ। ਨਵੇਂ ਯੁੱਗ ਦੇ ਸੀ ਐੱਸ ਆਰ ਦੀ ਨੀਂਹ ਰੱਖੀ ਜਾ ਚੁੱਕੀ ਹੈ। ਸੀ ਐੱਸ ਆਰ ਈਕੋ ਸਿਸਟਮ ਵਿੱਚ ਤੇਜ਼ੀ ਆ ਰਹੀ ਹੈ ਕਿਉਂਕਿ ਇਹ 17 ਨਿਰੰਤਰ ਜਾਰੀ ਰਹਿਣ ਵਾਲੇ ਵਿਕਾਸ ਟੀਚੇ (ਐੱਸ ਡੀ ਜੀਜ਼) ਸੰਯੁਕਤ ਰਾਸ਼ਟਰ ਵਲੋਂ 2015 ਵਿੱਚ ਅਪਣਾਏ ਗਏ ਸਨ ਅਤੇ ਉਹ ਹੁਣ ਸੀ ਐੱਸ ਆਰ ਸਰਗਰਮੀਆਂ ਰਾਹੀਂ ਨਿਗਮਿਤ ਖੇਤਰ ਦੇ ਧੁਰੇ ਬਣ ਗਏ ਹਨ। ਬਹੁਤ ਨਿਪੁੰਨ ਸੀ ਐੱਸ ਆਰ ਸਰਗਰਮੀ ਇਹ ਯਕੀਨੀ ਬਣਾਉਂਦੀ ਹੈ ਕਿ ਜਿਥੇ ਕੰਪਨੀ ਕਾਨੂੰਨ ਦੀ ਪਾਲਣਾ ਕਰ ਰਹੀ ਹੈ ਉਥੇ ਉਸ ਦਾ ਨਿਵੇਸ਼ ਸੀਮਾਂਤੀ ਭਾਈਚਾਰੇ ਨੂੰ ਸ਼ਕਤੀ ਪ੍ਰਦਾਨ ਕਰ ਰਿਹਾ ਹੈ। ਭਾਰਤੀ ਸੰਦਰਭ ਵਿੱਚ, ਬੀਤੇ ਸਮੇਂ ਵਿੱਚ ਪਰਉਪਕਾਰ ਦੇ ਮਾਡਲ ਵਿੱਚ ਸਾਖਰਤਾ ਅਹਿਮ ਤੱਤ ਸੀ। ਇਸ ਨਵੇਂ ਯੁੱਗ ਵਿੱਚ, ਹੁਨਰ ਵਿਕਾਸ ਅਤੇ ਜ਼ਿੰਦਗੀ ਜੀਣ ਦਾ ਪ੍ਰਬੰਧ ਕਰਨਾ ਮੁੱਖ ਕੇਂਦਰ ਬਿੰਦੂ ਹਨ। ਵਿੱਦਿਆ ਨੇ ਮੁਢਲੀ ਲਿਖਣ ਅਤੇ ਪੜ੍ਹਨ ਯੋਗਤਾ ਤੋਂ ਅੱਗੇ ਜਾ ਕੇ ਕੰਮ ਕੀਤਾ ਹੈ, ਇਹ ਹੁਨਰ ਹੀ ਹੈ ਜੋ ਕਿ ਕੰਮ ਆਉਂਦਾ ਹੈ। ਭਾਈਚਾਰੇ ਵਿੱਚ ਹੁਨਰ ਵਿਕਾਸ ਲਈ ਯੁੱਧਨੀਤਕ ਨਿਵੇਸ਼ ਵਪਾਰ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰ ਸਕਦਾ ਹੈ।

ਵਰਲਡ ਇਕਨਾਮਿਕ ਫੋਰਮ ਗਲੋਬਲ ਰਿਸਕਸ ਪ੍ਰੀਸੈਪਸ਼ਨ ਸਰਵੇ 2016 ਅਨੁਸਾਰ ਦੋ ਸਭ ਤੋਂ ਵੱਧ ਇਕ ਦੂਜੇ ਨਾਲ ਜੁੜੇ ਜੋਖਿਮ ਸਮਾਜਿਕ ਅਸਥਿਰਤਾ ਅਤੇ ਢਾਂਚਾਗਤ ਬੇਰੋਜ਼ਗਾਰੀ ਜਾਂ ਘੱਟ ਰੋਜ਼ਗਾਰੀ ਹੈ ਜੋ ਕਿ ਸਾਰੇ ਅੰਦਰੂਨੀ ਸੰਪਰਕਾਂ ਦੇ 5 ਪ੍ਰਤਿਸ਼ਤ ਦੇ ਬਰਾਬਰ ਹੈ। ਅੰਦਰੂਨੀ ਸੰਪਰਕਾਂ ਦਾ ਗਿਆਨ ਨੇਤਾਵਾਂ ਨੂੰ ਕਾਰਵਾਈ ਦੇ ਪਹਿਲ ਵਾਲੇ ਖੇਤਰਾਂ ਅਤੇ ਹੰਗਾਮੀ ਚੁੱਕੇ ਜਾਣ ਵਾਲੇ ਕਦਮਾਂ ਦਾ ਪਤਾ ਲਗਾਉਣ ਵਿੱਚ ਸਹਾਈ ਹੁੰਦਾ ਹੈ। ਭਾਰਤੀ ਸੱਨਅਤ ਦੇ ਆਗੂ ਅਜਿਹੇ ਜੋਖ਼ਿਮਾਂ ਤੋਂ ਜਾਣੂ ਹਨ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਇਨ੍ਹਾਂ ਖੇਤਰਾਂ ਵਿੱਚ ਆਪਣੀਆਂ ਸੀ ਐੱਸ ਆਰ ਸਰਗਰਮੀਆਂ ਤੇਜ਼ ਕਰ ਰਹੇ ਹਨ।

## ਹਾਸ਼ੀਏ ਉਤੇ ਮੌਜੂਦ ਲੋਕਾਂ ਲਈ ਸੀ ਐੱਸ ਆਰ ਸਰਗਮੀਆਂ, ਅਪੰਗ ਵਿਅਕਤੀਆਂ ਵਿੱਚ ਹੁਨਰ ਅਤੇ ਉਨ੍ਹਾਂ ਨੂੰ ਰੋਜ਼ੀ-ਰੋਟੀ ਦੇ ਮੌਕੇ ਪ੍ਰਦਾਨ ਕਰਨੇ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਹੈ ਕਿ ਅਪੰਗਤਾ ਦੇ ਸ਼ਿਕਾਰ ਲੋਕ ਕੁੱਝ ਵਿਸ਼ੇਸ਼ ਯੋਗਤਾ ਵਾਲੇ ਹੁੰਦੇ ਹਨ ਅਤੇ ਉਹ ਉਸ ਤੋਂ ਵੱਧ ਕਾਬਲ ਹੁੰਦੇ ਹਨ ਜਿੰਨਾ ਉਨ੍ਹਾਂ ਨੂੰ ਸਮਝਿਆ ਜਾਂਦਾ ਹੈ। ਉਨ੍ਹਾਂ ਨੇ ਅਜਿਹੇ ਲੋਕਾਂ ਨੂੰ 'ਦਿਵਿਆਂਗ' ਕਹਿਣ ਦਾ ਸੁਝਾਅ ਦਿੱਤਾ ਹੈ। ਦੁਨੀਆਂ ਵਿੱਚੋਂ ਭਾਰਤ ਵਿੱਚ ਅਪੰਗਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। 2011 ਦੀ ਜਨਗਣਨਾ ਅਨੁਸਾਰ ਦੇਸ਼ ਵਿੱਚ ਅਪੰਗਾਂ ਦੀ ਗਿਣਤੀ 2.21 ਪ੍ਰਤਿਸ਼ਤ ਸੀ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਦਿਹਾਤੀ ਖੇਤਰਾਂ ਵਿੱਚ ਰਹਿੰਦੇ ਹਨ ਕਿਉਂਕਿ ਢਾਂਚੇ, ਵਿੱਦਿਆ ਅਤੇ ਮੁਹਾਰਤ ਵਿਕਾਸ ਤੱਕ ਉਨ੍ਹਾਂ ਦੀ ਪਹੁੰਚ ਕਾਫੀ ਘੱਟ ਹੁੰਦੀ ਹੈ। ਬੀਤੇ ਸਮੇਂ ਵਿੱਚ ਅਪੰਗਾਂ ਲਈ ਪ੍ਰਾਜੈਕਟ ਸਿਰਫ ਕਾਰਵਾਈ ਦੇ ਪਲੜੇ ਉਤੇ ਹੀ ਰੱਖੇ ਜਾਂਦੇ ਸਨ, ਪਰ ਦਿਵਿਆਂਗਾਂ ਲਈ ਸੀ ਐੱਸ ਆਰ ਪ੍ਰਾਜੈਕਟਾਂ ਦੇ ਸ਼ੁਰੂ ਹੋਣ ਨਾਲ ਕੰਪਨੀਆਂ ਉਨ੍ਹਾਂ ਚੁਣੌਤੀਆਂ ਨੂੰ ਪ੍ਰਵਾਨ ਕਰਦੀਆਂ ਹਨ। ਦਿਵਿਆਂਗ ਵਿਅਕਤੀਆਂ ਲਈ ਨਾਜ਼ੁਕ ਸੀ ਐੱਸ ਆਰ ਪ੍ਰਾਜੈਕਟਾਂ ਅਧੀਨ ਉਨ੍ਹਾਂ ਨੂੰ ਪੜ੍ਹਾਈ-ਲਿਖਾਈ ਕਰਵਾਉਣ ਅਤੇ ਵਿਵਸਾਇਕ ਸਿੱਖਿਆ ਦੇਣ ਤੋਂ ਇਲਾਵਾ ਰੁਕਾਵਟਾ ਦੂਰ ਕਰਨ ਦੇ ਯਤਨ ਕੀਤੇ ਜਾਂਦੇ ਹਨ।

## ਸਵੈ ਸਹਾਇਤਾ ਗਰੁੱਪ (ਐੱਸ ਐੱਚ ਜੀਜ਼) ਅਤੇ ਮਾਈਕ੍ਰੋ ਅਦਾਰੇ

ਸੀ ਐੱਸ ਆਰ ਪ੍ਰਾਜੈਕਟ ਦਿਹਾਤੀ ਖੇਤਰਾਂ ਵਿੱਚ ਰੋਜ਼ੀ-ਰੋਟੀ ਦੇ ਮੌਕੇ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ ਅਤੇ ਉਹ ਉਥੇ ਨੌਕਰੀ ਦੇ ਮੌਕੇ ਪੈਦਾ ਕਰਦੇ ਹਨ ਅਤੇ ਲੋਕਾਂ ਨੂੰ ਕਿਤੇ ਹੋਰ ਨਹੀਂ ਜਾਣਾ ਪੈਂਦਾ। ਇਹ ਸਹਾਇਤਾ ਐੱਸ ਐੱਚ ਜੀਜ਼ ਜਾਂ ਮਾਈਕ੍ਰੋ ਅਦਾਰਿਆਂ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ। ਸੀ ਐੱਸ ਆਰ ਪ੍ਰਾਜੈਕਟ ਮ੍ਾਈਕ੍ਰੋ-ਫਾਈਨਾਂਸ ਮਦਦ ਨਾਲ ਉਤਪਾਦਾਂ ਲਈ ਮਾਰਕੀਟ ਪਹੁੰਚ ਪ੍ਰਦਾਨ ਕਰਨ ਉੱਤੇ ਧਿਆਨ ਕੇਂਦਰਿਤ ਕਰਦੇ ਹਨ। ਈ-ਕਾਮਰਸ ਅਦਾਰੇ ਉਤਪਾਦਕਾਂ ਅਤੇ ਹੁਨਰਮੰਦਾਂ ਨੂੰ ਆਪਣਾ ਸਮਾਨ ਆਨਲਾਈਨ ਵੇਚਣ ਲਈ ਮਾਰਕੀਟ ਪ੍ਰਦਾਨ ਕਰਦੇ ਹਨ। ਖੋਜੀ ਸੀ ਐੱਸ ਆਰ ਮਾਡਲਜ਼, ਜੋ ਕਿ ਐੱਸ ਐੱਚ ਜੀਜ਼ ਲਈ ਹੁੰਦੇ ਹਨ, ਉਹ ਆਪਣੀ ਮੁਹਾਰਤ ਅਤੇ ਨਤੀਜੇ ਵਧੀਆ ਢੰਗ ਨਾਲ ਪੇਸ਼ ਕਰਦੇ ਹਨ।

***ਬਜ਼ੁਰਗਾਂ ਦੀ ਅਬਾਦੀ :*** ਭਾਰਤ ਵਿੱਚ ਨੌਜਵਾਨ ਅਬਾਦੀ ਵਿੱਚ ਵਾਧਾ ਹੋਣ ਤੋਂ ਇਲਾਵਾ ਬਜ਼ੁਰਗਾਂ ਦੀ ਅਬਾਦੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਹ ਅਬਾਦੀ ਇਸ ਵੇਲੇ 100 ਮਿਲੀਅਨ ਦੇ ਲਗਭਗ ਜਾ ਪਹੁੰਚੀ ਹੈ। ਇਸ ਅਬਾਦੀ ਵਿੱਚ ਪ੍ਰਤਿ ਸਾਲ 3.8 ਪ੍ਰਤਿਸ਼ਤ ਦਾ ਵਾਧਾ ਹੋ ਰਿਹਾ ਹੈ ਅਤੇ ਇਹ ਕੁੱਲ ਅਬਾਦੀ ਦਾ ਲਗਭਗ 8 ਪ੍ਰਤਿਸ਼ਤ ਹਨ। 2050 ਤੱਕ ਬਜ਼ੁਰਗਾਂ ਦੀ ਅਬਾਦੀ 240 ਮਿਲੀਅਨ ਤੱਕ ਜਾ ਪਹੁੰਚੇਗੀ। ਬਜ਼ੁਰਗਾਂ ਦੀਆਂ ਪ੍ਰੇਸ਼ਾਨੀਆਂ ਤੋਂ ਸਾਰੇ ਜਾਣੂ ਹਨ। ਸਰੀਰਕ ਅਤੇ ਦਿਮਾਗੀ ਤੌਰ ਤੇ ਕਮਜ਼ੋਰੀ ਤੋਂ ਇਲਾਵਾ ਉਹ ਕੰਮਕਾਜੀ ਰੁਕਾਵਟਾਂ ਅਤੇ ਮਾਲੀ ਸੀਮਿਆਂ ਦੇ ਘੇਰੇ ਵਿੱਚ ਹੁੰਦੇ ਹਨ। ਮਾੜਾ ਸ਼ਹਿਰੀ ਢਾਂਚਾ ਉਨ੍ਹਾਂ ਦੀਆਂ ਸਮੱਸਿਆਵਾਂ ਵਿੱਚ ਵਾਧਾ ਕਰਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸਿਹਤ ਸੰਭਾਲ ਅਤੇ ਮਕਾਨਾਂ ਦੀਆਂ ਲੋੜਾਂ ਇਕ ਚੁਣੌਤੀ ਪੈਦਾ ਕਰਦੀਆਂ ਹਨ। ਸੀ ਐੱਸ ਆਰ ਸੋਧਾਂ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ 'ਸੀਨੀਅਰ ਸ਼ਹਿਰੀਆਂ ਲਈ ਬੁਢਾਪਾ ਕੇਂਦਰ, ਡੇ

ਕੇਅਰ ਸੈਂਟਰ ਅਤੇ ਹੋਰ ਅਜਿਹੀਆਂ ਸਹੂਲਤਾਂ ਵਿਕਸਤ ਕੀਤੀਆਂ ਜਾਣ। ਸ਼ਡਿਊਲ 7 ਵਿੱਚ ਸੀ ਐੱਸ ਆਰ ਸਰਗਰਮੀਆਂ ਨੂੰ ਸ਼ਾਮਲ ਕਰਨਾ ਸਰਕਾਰ ਦੀ ਬਜ਼ੁਰਗਾਂ ਦੀ ਸੰਭਾਲ ਪ੍ਰਤਿ ਕੋਸ਼ਿਸ਼ ਦਾ ਇਕ ਹਿੱਸਾ ਹੈ।

***ਝੁੱਗੀ ਝੌਂਪੜੀ ਵਿਕਾਸ :*** ਸ਼ਹਿਰੀ ਇਲਾਕਿਆਂ ਵਿੱਚ ਵਧ ਰਹੀਆਂ ਝੁੱਗੀਆਂ ਝੌਂਪੜੀਆਂ ਦੇ ਲੋਕਾਂ ਲਈ ਮਕਾਨਾਂ ਅਤੇ ਰੋਜ਼ਗਾਰ ਦਾ ਪ੍ਰਬੰਧ ਕਰਨਾ ਅਹਿਮ ਹੈ। ਭਾਰਤ ਵਿੱਚ 2011 ਵਿੱਚ ਝੁੱਗੀ ਝੌਂਪੜੀ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ 93 ਮਿਲੀਅਨ ਸੀ। ਸੀ ਐੱਸ ਆਰ ਸਰਗਰਮੀਆਂ ਵਿੱਚ ਝੁੱਗੀਆਂ ਝੌਂਪੜੀਆਂ ਦੇ ਵਿਕਾਸ ਨੂੰ ਸ਼ਾਮਲ ਕਰਨਾ ਸਰਕਾਰ ਦੇ ਸ਼ਹਿਰਾਂ ਨੂੰ ਇਨ੍ਹਾਂ ਤੋਂ ਮੁਕਤ ਕਰਨ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੈ। ਸਾਡੇ ਦੇਸ਼ ਨੂੰ ਇਸ ਸਮੱਸਿਆ ਨੂੰ ਹੱਲ ਕਰਨ ਦੀ ਲੋੜ ਹੈ ਇਸ ਤੋਂ ਬਾਅਦ ਹੀ 'ਸਮਾਰਟ ਸਿਟੀਜ਼' ਦੇ ਪ੍ਰਾਜੈਕਟ ਵੱਲ ਧਿਆਨ ਦੇਣਾ ਚਾਹੀਦਾ ਹੈ। ਨਿਰੰਤਰ ਆਰਥਿਕ ਵਿਕਾਸ ਲਈ ਭਾਰਤ ਨੂੰ ਇਨ੍ਹਾਂ ਝੁੱਗੀਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਲਾਹੇਵੰਦ ਰੋਜ਼ਗਾਰ ਦੇ ਪ੍ਰਬੰਧ ਕਰਨਾ ਚਾਹੀਦਾ ਹੈ। ਸੀ ਐੱਸ ਆਰ ਪ੍ਰਾਜੈਕਟਾਂ ਦਾ ਉਦੇਸ਼ ਝੁੱਗੀਆਂ ਝੌਂਪੜੀਆ ਦੇ ਵਿਕਾਸ ਵੱਲ ਧਿਆਨ ਦੇਣਾ ਹੈ। ਇਸ ਨਾਲ ਸੱਨਅਤਾਂ ਅਤੇ ਸ਼ਹਿਰੀ ਗਰੀਬਾਂ ਨੂੰ ਫਾਇਦਾ ਹੋਵੇਗਾ।

## ਸਿੱਟਾ

ਵਪਾਰਕ ਅਤੇ ਸਮਝਦਾਰ ਆਗੂ ਆਪਣੇ ਅਦਾਰਿਆਂ ਦੇ ਉਪਰਲੇ ਅਤੇ ਹੇਠਲੇ ਪਹਿਲੂਆਂ ਵੱਲ ਧਿਆਨ ਦੇਣ ਤੋਂ ਇਲਾਵਾ ਮਨੁੱਖੀ ਵਿਕਾਸ ਦੀਆਂ ਚੁਨੌਤੀਆਂ ਨਾਲ ਨਜਿੱਠਣ ਦੇ ਮਾਮਲੇ ਵਿੱਚ ਵੀ ਮੋਹਰੀ ਹਨ ਕਿਉਂਕਿ ਇਸ ਦਾ ਉਨ੍ਹਾਂ ਦੇ ਵਪਾਰ ਉੱਤੇ ਸਿੱਧਾ ਪ੍ਰਭਾਵ ਪੈਂਦਾ ਹੈ। ਨਿਗਮਤ ਅਦਾਰਿਆਂ ਨੂੰ ਆਪਣੇ ਸੀ ਐੱਸ ਆਰ ਟੀਚੇ ਸੰਗਠਿਤ ਕਰਨੇ ਚਾਹੀਦੇ ਹਨ ਕਿਉਂਕਿ ਇਸ ਦਾ ਦੇਸ਼ ਦੇ ਵਿਕਾਸ ਏਜੰਡੇ ਉੱਤੇ ਅਸਰ ਪੈਂਦਾ ਹੈ। ਸੀ ਐੱਸ ਆਰ ਬਜਟ ਲਗਭਗ 10,000–12,000 ਕਰੋੜ ਰੁਪਏ ਪ੍ਰਤਿ ਸਾਲ ਹੈ ਜੋ ਕਿ ਭਾਰਤ ਸਰਕਾਰ ਦੇ ਸਮਾਜਿਕ ਖੇਤਰ ਦੇ ਵਿਕਾਸ ਦੇ ਬਜਟ ਦੇ ਮੁਕਾਬਲੇ ਘੱਟ ਹੈ। ਇਸ ਲਈ ਖੋਜੀ ਸੀ ਐੱਸ ਆਰ ਪ੍ਰਾਜੈਕਟ ਆਰਥਿਕ ਤੌਰ ਤੇ ਨੇਪਰੇ ਚੜ੍ਹਨਯੋਗ ਹੋਣਾ ਚਾਹੀਦਾ ਹੈ। ਨਿਗਮਤ ਖੇਤਰ ਆਪਣਾ ਸੀ ਐੱਸ ਆਰ ਫੰਡ ਦਾ ਕੁੱਝ ਹਿੱਸਾ ਸੀ ਐੱਸ ਆਰ ਪ੍ਰਾਜੈਕਟਾਂ ਦੇ ਖੋਜ ਅਤੇ ਵਿਕਾਸ ਵੱਲ ਲਗਾ ਸਕਦਾ ਹੈ। ਸਮਾਜਿਕ ਖੇਤਰ ਦੇ ਮੁਢਲੇ ਮੁੱਦੇ ਮਾਪਦੰਡ ਦੀ ਸਮੱਸਿਆ ਦੇ ਹਨ। ਇਹ ਨਵੇਂ ਮਾਡਲ ਜਨਤਕ ਖੇਤਰ ਨੂੰ ਪੇਸ਼ ਕੀਤੇ ਜਾ ਸਕਦੇ ਹਨ ਤਾਂ ਕਿ ਉਨ੍ਹਾਂ ਉੱਤੇ ਲੰਬਾ ਪ੍ਰਭਾਵ ਪਵੇ। ਇਸ ਖੇਤਰ ਵਿੱਚ 'ਨਿਗਮਤ ਸਮਾਜਿਕ ਖੋਜ' 'ਨਿਗਮਤ ਸਮਾਜਿਕ ਜ਼ਿੰਮੇਵਾਰੀ ਦੇ ਨਾਲੋ-ਨਾਲ ਚੱਲਣੀ ਚਾਹੀਦੀ ਹੈ। ਖੋਜੀ ਮਾਡਲਾਂ ਰਾਹੀਂ ਸਾਂਝੀਆਂ ਕਦਰਾਂ ਕੀਮਤਾਂ ਨੂੰ ਸਾਂਝਾ ਕਰਨ ਨਾਲ ਡੂੰਘਾ ਸਮਾਜਿਕ ਪ੍ਰਭਾਵ ਪਵੇਗਾ ਜਿਸ ਨਾਲ ਨੁੱਕਰੇ ਲੱਗੇ ਲੋਕ ਮੁੱਖ ਧਾਰਾ ਵਿੱਚ ਸ਼ਮਲ ਹੋਣਗੇ। ਨਿਗਮਤ ਖੇਤਰ ਪੈਸਾ ਪੈਦਾ ਕਰਦਾ ਹੈ ਜੋ ਕਿ ਉਸ ਨੂੰ ਸੀ ਐੱਸ ਆਰ ਬਜਟ ਵਿੱਚ ਤਬਦੀਲ ਕਰਦਾ ਹੈ। ਲੋੜ ਇਸ ਗੱਲ ਦੀ ਹੈ ਕਿ ਸੋਮਿਆਂ ਦੇ ਸਾਗਰ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ਅਤੇ ਨਾਲ ਹੀ ਨਿਗਮਤ ਖੇਤਰ ਵਿੱਚ ਜਥੇਬੰਦਕ ਸਮਰੱਥਾ ਦਾ ਵੀ ਲਾਭ ਉਠਾਇਆ ਜਾਵੇ। ਵਿਕਾਸ ਏਜੰਡੇ ਵਿੱਚ ਨਜ਼ਰ ਆਉਂਦਾ ਹੈ ਕਿ ਸਭ ਲਈ ਇਕ ਅਜਿਹਾ ਮਾਹੌਲ ਬਣੇ ਜਿਸ ਵਿੱਚ ਸਾਰੇ ਉਤਪਾਦਕ, ਸਿਹਤਮੰਦ ਅਤੇ ਸਿਰਜਨਾਤਮਕ ਜ਼ਿੰਦਗੀ ਦਾ ਲਾਭ ਉਠਾ ਸਕਣ ਕਿਉਂਕਿ ਵਿਕਾਸ ਦੇਸ਼ ਦੇ ਵਿਕਾਸ ਵਿੱਚ ਸਮੂਹਿਕ ਭਾਈਵਾਲੀ ਦਾ ਪ੍ਰਤੀਕ ਹੈ। ਸੀਮਾਂਤੀ ਲੋਕਾਂ, ਜਿਵੇਂ ਕਿ ਦਲਿਤ, ਆਦੀਵਾਸੀਆਂ, ਗ਼ੈਰ-ਸੰਗਠਿਤ ਕਾਮਿਆਂ ਲਈ ਨਾਜ਼ੁਕ ਸੀ ਐੱਸ ਆਰ ਪ੍ਰਾਜੈਕਟ ਉਨ੍ਹਾਂ ਦੇ ਸਮਾਜਿਕ ਵਿਕਾਸ ਵਿੱਚ ਭਾਰੀ ਅਹਿਮ ਭੂਮਿਕਾ ਨਿਭਾ ਸਕਦੇ ਹਨ।

*(ਲੇਖਕ ਪੀ ਐੱਚ ਡੀ ਚੈਂਬਰ ਆਫ ਕਾਮਰਸ ਅਤੇ ਇੰਡਸਟਰੀ, ਨਵੀਂ ਦਿੱਲੀ ਵਿੱਚ ਉੱਚ ਸਕੱਤਰ ਅਤੇ ਐੱਚ ਆਰ ਮੁਖੀ ਹਨ)*

*e-mail :jatinder@phdcci.in*

**ਯੋਜਨਾ (ਪੰਜਾਬੀ)**

**ਦਾ**

**ਅਗਲਾ ਅੰਕ**

- **ਅਗਸਤ 2017 – ਇਹ ਅੰਕ ਜੀ ਐੱਸ ਟੀ ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹230, ਦੋ ਸਾਲ : ₹430, ਤਿੰਨ ਸਾਲ : ₹610***

***ਗੁਆਂਢੀ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**
**Publications Division, Ministry of Information and Broadcasting**
**Room No. 48-53, Soochna Bhawan, C.G.O. Complex,**
**Lodhi Road,New Delhi-110003. (Tel.011-24367260)**

***email-pdjucir@gmail.com***

# ਰਾਸ਼ਟਰੀ ਪੈਨਸ਼ਨ ਪ੍ਰਣਾਲੀ-ਲਾਈਟ

ਸਮਾਜ ਦੇ ਅਸੰਗਠਿਤ ਖੇਤਰ ਦੇ ਘੱਟ ਸਹੂਲਤਾਂ ਪ੍ਰਾਪਤ ਲੋਕਾਂ ਨੂੰ ਆਪਣੀ ਸੇਵਾ ਮੁਕਤ ਜ਼ਿੰਦਗੀ ਲਈ ਆਪਣੇ ਆਪ ਬੱਚਤ ਕਰਨ ਲਈ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਕੇਂਦਰ ਸਰਕਾਰ ਨੇ ਅਕਤੂਬਰ 2010 ਵਿੱਚ ਸਹਿ-ਸਹਿਯੋਗ ਪੈਨਸ਼ਨ ਸਕੀਮ, ਸਵਾਵਲੰਬਨ ਸ਼ੁਰੂ ਕੀਤੀ। ਇਸ ਸਕੀਮ ਅਧੀਨ ਸਰਕਾਰ ਕਿਸੇ ਵੀ ਰਾਸ਼ਟਰੀ ਪੈਨਸ਼ਨ ਪ੍ਰਣਾਲੀ ਲਾਈਟ/ਸਵਾਵਲੰਬਨ ਖਾਤਾ ਧਾਰਕ ਇਸ ਦੇ ਖਾਤੇ ਵਿੱਚ, ਜੋ ਆਪਣੇ ਸਵਾਵਲੰਬਨ ਖਾਤੇ ਵਿੱਚ ਹਰ ਸਾਲ ਘੱਟ ਤੋਂ ਘੱਟ 1000 ਰੁਪਏ ਅਤੇ ਵੱਧ ਤੋਂ ਵੱਧ 12000 ਰੁਪਏ ਜਮ੍ਹਾਂ ਕਰਵਾ ਰਿਹਾ ਹੋਵੇ, 1000 ਰੁਪਏ ਆਪਣੇ ਵਲੋਂ ਪੰਜ ਸਾਲ ਲਈ ਜਾਂ 2016-17 ਸਾਲ ਤੱਕ, ਜੋ ਵੀ ਪਹਿਲਾਂ ਹੋਵੇ, ਜਮ੍ਹਾ ਕਰਵਾਉਂਦੀ ਹੈ। ਇਸ ਸਕੀਮ ਨੂੰ ਰਾਸ਼ਟਰੀ ਪੈਨਸ਼ਨ ਪ੍ਰਣਾਲੀ-ਲਾਈਟ ਦੇ ਮੱਦਾਂ ਅਨੁਕੂਲ ਘੱਟ ਖਰਚੀਲੇ ਮਾਡਲ ਰਾਹੀਂ ਲਾਗੂ ਕੀਤਾ ਜਾਂਦਾ ਹੈ। ਵਿਅਕਤੀਗਤ ਖਾਤਾਧਾਰਕਾਂ ਦੇ ਛੋਟੇ-ਛੋਟੇ ਯੋਗਦਾਨ ਨੂੰ ਇਕੱਠਾ ਕਰ ਕੇ ਨਿਵੇਸ਼ ਕੀਤਾ ਜਾਂਦਾ ਹੈ ਪਰ ਹਰ ਵਿਅਕਤੀ ਦਾ ਆਪਣਾ ਹਿਸਾਬ ਕਿਤਾਬ ਅਲੱਗ ਰੱਖਿਆ ਜਾਂਦਾ ਹੈ, ਇਸ ਪ੍ਰਣਾਲੀ ਦਾ ਵਿਅਕਤੀਗਤ ਯੋਗਦਾਨ ਅਤੇ ਕੇਂਦਰ ਅਤੇ ਰਾਜ ਸਰਕਾਰਾਂ ਤੋਂ ਯੋਗਦਾਨ ਲੈਣ ਲਈ ਲਚੀਲਾ ਰਵੱਈਆ ਹੈ। ਕਈ ਰਾਜ ਸਰਕਾਰਾਂ ਨੇ ਪਛਾਣ ਕੀਤੇ ਕਿੱਤਾ ਮੁਖੀ ਗਰੁੱਪਾਂ ਜਿਵੇਂ ਕਿ ਆਂਗਨਵਾੜੀ ਕਿਰਤੀਆਂ ਅਤੇ ਸਹਾਇਕ ਕਾਮਿਆਂ, ਆਸ਼ਾ ਵਰਕਰਾਂ, ਭਵਨ ਉਸਾਰੀ ਵਿੱਚ ਲੱਗੇ ਮਜ਼ਦੂਰਾਂ ਆਦਿ ਲਈ ਰਾਸ਼ਟਰੀ ਪੈਨਸ਼ਨ ਪ੍ਰਣਾਲੀ-ਲਾਈਟ/ਸਵਾਵਲੰਬਨ ਸਕੀਮ ਅਪਣਾਈ ਹੈ। ਰਾਜਾਂ ਦੇ ਕ੍ਰਮਵਾਰ ਵਿਸਤ੍ਰਿਤ ਵੇਰਵੇ ਜੋ ਲਾਭ-ਪਾਤਰਾਂ ਦੀਆਂ ਸ਼੍ਰੇਣੀਆਂ ਅਤੇ ਰਾਜ ਸਰਕਾਰਾਂ ਦੇ ਯੋਗਦਾਨ ਨੂੰ ਦਰਸਾਉਂਦੇ ਹਨ, ਤਾਲਿਕਾ-1 ਵਿੱਚ ਦਿੱਤੇ ਗਏ ਹਨ। ਇਸ ਸਕੀਮ ਨੂੰ ਧਰਾਤਲ ਪੱਧਰ ਦੇ ਵਿਚੋਲਿਆਂ, ਜਿਨ੍ਹਾਂ ਨੂੰ 'ਇਕੱਤਰਤ ਕਰਨ ਵਾਲੇ' ਕਿਹਾ ਜਾਂਦਾ ਹੈ ਰਾਹੀਂ ਚਲਾਈ ਜਾਂਦੀ ਹੈ। ਉਹ ਪੈਨਸ਼ਨ ਫੰਡ ਨਿਯੰਤਰਕ ਅਤੇ ਵਿਕਾਸ ਅਥਾਰਿਟੀ, (ਪੀ ਈ ਆਰ ਡੀ ਏ) ਨਾਲ ਪੰਜੀਕ੍ਰਿਤ ਹੁੰਦੇ ਹਨ ਅਤੇ ਖਾਤਾ ਧਾਰਕਾਂ ਨੂੰ ਖਾਤਾ ਖੋਲ੍ਹਣ ਅਤੇ ਟਰਸਟੀ ਬੈਂਕ ਦੇ ਰਾਸ਼ਟਰੀ ਪੈਨਸ਼ਨ ਪ੍ਰਣਾਲੀ ਟਰਸਟ ਖਾਤੇ ਵਿੱਚ ਸਮਾਂਬੱਧ ਯੋਗਦਾਨ ਜਮ੍ਹਾਂ ਕਰਵਾਉਣ ਲਈ, ਇਕੱਠਾ ਕਰਕੇ ਜਮ੍ਹਾਂ ਕਰਵਾਉਂਦੇ ਹਨ। ਅਜਿਹੇ 'ਇਕੱਤਰ ਕਰਨ ਵਾਲੇ' ਪੀ ਈ ਆਰ ਡੀ ਏ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਨ।

31 ਮਾਰਚ 2017 ਤੱਕ, ਰਾਸ਼ਟਰੀ ਪੈਨਸ਼ਨ ਪ੍ਰਣਾਲੀ ਲਾਈਟ/ਸਵਾਵਲੰਬਨ ਵਿੱਚ ਲਗਭਗ 42.39 ਲੱਖ ਦਰਜਸ਼ੁਦਾ ਖਾਤਾਧਾਰਕ ਸਨ। ਮਈ 2015 ਵਿੱਚ, ਅਟਲ ਪੈਨਸ਼ਨ ਯੋਜਨਾ ਦੀ ਸ਼ੁਰੂਆਤ ਨਾਲ ਸਵਾਵਲੰਬਨ ਸਕੀਮ ਅਧੀਨ ਨਵੀਂ ਦਰਜਾਬੰਦੀ ਬੰਦ ਕਰ ਦਿੱਤੀ ਗਈ ਹੈ ਅਤੇ 18-40 ਸਾਲ ਦੇ ਸਭ ਖਾਤਾਧਾਰਕਾਂ ਨੂੰ ਅਟਲ ਪੈਨਸ਼ਨ ਯੋਜਨਾ ਵਿੱਚ ਸ਼ਾਮਲ ਹੋਣ ਦੀ ਸਲਾਹ ਦਿੱਤੀ ਗਈ ਹੈ। ਅਟਲ ਪੈਨਸ਼ਨ ਯੋਜਨਾ ਵਿੱਚ ਸ਼ਾਮਲ ਹੋਣ ਲਈ, ਰਾਸ਼ਟਰੀ ਪੈਨਸ਼ਨ ਪ੍ਰਣਾਲੀ ਲਾਈਟ/ਸਵਾਵਲੰਬਨ ਦੇ ਖਾਤਾਧਾਰਕ ਨੂੰ ਆਪਣੇ ਬੈਂਕ, ਜਿਥੇ ਉਹ ਆਪਣਾ ਬੱਚਤ ਖਾਤਾ ਰਖਦਾ ਹੋਵੇ ਆਪਣੀ ਬੱਚਤ ਬੈਂਕ ਪਾਸਬੁੱਕ, ਰਾਸ਼ਟਰੀ ਪੈਨਸ਼ਨ ਪ੍ਰਣਾਲੀ ਲਾਈਟ/ਸਵਾਵਲੰਬਨ ਸਥਾਈ ਸੇਵਾਮੁਕਤੀ ਖਾਤਾ ਨੰਬਰ ਕਾਰਡ ਅਤੇ ਅਧਾਰ ਕਾਰਡ ਲੈ ਕੇ ਜਾਣਾ ਹੁੰਦਾ ਹੈ। ਜੇਕਰ ਕਿਸੇ ਖਾਤਾਧਾਰਕ ਦਾ ਕਿਸੇ ਬੈਂਕ ਵਿੱਚ ਬੱਚਤ ਖਾਤਾ ਨਾ ਹੋਵੇ ਅਤੇ ਜਾਂ ਉਸ ਕੋਲ ਅਧਾਰ ਕਾਰਡ ਨਾ ਹੋਵੇ, ਤਾਂ ਸਭ ਤੋਂ ਪਹਿਲਾਂ ਉਸ ਨੂੰ ਕਿਸੇ ਬੈਂਕ ਵਿੱਚ ਖਾਤਾ ਖੋਲ੍ਹ ਕੇ, ਅਧਾਰ ਕਾਰਡ ਲਈ ਅਪਲਾਈ ਕਰਨਾ ਹੁੰਦਾ ਹੈ। ਸਵਾਵਲੰਬਨ ਸਕੀਮ ਵਿੱਚ, 40 ਸਾਲ ਤੋਂ ਉਪਰ ਦੀ ਉਮਰ ਦੇ ਖਾਤਾਧਾਰਕ, ਆਪਣੀ ਉਮਰ 60 ਸਾਲ ਪੁੱਗਣ ਤੱਕ ਬਣੇ ਰਹਿ ਸਕਦੇ ਹਨ।

### ਅਟਲ ਪੈਨਸ਼ਨ ਯੋਜਨਾ

ਭਾਰਤ ਸਰਕਾਰ ਕੰਮ-ਕਾਜੀ ਗਰੀਬਾਂ ਦੇ ਬੁਢਾਪੇ ਦੀ ਆਮਦਨ ਸੁਰੱਖਿਆ ਬਾਰੇ ਬਹੁਤ ਚਿੰਤਾਵਾਨ ਹੈ ਅਤੇ ਉਹ ਉਨ੍ਹਾਂ ਨੂੰ ਪੈਨਸ਼ਨ ਪ੍ਰਣਾਲੀ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਤ ਕਰ ਰਹੀ ਹੈ ਅਤੇ ਉਸ ਲਈ ਰਾਹ ਪੱਧਰਾ ਕਰ ਰਹੀ ਹੈ। ਅਸੰਗਠਿਤ ਖੇਤਰ ਵਿੱਚ ਕਿਰਤੀਆਂ ਦੀ ਲੰਬੀ ਉਮਰ ਦੇ ਵੇਲੇ ਦੀਆਂ ਕਠਿਨਾਈਆਂ ਦਾ ਮੁਕਾਬਲਾ ਕਰਨ ਲਈ ਅਤੇ ਉਨ੍ਹਾਂ ਨੂੰ ਆਪਣੇ ਬੁਢਾਪੇ/ਸੇਵਾ ਮੁਕਤ ਹੋਣ ਦੇ ਬਾਅਦ ਦੇ ਸਮੇਂ ਲਈ ਆਪਣੇ ਆਪ ਬੱਚਤ ਕਰਨ ਲਈ ਉਤਸ਼ਾਹਤ ਕਰਨ ਲਈ ਸਰਕਾਰ ਨੇ ਮਈ 2015 ਵਿੱਚ ਅਟਲ ਪੈਨਸ਼ਨ ਯੋਜਨਾ ਚਲਾਈ।

**ਕੋਈ ਵੀ ਭਾਰਤੀ ਨਾਗਰਿਕ ਜਿਸ ਨੇ 18 ਸਾਲ ਪੂਰੇ ਕਰ ਲਏ ਹੋਣ ਪਰ ਹਾਲੇ 40 ਸਾਲ ਦੀ ਉਮਰ ਦਾ ਨਾ ਹੋਇਆ ਹੋਵੇ, ਜਿਸ ਦਿਨ ਉਹ ਇਸ ਸਕੀਮ ਵਿੱਚ ਦਾਖਲਾ ਲੈਂਦਾ ਹੈ, ਇਸ ਵਿੱਚ ਸ਼ਾਮਲ ਹੋ ਸਕਦਾ ਹੈ। ਕੋਈ ਵੀ ਵਿਅਕਤੀ ਕਿਸੇ ਵੀ ਜਨਤਕ ਖੇਤਰ ਦੇ ਬੈਂਕ ਦੀ ਸ਼ਾਖਾ, ਨਿੱਜੀ ਖੇਤਰ ਦੇ ਬੈਂਕ, ਖੇਤਰੀ ਪੇਂਡੂ ਬੈਂਕ, ਸਹਿਕਾਰੀ ਬੈਂਕ ਅਤੇ ਭਾਰਤੀ ਡਾਕ ਦੀਆਂ ਇਸ ਕੰਮ ਲਈ ਮਿਥੀਆਂ ਸ਼ਾਖਾਵਾਂ ਰਾਹੀਂ ਜੋ ਕੋਰ ਬੈਂਕਿੰਗ ਪ੍ਰਣਾਲੀ ਅਪਣਾ ਚੁੱਕੀਆਂ ਹੋਣ ਅਤੇ ਉਸ ਦਾ ਤਾਲਮੇਲ ਅਟਲ ਪੈਨਸ਼ਨ ਯੋਜਨਾ ਨਾਲ ਸਥਾਪਤ ਕਰ ਚੁੱਕੀਆਂ ਹੋਣ, ਰਾਹੀਂ ਇਸ ਸਕੀਮ ਵਿੱਚ ਸ਼ਾਮਲ ਹੋ ਸਕਦਾ ਹੈ।**

ਕਈ ਬੈਂਕ ਖਾਤਾ ਧਾਰਕਾਂ ਨੂੰ ਆਪਣੀ

| ਤਾਲਿਕਾ-1 : ਰਾਜ ਸਰਕਾਰਾਂ ਜੋ ਆਪਣੇ ਵਿਸ਼ੇਸ਼ ਸ਼੍ਰੇਣੀ ਕਿਰਤੀਆਂ ਲਈ ਰਾਸ਼ਟਰੀ ਪੈਨਸ਼ਨ ਪ੍ਰਣਾਲੀ – ਸਵਾਵਲੰਬਨ ਲਈ ਸਹਿ-ਯੋਗਦਾਨ ਕਰਦੀਆਂ ਹਨ | | | |
|---|---|---|---|
| ਸੰ. | ਰਾਜ ਸਰਕਾਰ ਦਾ ਨਾਮ | ਲਾਭਪਾਤਰ | ਰਾਜ ਸਰਕਾਰ ਦਾ ਯੋਗਦਾਨ |
| 1. | ਆਂਧਰ ਪ੍ਰਦੇਸ਼ ਭਵਨ ਅਤੇ ਹੋਰ ਉਸਾਰੀ ਕਿਰਤੀ ਕਲਿਆਣ ਬੋਰਡ | ਬਿਲਡਿੰਗ ਅਤੇ ਉਸਾਰੀ ਕਿਰਤੀ | 1000 ਰੁਪਏ ਸਾਲਾਨਾ |
| 2. | ਔਰਤਾਂ ਅਤੇ ਬਾਲ ਵਿਕਾਸ ਡਾਇਰੈਕਟੋਰੇਟ, ਕਰਨਾਟਕ | ਆਂਗਨਵਾੜੀ ਕਿਰਤੀ ਅਤੇ ਸਹਾਇਕ ਕਾਮੇ | ਆਂਗਨਵਾੜੀ ਕਿਰਤੀ 1800 ਰੁਪਏ ਸਾਲਾਨਾ ਅਤੇ ਆਂਗਨਵਾੜੀ ਕਾਮੇ 1004 ਰੁਪਏ ਸਾਲਾਨਾ |
| 3. | ਅਸੰਗਠਿਤ ਵਰਕਰ ਸਮਾਜਿਕ ਸਰੱਖਿਆ ਬੋਰਡ, ਕਰਨਾਟਕ ਸਰਕਾਰ | ਪਛਾਣੀ ਸੂਚੀ ਅਨੁਸਾਰ ਅਸੰਗਠਿਤ ਖੇਤਰ ਕਾਮੇ | 1000 ਰੁਪਏ ਪ੍ਰਤਿ ਸਾਲ |
| 4. | ਝਾਰਖੰਡ ਬਿਲਡਿੰਗ ਅਤੇ ਹੋਰ ਉਸਾਰੀ ਮੁਲਾਜ਼ਮ, ਕਲਿਆਣ ਬੋਰਡ ਰਾਂਚੀ | ਬਿਲਡਿੰਗ ਅਤੇ ਉਸਾਰੀ ਕਾਮੇ | 1000 ਰੁਪਏ ਸਾਲਾਨਾ |
| 5. | ਬਿਲਡਿੰਗ ਅਤੇ ਹੋਰ ਉਸਾਰੀ ਕਿਰਤੀ ਕਲਿਆਣ ਬੋਰਡ, ਰਾਜਸਥਾਨ | ਬਿਲਡਿੰਗ ਅਤੇ ਉਸਾਰੀ ਕਿਰਤੀ | 1000 ਰੁਪਏ ਸਾਲਾਨਾ |
| 6. | ਛੱਤੀਸਗੜ੍ਹ, ਸਰਕਾਰ | ਪਛਾਣੀ ਸੂਚੀ ਅਨੁਸਾਰ ਅਸੰਗਠਿਤ ਖੇਤਰ ਕਾਮੇ | 1000 ਰੁਪਏ |
| 7. | ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ | ਸੰਗਠਿਤ ਖੇਤਰ ਕਾਮੇ | 1000 ਰੁਪਏ |
| 8. | ਅਸਾਮ ਸਰਕਾਰ | ਸੰਗਠਿਤ ਖੇਤਰ ਕਾਮੇ | 1000 ਰੁਪਏ |
| 9. | ਹਰਿਆਣਾ ਸਰਕਾਰ | ਗੰਨਾ ਉਤਪਾਦਕ ਸਭਾਵਾਂ/ ਸਹਿਕਾਰੀ ਚੀਨੀ ਮਿੱਲਾਂ/ ਹਾਫੈਡ ਚੀਨੀ ਮਿੱਲ/ ਦੁੱਧ ਸਹਿਕਾਰੀ ਸੰਸਥਾਵਾਂ ਅਤੇ ਆਂਗਨਵਾੜੀ ਕਿਰਤੀ | 1200 ਰੁਪਏ |
| 10. | ਮੱਧ ਪ੍ਰਦੇਸ਼ ਸਰਕਾਰ | ਬਿਲਡਿੰਗ ਅਤੇ ਉਸਾਰੀ ਕਿਰਤੀ | 1000 ਰੁਪਏ |

ਇੰਟਰਨੈੱਟ ਬੈਂਕਿੰਗ ਪੋਰਟਲ ਰਾਹੀਂ ਵੀ, ਕਾਗ਼ਜ਼ ਮੁਕਤ ਵਾਤਾਵਰਨ ਵਿੱਚ ਇਹ ਸਹੂਲਤ ਦੇ ਰਹੇ ਹਨ। ਅੱਜਕੱਲ੍ਹ 228 ਬੈਂਕ ਅਤੇ ਭਾਰਤੀ ਡਾਕਖਾਨੇ, ਦੇਸ਼ ਭਰ ਵਿੱਚ ਫੈਲੀਆਂ ਆਪਣੀਆਂ 1,45,000 ਸ਼ਾਖਾਵਾਂ ਰਾਹੀਂ ਇਸ ਸਕੀਮ ਨੂੰ ਲਾਗੂ ਕਰ ਰਹੇ ਹਨ।

ਅਟਲ ਪੈਨਸ਼ਨ ਯੋਜਨਾ ਅਧੀਨ, ਇਕ ਖਾਤਾਧਾਰਕ ਨੂੰ 60 ਸਾਲ ਦੀ ਉਮਰ ਹੋਣ ਉਤੇ ਉਸ ਦੀ ਆਪਣੀ ਜਮ੍ਹਾਂ ਰਾਸ਼ੀ ਅਨੁਸਾਰ, ਜੋ ਉਸ ਦੀ ਸਕੀਮ ਵਿੱਚ ਸ਼ਾਮਲ ਹੋਣ ਵੇਲੇ ਉਮਰ ਅਤੇ ਉਸ ਦੀ ਮਹੀਨਾਵਾਰ ਕਿਸ਼ਤ ਉਪਰ ਨਿਰਭਰ ਹੋਵੇਗੀ, 1000 ਰੁਪਏ ਤੋਂ 5000 ਰੁਪਏ ਤੱਕ ਘੱਟ ਤੋਂ ਘੱਟ ਜ਼ਾਮਨੀਸ਼ੁਦਾ ਪੈਨਸ਼ਨ ਮਿਲਦੀ ਹੈ। ਜੋ ਖਾਤਾਧਾਰਕ 18 ਸਾਲ ਦੀ ਉਮਰ ਵਿੱਚ ਸਕੀਮ ਵਿੱਚ ਸ਼ਾਮਲ ਹੁੰਦਾ ਹੈ ਅਤੇ ਉਹ 42 ਰੁਪਏ ਮਹੀਨੇ ਦੀ ਥੋੜ੍ਹੀ ਜਿਹੀ ਰਕਮ ਹਰ ਮਹੀਨੇ ਜਮ੍ਹਾਂ ਕਰਦਾ ਹੈ ਤਾਂ ਉਸ ਨੂੰ 1000 ਰੁਪਏ ਮਹੀਨਾ ਪੈਨਸ਼ਨ ਮਿਲਦੀ ਰਹਿੰਦੀ ਹੈ ਅਤੇ ਜੋ 39 ਸਾਲ ਦੀ ਉਮਰ ਵਿੱਚ ਸ਼ਾਮਲ ਹੋ ਕੇ 1054 ਰੁਪਏ ਮਹੀਨਾ ਜਮ੍ਹਾ ਕਰਦਾ ਹੈ ਉਸ ਨੂੰ 5000 ਰੁਪਏ ਮਹੀਨਾ ਪੈਨਸ਼ਨ ਮਿਲ ਜਾਂਦੀ ਹੈ। ਹਰ ਯੋਗ ਖਾਤਾਧਾਰਕ ਦੇ ਖਾਤੇ ਵਿੱਚ ਕੇਂਦਰ ਸਰਕਾਰ ਆਪਣੇ ਵਲੋਂ ਵੀ ਸਹਿ ਸਹਿਯੋਗ ਦੇ ਤੌਰ ਤੇ, ਕੁੱਲ ਜਮ੍ਹਾਂ ਕਿਸ਼ਤ ਦਾ 50 ਪ੍ਰਤਿਸ਼ਤ ਜਾਂ 1000 ਰੁਪਏ ਪ੍ਰਤਿ ਸਾਲ ਜੋ ਵੀ ਘੱਟ ਹੋਵੇ, 5 ਸਾਲ ਲਈ ਜਮ੍ਹਾਂ ਕਰਦੀ ਹੈ ਪਰ ਉਸ ਖਾਤਾਧਾਰਕ ਨੇ ਸਕੀਮ 31 ਮਾਰਚ 2011 ਨੂੰ ਜਾਂ ਉਸ ਤੋਂ ਪਹਿਲਾਂ ਅਪਨਾ ਲਈ ਹੋਵੇ ਅਤੇ ਉਹ ਕਿਸੇ ਵੀ ਹੋਰ ਕਾਨੂੰਨੀ ਸਮਾਜਿਕ ਸੁਰੱਖਿਆ ਸਕੀਮ ਵਿੱਚ ਸ਼ਾਮਲ ਨਾ ਹੋਵੇ ਅਤੇ ਨਾ ਹੀ ਆਮਦਨ ਕਰ ਦਾਤਾ ਹੋਵੇ। ਸਕੀਮ ਦੇ ਚਾਲੂ ਸਮੇਂ ਕੋਈ ਵੀ ਵਿਅਕਤੀ, ਸਾਲ ਵਿੱਚ ਇਕ ਵਾਰੀ ਅਪ੍ਰੈਲ ਦੇ ਮਹੀਨੇ ਆਪਣੀ ਚੁਣੀ ਹੋਈ ਪੈਨਸ਼ਨ ਰਾਸ਼ੀ ਨੂੰ ਵਧਾ ਜਾਂ ਘਟਾ ਵੀ ਸਕਦਾ ਹੈ, ਉਸ ਦੀ ਜਮ੍ਹਾਂ ਕਰਨ ਦੀ ਕਿਸ਼ਤ ਉਸ ਅਨੁਸਾਰ ਘਟਾ ਜਾਂ ਵਧਾ ਦਿੱਤੀ ਜਾਵੇਗੀ। ਜੇਕਰ ਖਾਤਾਧਾਰਕ ਦੀ, 60 ਸਾਲ ਦੀ ਉਮਰ ਤੋਂ ਬਾਅਦ ਪੈਨਸ਼ਨ ਲੈਣ ਦੇ ਸਮੇਂ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਜੀਵਨ ਸਾਥੀ ਨੂੰ ਉਸ ਦੇ ਜੀਵਨਕਾਲ ਵਿੱਚ ਪੈਨਸ਼ਨ ਦੀ ਉਹੋ ਰਾਸ਼ੀ ਮਿਲਦੀ ਰਹੇਗੀ। ਖਤਾਧਾਰਕ ਅਤੇ ਉਸ ਦੇ ਜੀਵਨ ਸਾਥੀ ਦੋਹਾਂ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ, ਨਾਮਜ਼ਦ ਵਿਅਕਤੀ ਨੂੰ ਪੈਨਸ਼ਨ ਫੰਡ ਵਿੱਚ ਜਮ੍ਹਾਂ ਕੀਤੀ ਕੁੱਲ ਰਾਸ਼ੀ ਦੇ ਦਿੱਤੀ ਜਾਵੇਗੀ। ਪਰ ਜੇਕਰ ਕਿਸੇ ਖਾਤਾਧਾਰਕ ਦੀ 60 ਸਾਲ ਦੀ ਉਮਰ ਪੁੱਗਣ ਤੋਂ ਪਹਿਲਾਂ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਜੀਵਨ ਸਾਥੀ ਨੂੰ ਸਕੀਮ ਨੂੰ ਬਾਕੀ ਸਮੇਂ ਤੱਕ ਚਾਲੂ ਰੱਖਣ ਦਾ ਵਿਕਲਪ ਦਿੱਤਾ ਜਾਂਦਾ ਹੈ ਤਾਂ ਕਿ ਉਸ ਜੀਵਨ ਸਾਥੀ ਨੂੰ, ਪੈਨਸ਼ਨ ਪਹਿਲੇ ਖਾਤਾਧਾਰਕ ਦੀ ਪੈਨਸ਼ਨ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਮਿਲ ਜਾਵੇ। ਜੇਕਰ ਕੋਈ ਖਾਤਾਧਾਰਕ ਆਪਣਾ ਖਾਤਾ ਬੰਦ ਕਰਨਾ ਚਾਹੁੰਦਾ ਹੈ ਅਤੇ ਸਕੀਮ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹੈ ਤਾਂ ਉਸ ਨੂੰ ਉਸ ਦੀ ਜਮ੍ਹਾਂ ਰਾਸ਼ੀ ਅਤੇ ਉਸ ਉਪਰ ਮਿਲੇ ਲਾਭ ਸਮੇਤ ਨਿਵੇਸ਼ ਪ੍ਰਬੰਧਨ ਅਤੇ ਚਾਲੂ ਰੱਖਣ ਦਾ ਖਰਚਾ ਕਟ ਕੇ ਵਾਪਸ ਕਰ ਦਿੱਤੀ ਜਾਂਦੀ ਹੈ।

ਭਾਰਤ ਸਰਕਾਰ ਘੱਟ ਤੋਂ ਘੱਟ ਪੈਨਸ਼ਨ ਦੀ ਜ਼ਾਮਨੀਸ਼ੁਦਾ ਹੈ। ਜੇਕਰ ਪੈਨਸ਼ਨ ਦੀ ਰਾਸ਼ੀ ਉਪਰ, ਕਿਸ਼ਤਾਂ ਜਮ੍ਹਾਂ ਹੋਣ ਦੇ ਸਮੇਂ ਵਿੱਚ ਮਿਲਣ ਵਾਲਾ ਲਾਭ, ਘੱਟ ਤੋਂ ਘੱਟ ਜ਼ਾਮਨੀਸ਼ੁਦਾ ਪੈਨਸ਼ਨ ਦੀ ਰਾਸ਼ੀ ਤੋਂ ਵੱਧ ਹੋਵੇ ਤਾਂ ਅਜਿਹੇ ਵਧੀਕ ਲਾਭ ਨੂੰ ਖਾਤਾਧਾਰਕ ਨੂੰ ਦਿੱਤਾ ਜਾਂਦਾ ਹੈ ਜਿਸ ਨਾਲ ਉਸ ਨੂੰ ਵਧੇਰੇ ਪੈਨਸ਼ਨ ਰਾਸ਼ੀ ਮਿਲਦੀ ਹੈ। ਇਸ

| ਤਾਲਿਕਾ-2 : ਅਟਲ ਪੈਨਸ਼ਨ ਯੋਜਨਾ ਅਧੀਨ ਯੋਗਦਾਨ ਚਾਰਟ ਹੇਠ ਦਿੱਤੇ ਅਨੁਸਾਰ ਹੈ | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | | ਘੱਟੋ-ਘੱਟ 1000 ਰੁਪਏ ਮਹੀਨਾ ਜ਼ਾਮੀਨਸ਼ੁਦਾ ਪੈਨਸ਼ਨ | | | ਘੱਟੋ-ਘੱਟ 2000 ਰੁਪਏ ਮਹੀਨਾ ਜ਼ਾਮੀਨਸ਼ੁਦਾ ਪੈਨਸ਼ਨ | | | ਘੱਟੋ-ਘੱਟ 3000 ਰੁਪਏ ਮਹੀਨਾ ਜ਼ਾਮੀਨਸ਼ੁਦਾ ਪੈਨਸ਼ਨ | | | ਘੱਟੋ-ਘੱਟ 4000 ਰੁਪਏ ਮਹੀਨਾ ਜ਼ਾਮੀਨਸ਼ੁਦਾ ਪੈਨਸ਼ਨ | | | ਘੱਟੋ-ਘੱਟ 5000 ਰੁਪਏ ਮਹੀਨਾ ਜ਼ਾਮੀਨਸ਼ੁਦਾ ਪੈਨਸ਼ਨ | | |
| ਨਾਮਜ਼ਦ ਵਿਅਕਤੀ ਨੂੰ ਫੰਡ ਵਿੱਚੋਂ ਅਦਾਇਗੀ ਦੀ ਸੰਕੇਤਕ ਰਕਮ | | 1.7 ਲੱਖ | | | 3.4 ਲੱਖ ਰੁਪਏ | | | 5.1 ਲੱਖ ਰੁਪਏ | | | 6.8 ਲੱਖ ਰੁਪਏ | | | 8.5 ਲੱਖ ਰੁਪਏ | | |
| ਸ਼ਾਮਲ ਹੋਣ ਵੇਲੇ ਉਮਰ | ਚਾਲੂ ਰਹਿਣ ਦਾ ਸਮਾਂ | ਹਰ ਮਹੀਨੇ ਯੋਗਦਾਨ | ਤਿਮਾਹੀ ਯੋਗਦਾਨ | ਛਿਮਾਹੀ ਯੋਗਦਾਨ | ਹਰ ਮਹੀਨੇ ਯੋਗਦਾਨ | ਤਿਮਾਹੀ ਯੋਗਦਾਨ | ਛਿਮਾਹੀ ਯੋਗਦਾਨ | ਹਰ ਮਹੀਨੇ ਯੋਗਦਾਨ | ਤਿਮਾਹੀ ਯੋਗਦਾਨ | ਛਿਮਾਹੀ ਯੋਗਦਾਨ | ਹਰ ਮਹੀਨੇ ਯੋਗਦਾਨ | ਤਿਮਾਹੀ ਯੋਗਦਾਨ | ਛਿਮਾਹੀ ਯੋਗਦਾਨ | ਹਰ ਮਹੀਨੇ ਯੋਗਦਾਨ | ਤਿਮਾਹੀ ਯੋਗਦਾਨ | ਛਿਮਾਹੀ ਯੋਗਦਾਨ |
| 18 | 42 | 42 | 125 | 248 | 84 | 250 | 496 | 126 | 376 | 744 | 168 | 501 | 991 | 210 | 626 | 1239 |
| 19 | 41 | 46 | 137 | 271 | 92 | 274 | 543 | 138 | 411 | 814 | 183 | 545 | 1080 | 228 | 679 | 1346 |
| 20 | 40 | 50 | 149 | 295 | 100 | 298 | 590 | 150 | 447 | 885 | 198 | 590 | 1169 | 248 | 739 | 1464 |
| 21 | 39 | 54 | 161 | 319 | 108 | 322 | 637 | 162 | 483 | 956 | 215 | 641 | 1269 | 269 | 802 | 1588 |
| 22 | 38 | 59 | 176 | 348 | 117 | 349 | 690 | 177 | 527 | 1045 | 234 | 697 | 1381 | 292 | 870 | 1723 |
| 23 | 37 | 64 | 191 | 378 | 127 | 378 | 749 | 192 | 572 | 1133 | 254 | 757 | 1499 | 318 | 948 | 1877 |
| 24 | 36 | 70 | 209 | 413 | 139 | 414 | 820 | 208 | 620 | 1228 | 277 | 826 | 1635 | 346 | 1031 | 2042 |
| 25 | 35 | 76 | 226 | 449 | 151 | 450 | 891 | 226 | 674 | 1334 | 301 | 897 | 1776 | 376 | 1121 | 2219 |
| 26 | 34 | 82 | 244 | 484 | 164 | 489 | 968 | 246 | 733 | 1452 | 327 | 975 | 1930 | 409 | 1219 | 2414 |
| 27 | 33 | 90 | 268 | 531 | 178 | 530 | 1050 | 268 | 799 | 1582 | 356 | 1061 | 2101 | 446 | 1329 | 2632 |
| 28 | 32 | 97 | 289 | 572 | 194 | 578 | 1145 | 292 | 870 | 1723 | 388 | 1156 | 2290 | 485 | 1445 | 2862 |
| 29 | 31 | 106 | 316 | 626 | 212 | 632 | 1251 | 318 | 948 | 1877 | 423 | 1261 | 2496 | 529 | 1577 | 3122 |
| 30 | 30 | 116 | 346 | 685 | 231 | 688 | 1363 | 347 | 1034 | 2048 | 462 | 1377 | 2727 | 577 | 1720 | 3405 |
| 31 | 29 | 126 | 376 | 744 | 252 | 751 | 1487 | 379 | 1129 | 2237 | 504 | 1502 | 2974 | 630 | 1878 | 3718 |
| 32 | 28 | 138 | 411 | 814 | 276 | 823 | 1629 | 414 | 1234 | 2443 | 551 | 1642 | 3252 | 689 | 2053 | 4066 |
| 33 | 27 | 151 | 450 | 891 | 302 | 900 | 1782 | 453 | 1350 | 2673 | 602 | 1794 | 3553 | 752 | 2241 | 4438 |
| 34 | 26 | 165 | 492 | 974 | 330 | 983 | 1948 | 495 | 1475 | 2921 | 659 | 1964 | 3889 | 824 | 2456 | 4863 |
| 35 | 25 | 181 | 539 | 1068 | 362 | 1079 | 2136 | 543 | 1618 | 3205 | 722 | 2152 | 4261 | 902 | 2688 | 5323 |
| 36 | 24 | 198 | 590 | 1169 | 396 | 1180 | 2337 | 594 | 1770 | 3506 | 792 | 2360 | 4674 | 990 | 2950 | 5843 |
| 37 | 23 | 218 | 650 | 1287 | 436 | 1299 | 2573 | 654 | 1949 | 3860 | 870 | 2593 | 5134 | 1087 | 3239 | 6415 |
| 38 | 22 | 240 | 715 | 1416 | 480 | 1430 | 2833 | 720 | 2146 | 4249 | 957 | 2852 | 5648 | 1196 | 3564 | 7058 |
| 39 | 21 | 264 | 787 | 1558 | 528 | 1574 | 3116 | 792 | 2360 | 4674 | 1054 | 3141 | 6220 | 1318 | 3928 | 7778 |

ਦਾ ਮਤਲਬ ਹੈ ਕਿ ਜੇਕਰ ਜਮ੍ਹਾਂ ਰਾਸ਼ੀ ਉਪਰ ਲਾਭ ਘੱਟ ਹੋ ਜਾਵੇ ਤਾਂ ਉਸ ਦਾ ਖ਼ਤਰਾ ਸਰਕਾਰ ਝੱਲਦੀ ਹੈ ਅਤੇ ਜੇਕਰ ਇਹ ਵੱਧ ਹੋ ਜਾਵੇ ਤਾਂ ਉਹ ਵਾਧੂ ਲਾਭ, ਲਾਭਪਾਤਰ/ਖਾਤਾਧਾਰਕ ਨੂੰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਅਟਲ ਪੈਨਸ਼ਨ ਯੋਜਨਾ ਸਵਾਵਲੰਬਨ ਸਕੀਮ ਤੋਂ ਵੀ ਲਾਭਕਾਰੀ ਹੈ, ਇਸ ਤਰ੍ਹਾਂ ਕਿ ਸਰਕਾਰੀ ਸਹਿ-ਸਹਿਯੋਗ ਤੋਂ ਇਲਾਵਾ ਇਸ ਵਿੱਚ ਘੱਟ ਤੋਂ ਘੱਟ ਜ਼ਾਮਨੀਸ਼ੁਦਾ ਪੈਨਸ਼ਨ ਵੀ ਸ਼ਾਮਲ ਹੈ। ਇਹ ਸਕੀਮ ਕੇਂਦਰ ਸਰਕਾਰ ਦੇ ਕਰਮਚਾਰੀਆਂ ਲਈ ਲਾਗੂ ਰਾਸ਼ਟਰੀ ਪੈਨਸ਼ਨ ਪ੍ਰਣਾਲੀ ਜਿਹਾ ਪੈਨਸ਼ਨ ਨਮੂਨਾ ਹੀ ਲਾਗੂ ਕਰਦੀ ਹੈ, ਸਾਲ 2016-17 ਵਿੱਚ, ਇਸ ਨੇ 13.91 ਪ੍ਰਤਿਸ਼ਤ ਦੀ ਲਾਭਦਰ ਹਾਸਲ ਕੀਤੀ ਹੈ।

ਕੋਈ ਵੀ ਖਾਤਾਧਾਰਕ, ਵੈੱਬਸਾਈਟ (www.npscra.nsdl.co.in ਜਾਂ www.npstrust.org.in) ਉਤੇ ਜਾ ਕੇ ਅਟਲ ਪੈਨਸ਼ਨ ਯੋਜਨਾ ਖੰਡ ਅਧੀਨ ਆਪਣੀ ਜਮ੍ਹਾਂ ਰਾਸ਼ੀ ਦਾ ਵੇਰਵਾ ਅਤੇ ਈ-ਪਰਾਨ (ਈ-ਸਥਾਈ ਸੇਵਾ ਮੁਕਤੀ ਖਾਤਾ ਨੰਬਰ) ਦੇਖ ਸਕਦਾ ਹੈ ਅਤੇ ਆਪਣਾ ਈ-ਪਰਾਨ ਕਾਰਡ ਪਰਿੰਟ ਕਰ ਸਕਦਾ ਹੈ। ਇਨ੍ਹਾਂ ਤੱਕ, ਅਟਲ ਪੈਨਸ਼ਨ ਯੋਜਨਾ ਪਰਾਨ ਨੰਬਰ ਅਤੇ ਬੱਚਤ ਬੈਂਕ ਖਾਤਾ ਨੰਬਰ ਵੇਰਵੇ ਦੇ ਕੇ ਪਹੁੰਚਿਆ ਜਾ ਸਕਦਾ ਹੈ। ਕੋਈ ਵੀ ਖਾਤਾਧਾਰਕ ਜਿਸ ਕੋਲ ਅਟਲ ਪੈਨਸ਼ਨ ਯੋਜਨਾ ਪਰਾਨ ਨੰਬਰ ਤੁਰੰਤ ਨਹੀਂ ਹੈ, ਉਹ ਵੀ ਇਹ ਸਹੂਲਤਾਂ ਆਪਣੀ ਜਨਮ ਤਰੀਕ ਅਤੇ ਬੱਚਤ ਬੈਂਕ ਖਾਤਾ ਨੰਬਰ ਦੇ ਕੇ ਪ੍ਰਾਪਤ ਕਰ

ਸਕਦਾ ਹੈ। ਇਸ ਆਨਲਾਈਨ ਹਥਿਆਰ ਨਾਲ ਖਾਤਾਧਾਰਕ ਆਪਣੇ ਅਟਲ ਪੈਨਸ਼ਨ ਖਾਤੇ ਦੇ ਪੂਰੇ ਵੇਰਵੇ, ਜਿਵੇਂ ਕਿ ਜਮ੍ਹਾਂ ਵੇਰਵੇ, ਪੈਨਸ਼ਨ ਰਕਮ, ਪੈਨਸ਼ਨ ਸ਼ੁਰੂ ਹੋਣ ਦੀ ਮਿਤੀ, ਮਨੋਨੀਤ ਵਿਅਕਤੀ ਦਾ ਨਾਮ, ਸੰਬੰਧਿਤ ਬੈਂਕ ਦਾ ਨਾਮ ਆਦਿ ਦੇਖ ਸਕਦਾ ਹੈ। ਜੇਕਰ ਜ਼ਰੂਰਤ ਹੋਵੇ ਤਾਂ ਖਾਤਾਧਾਰਕ ਆਪਣਾ ਈ-ਪਰਾਨ ਕਾਰਡ ਵੀ ਪਰਿੰਟ ਕਰ ਸਕਦੇ ਹਨ ਅਤੇ ਉਸ ਨੂੰ ਸੰਭਾਲ ਕੇ ਰੱਖ ਸਕਦੇ ਹਨ ਤਾਂ ਕਿ ਭਵਿੱਖ ਵਿੱਚ ਲੋੜ ਵੇਲੇ ਵੇਰਵੇ ਦੇਖੇ ਜਾ ਸਕਣ। ਜੇਕਰ ਪੈਨਸ਼ਨ ਰਕਮ ਵਿੱਚ ਕੋਈ ਤਬਦੀਲੀ ਲਿਆਈ ਜਾਂਦੀ ਹੈ, ਜਮ੍ਹਾਂ ਕਰਨ ਦੀ ਰਾਸ਼ੀ ਦੇ ਨਿਯਮਤ ਅੰਤਰਾਲ ਵਿੱਚ ਤਬਦੀਲੀ ਆਉਂਦੀ ਹੈ, ਅਟਲ ਪੈਨਸ਼ਨ ਯੋਜਨਾ ਵਿੱਚ ਨਿੱਜੀ ਵੇਰਵਿਆਂ ਵਿੱਚ ਤਬਦੀਲੀ ਆਉਂਦੀ ਹੈ ਤਾਂ ਖਾਤਾਧਾਰਕ ਆਪਣਾ ਈ-ਪਰਾਨ ਕਾਰਡ ਮੁੜ ਤੋਂ ਪਰਿੰਟ ਕਰ ਸਕਦੇ ਹਨ, ਜੋ ਤਾਜ਼ਾ ਵੇਰਵੇ ਦਿਖਾਵੇਗਾ। ਇਸ ਤੋਂ ਇਲਾਵਾ ਖਾਤਾਧਾਰਕ ਆਪਣੀਆਂ ਸ਼ਿਕਾਇਤਾਂ/ਗਿਲੇ-ਸ਼ਿਕਵੇ ਵੈੱਬਸਾਈਟ (http://npslite-nedl.com./CRAlite/grievance) ਉਪਰ ਦਰਜ ਕਰਵਾ ਸਕਦੇ ਹਨ।

13 ਜੂਨ 2017 ਤੱਕ ਅਟਲ ਪੈਨਸ਼ਨ ਯੋਜਨਾ ਵਿੱਚ 54.71 ਲੱਖ ਦਰਜਸ਼ੁਦਾ ਖਾਤਾਧਾਰਕ ਸਨ। ਇਨ੍ਹਾਂ ਵਿੱਚ ਪੁਰਸ਼ ਖਾਤਾਧਾਰਕ 62 ਪ੍ਰਤਿਸ਼ਤ ਹਨ ਅਤੇ ਔਰਤ ਖਾਤਾਧਾਰਕ ਲਗਭਗ 38 ਪ੍ਰਤਿਸ਼ਤ। ਬਹੁਤੇ ਖਾਤਾਧਾਰਕਾਂ ਨੇ ਹਰ ਮਹੀਨੇ ਆਪਣੀ ਕਿਸ਼ਤ ਜਮ੍ਹਾਂ ਕਰਵਾਉਣ ਦਾ ਵਿਕਲਪ ਚੁਣਿਆ ਹੈ। ਲਗਭਗ 97.5 ਪ੍ਰਤਿਸ਼ਤ ਖਾਤਾਧਾਰਕ ਆਪਣੀ ਰਾਸ਼ੀ ਹਰ ਮਹੀਨੇ ਜਮ੍ਹਾਂ ਕਰਵਾਉਂਦੇ ਹਨ, 0.8 ਪ੍ਰਤਿਸ਼ਤ ਤਿਮਾਹੀ ਅੰਤਰਾਲ ਉਤੇ ਅਤੇ 1.7 ਪ੍ਰਤਿਸ਼ਤ ਛਮਾਹੀ ਅੰਤਰਾਲ ਉਤੇ। ਬਹੁਤੇ ਖਾਤਾਧਾਰਕਾਂ ਨੇ (51.5 ਪ੍ਰਤਿਸ਼ਤ) ਹਰ ਮਹੀਨੇ 1000 ਰੁਪਏ ਪੈਨਸ਼ਨ ਦਾ ਵਿਕਲਪ ਚੁਣਿਆ ਹੈ ਅਤੇ 34.5 ਪ੍ਰਤਿਸ਼ਤ ਨੇ ਹਰ ਮਹੀਨੇ 5000 ਰੁਪਏ ਪੈਨਸ਼ਨ ਦਾ। ਉਮਰ ਵਾਰ ਅਤੇ ਚੁਣੀ ਹੋਈ ਪੈਨਸ਼ਨ ਦੇ ਵਿਕਲਪ ਅਨੁਸਾਰ ਹਰ ਮਹੀਨੇ, ਹਰ ਤਿਮਾਹੀ ਅਤੇ ਹਰ ਛਿਮਾਹੀ ਜਮ੍ਹਾਂ ਕਰਵਾਈ ਜਾਣ ਵਾਲੀ ਰਾਸ਼ੀ ਤਾਲਿਕਾ-2 ਵਿੱਚ ਦਿੱਤੀ ਗਈ ਹੈ।

*(ਸਰੋਤ : ਰਾਸ਼ਟਰੀ ਪੈਨਸ਼ਨ ਸਕੀਮ ਅਤੇ ਅਟਲ ਪੈਨਸ਼ਨ ਸਕੀਮ, ਸਰੋਤ : ਪੀ ਐੱਫ ਆਰ ਡੀ ਏ)*

***ਸਫ਼ਾ 39 ਦਾ ਬਾਕੀ***

ਪ੍ਰੋਗਰਾਮ, ਜੋ ਕਿ ਚੰਗੀ ਕਾਰਗੁਜ਼ਾਰੀ ਵਿਖਾ ਰਿਹਾ ਹੈ, ਉੱਤੇ ਅਸੀਂ ਇਕ ਅਜਿਹਾ ਸ਼ਾਸਨ ਥੋਪ ਰਹੇ ਹਾਂ ਜੋ ਕਿ ਹਾਂ-ਪੱਖੀ ਪ੍ਰਭਾਵ ਦੀ ਥਾਂ ਨਾਂਹ-ਪੱਖੀ ਪ੍ਰਭਾਵ ਛੱਡੇ। ਇਹ ਮੌਕਾ ਹੈ ਜਦ ਕਿ ਅਸੀਂ ਆਪਣਾ ਧਿਆਨ ਆਪਣੇ ਬੱਚਿਆਂ ਦੀ ਭਲਾਈ ਵੱਲ ਕੇਂਦਰਿਤ ਕਰੀਏ ਅਤੇ ਉਨ੍ਹਾਂ ਲਈ ਸਵਾਗਤਯੋਗ ਅਤੇ ਵਧਣ ਫੁੱਲਣ ਵਾਲਾ ਵਾਤਾਵਰਨ ਤਿਆਰ ਕਰੀਏ ਜਿਥੇ ਕਿ ਉਹ ਤਾਜ਼ਾ ਤਿਆਰ ਗਰਮ ਖਾਣੇ ਦੀ ਆਸ ਰੱਖ ਸਕਣ ਅਤੇ ਵਧੀਆ ਸਿੱਖਿਆ ਹਾਸਲ ਕਰ ਸਕਣ ਨਾਕਿ ਅਜਿਹਾ ਮਾਹੌਲ ਤਿਆਰ ਹੋਵੇ ਜਿਥੇ ਕਿ ਉਹ ਖਲਨਾਇਕ ਬਣ ਜਾਣ ਅਤੇ ਸਾਡੇ ਲਈ ਭ੍ਰਿਸ਼ਟਾਚਾਰ, ਪਾਰਦਰਸ਼ਤਾ ਅਤੇ ਜਵਾਬਦੇਹੀ ਦਾ ਬੋਝ ਲਈ ਫਿਰਨ। ਇਹ ਸਮਾਂ ਹੈ ਜਦੋਂ ਅਸੀਂ ਇਹ ਸੋਚਣਾ ਬੰਦ ਕਰ ਦਿੱਤਾ ਹੈ ਕਿ ਅਸੀਂ ਲੋਕਰਾਜੀ ਦੇਸ਼ ਵਜੋਂ ਉਸ ਸਮਾਜਿਕ ਸਮਝੌਤੇ ਅਧੀਨ ਆਪਣੇ ਸ਼ਹਿਰੀਆਂ ਅਤੇ ਵਿਸ਼ੇਸ਼ ਤੌਰ ਤੇ ਬੱਚਿਆਂ ਨਾਲ ਕਿੱਧਰ ਜਾ ਰਹੇ ਹਾਂ? ਕੀ ਅਸੀਂ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਦੀ ਬਲੀ ਪਾਰਦਰਸ਼ਤਾ ਤੇ ਜਵਾਬਦੇਹੀ ਦੇ ਨਾਂ ਉੱਤੇ ਦੇਣ ਲੱਗੇ ਹਾਂ?

*(ਲੇਖਕ ਨੀਤੀ ਖੋਜ ਬਾਰੇ ਸੰਸਥਾ ਵਿੱਚ ਸੀਨੀਅਰ ਫੈਲੋ ਹਨ ਅਤੇ ਮੌਜੂਦਾ ਐਲੀਮੈਂਟਰੀ ਸਿੱਖਿਆ ਵਿੱਚ ਸੰਸਥਾਗਤ ਕਾਰਵਾਈਆਂ ਦੇ ਮਾਮਲਿਆਂ ਉਤੇ ਕੰਮ ਕਰ ਰਹੇ ਹਨ)*

*e-mail :kiran.bhatty@cprindia.org*



# ਔਰਤ ਕਰਮਚਾਰੀਆਂ ਦੀ ਸੁਰੱਖਿਆ

ਸਰੋਜ ਸਿੰਘ

ਦੇਸ਼ ਦੀ ਕੁੱਲ ਅਬਾਦੀ ਵਿੱਚ ਔਰਤਾਂ ਦਾ ਹਿੱਸਾ 48 ਪ੍ਰਤਿਸ਼ਤ ਹੈ, ਪਰ ਦੇਸ਼ ਦੇ ਕਿਰਤ ਬਲ ਵਿੱਚ ਔਰਤਾਂ ਦਾ ਯੋਗਦਾਨ ਅਬਾਦੀ ਦੇ ਮੁਕਾਬਲੇ ਬਹੁਤ ਘੱਟ ਹੈ। ਸਾਲ 2017 ਵਿੱਚ ਜਾਰੀ ਵਿਸ਼ਵ ਬੈਂਕ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਸਿਰਫ਼ 27 ਪ੍ਰਤਿਸ਼ਤ ਔਰਤਾਂ ਹੀ ਕੰਮਕਾਜੀ ਹਨ। ਭਾਰਤ ਦੀ 2011 ਦੀ ਜਨਸੰਖਿਆ ਦੇ ਅੰਕੜਿਆਂ ਅਨੁਸਾਰ ਦੇਸ਼ ਵਿੱਚ ਔਰਤ ਕਰਮਚਾਰੀਆਂ ਦੀ ਗਿਣਤੀ 14 ਕਰੋੜ 98 ਲੱਖ ਹੈ। ਇਨ੍ਹਾਂ ਵਿੱਚੋਂ 12 ਕਰੋੜ 18 ਲੱਖ ਔਰਤਾਂ ਪੇਂਡੂ ਖੇਤਰਾਂ ਵਿੱਚ ਕੰਮ ਕਰਦੀਆਂ ਹਨ, ਅਤੇ ਲਗਭਗ 2 ਕਰੋੜ 80 ਲੱਖ ਔਰਤਾਂ ਸ਼ਹਿਰੀ ਇਲਾਕਿਆਂ ਵਿੱਚ ਕੰਮ ਕਰਦੀਆਂ ਹਨ। ਪਿੰਡਾਂ ਵਿੱਚ ਕੰਮ ਕਰਦੀਆਂ 12 ਕਰੋੜ 18 ਲੱਖ ਔਰਤਾਂ ਵਿੱਚੋਂ 97.4 ਪ੍ਰਤਿਸ਼ਤ ਔਰਤਾਂ ਖੇਤੀ ਖੇਤਰ ਯਾਨੀ ਕਿ ਖੇਤੀਬਾੜੀ ਨਾਲ ਜੁੜੇ ਧੰਦਿਆਂ ਵਿੱਚ ਕੰਮ ਕਰਦੀਆਂ ਹਨ। ਸਾਲ 2011 ਦੀ ਜਨਗਣਨਾ ਦੇ ਅੰਕੜਿਆਂ ਦੀ ਮੰਨੀਏ ਤਾਂ ਦੇਸ਼ ਵਿੱਚ ਉਪਲਬਧ ਕੁੱਲ ਕਾਮਿਆਂ ਵਿੱਚ ਔਰਤਾਂ ਦੀ ਹਿੱਸੇਦਾਰੀ 25.51 ਪ੍ਰਤਿਸ਼ਤ ਹੈ। ਇਨ੍ਹਾਂ ਅੰਕੜਿਆਂ ਵਿੱਚ ਸਾਲ 2001 ਦੇ ਅੰਕੜਿਆਂ ਦੇ ਮੁਕਾਬਲੇ ਥੋੜ੍ਹੀ ਗਿਰਾਵਟ ਦਰਜ ਕੀਤੀ ਗਈ। ਸਾਲ 2001 ਵਿੱਚ ਦੇਸ਼ ਵਿੱਚ ਔਰਤ ਕਾਮਿਆਂ ਦੀ ਹਿੱਸੇਦਾਰੀ 25.63 ਪ੍ਰਤਿਸ਼ਤ ਹੁੰਦੀ ਸੀ। ਹਾਲਾਂਕਿ 2011 ਦੇ ਆਂਕੜੇ 1991 ਦੇ ਮੁਕਾਬਲੇ ਥੋੜ੍ਹੇ ਬਿਹਤਰ ਜ਼ਰੂਰ ਹਨ ਕਿਉਂਕਿ 1991 ਵਿੱਚ ਔਰਤ ਕਾਮਿਆਂ ਦੀ ਹਿੱਸੇਦਾਰੀ 22.27 ਪ੍ਰਤਿਸ਼ਤ ਸੀ।

ਔਰਤ ਕਾਮਿਆਂ ਦੇ ਇਨ੍ਹਾਂ ਅੰਕੜਿਆਂ ਪਿੱਛੇ ਦੀ ਵੱਡੀ ਵਜ੍ਹਾ ਕੰਮਕਾਜ ਦੇ ਦੌਰਾਨ ਸਮਾਜਿਕ ਸੁਰੱਖਿਆ ਦੀ ਕਮੀ ਨੂੰ ਮੰਨਿਆ ਜਾਂਦਾ ਹੈ। ਅੰਤਰਾਸ਼ਟਰੀ ਕਿਰਤ ਸੰਗਠਨ ਦੇ ਮਾਣਕਾਂ ਦੇ ਮੁਤਾਬਕ ਸਮਾਜਿਕ ਸੁਰੱਖਿਆ ਦੇ ਕਈ ਪ੍ਰਮੁੱਖ ਪੱਖ ਹਨ ਜਿਵੇਂ ਕਿ ਸਿਹਤ, ਬਿਮਾਰੀ, ਬੁਢਾਪਾ, ਬੇਰੋਜ਼ਗਾਰੀ, ਰੋਜ਼ਗਾਰ ਵਿੱਚ ਰਹਿੰਦਿਆਂ ਅਪੰਗਤਾ, ਪਰਿਵਾਰ ਦੇ ਲਈ ਸਹਾਇਤਾ, ਪ੍ਰਸੂਤੀ ਅਤੇ ਮਾਂ ਬਣਨ ਨਾਲ ਜੁੜੀਆਂ ਸਹੂਲਤਾਂ। ਹਰ ਦੇਸ਼ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕਾਮਿਆਂ ਦੀ ਬਿਹਤਰੀ ਦੇ ਲਈ ਉਨ੍ਹਾਂ ਨੂੰ ਅਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਂਦਾ ਹੈ। ਭਾਰਤ ਨੇ ਵੀ ਆਪਣੇ ਰਾਸ਼ਟਰੀ ਹਿੱਤਾਂ ਵਿੱਚ ਔਰਤ ਕਿਰਤੀਆਂ ਦੀ ਮਹੱਤਵਪੂਰਨ ਭੂਮਿਕਾ ਨੂੰ ਦੇਖਦਿਆਂ ਉਨ੍ਹਾਂ ਲਈ ਅੰਤਰਰਾਸ਼ਟਰੀ ਮਾਣਕਾਂ ਉਤੇ ਇਸ ਤਰ੍ਹਾਂ ਦੀਆਂ ਕਈ ਯੋਜਨਾਵਾਂ ਬਣਾਈਆਂ ਹਨ।

ਭਾਰਤ ਵਿੱਚ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਲਈ ਇਕ ਕਾਨੂੰਨ ਬਣਾਇਆ ਗਿਆ ਹੈ। ਅਸੰਗਠਿਤ ਕਿਰਤੀ ਸਮਾਜਿਕ ਸੁਰੱਖਿਅ ਕਾਨੂੰਨ 2008 ਦੇ ਅਧੀਨ ਭਾਰਤ ਸਰਕਾਰ ਕਈ ਤਰ੍ਹਾਂ ਦੀਆਂ ਸਮਾਜਿਕ ਸੁਰੱਖਿਆ ਸਹੂਲਤਾਂ ਲਈ ਯੋਜਨਾਵਾਂ ਚਲਾਉਂਦੀ ਹੈ :

1) ਜੀਵਨ ਅਤੇ ਅਪਾਹਜਤਾ ਨਾਲ ਸੰਬੰਧਿਤ।

2) ਸਿਹਤ ਅਤੇ ਜਣੇਪੇ ਨਾਲ ਸੰਬੰਧਿਤ।

3) ਬੁਢਾਪਾ ਸੰਬੰਧਿਤ।

4) ਇਸ ਤੋਂ ਇਲਾਵਾ ਰਾਜ ਅਤੇ ਕੇਂਦਰ ਸਰਕਾਰ ਵਲੋਂ ਨਿਰਧਾਰਤ ਕਿਸੇ ਵੀ ਹੋਰ ਮਾਮਲੇ ਉਤੇ।

ਅਜਿਹੀਆਂ ਯੋਜਨਾਵਾਂ ਦੇ ਨਾਲ ਕਿਰਤੀਆਂ ਦੀ ਸਮਾਜਿਕ ਸੁਰੱਖਿਆ ਲਈ ਕੁੱਝ ਸੰਵਿਧਾਨਕ ਪ੍ਰਾਵਧਾਨ ਵੀ ਕੀਤੇ ਗਏ ਹਨ। ਇਨ੍ਹਾਂ ਵਿੱਚ ਕੁੱਝ ਸਿਰਫ਼ ਔਰਤਾਂ ਦੀ ਸਮਾਜਿਕ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਹੀ ਚਲਾਏ ਜਾ ਰਹੇ ਹਨ। ਜਦੋਂ ਕਿ ਕੁੱਝ ਔਰਤਾਂ ਅਤੇ ਮਰਦਾਂ ਦੋਹਾਂ ਲਈ ਬਣਾਏ ਗਏ ਹਨ, ਪਰ ਔਰਤਾਂ ਦਾ ਇਨ੍ਹਾਂ ਪ੍ਰਾਵਧਾਨਾਂ ਵਿੱਚ ਖ਼ਾਸ ਖ਼ਿਆਲ ਰੱਖਿਆ ਜਾ ਰਿਹਾ ਹੈ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਔਰਤਾਂ ਨੂੰ ਸਮਾਜਿਕ ਸੁਰੱਖਿਆ ਦਾ ਅਹਿਸਾਸ ਹੋਵੇ ਅਤੇ ਉਨ੍ਹਾਂ ਨਾਲ ਔਰਤ ਹੋਣ ਕਾਰਨ ਕੋਈ ਭੇਦਭਾਵ ਨਾ ਹੋ ਸਕੇ ਅਤੇ ਉਨ੍ਹਾਂ ਦੀ ਸਰੀਰਕ ਸਮਰੱਥਾ ਨੂੰ ਧਿਆਨ ਵਿੱਚ ਰੱਖ ਕੇ ਉਨ੍ਹਾਂ ਤੋਂ ਕੰਮ ਕਰਵਾਇਆ ਜਾ ਸਕੇ। ਸਭ ਤੋਂ ਪਹਿਲਾਂ ਔਰਤਾਂ ਉਤੇ ਕੇਂਦਰਿਤ ਯੋਜਨਾਵਾਂ ਅਤੇ ਸੰਵਿਧਾਨਕ ਪ੍ਰਬੰਧਾਂ ਉਤੇ ਇਕ ਨਜ਼ਰ ਮਾਰਦੇ ਹਾਂ।

## ਸਮਾਜਿਕ ਤਨਖ਼ਾਹ ਕਾਨੂੰਨ 1974

ਇਸ ਕਾਨੂੰਨ ਤਹਿਤ ਔਰਤ ਅਤੇ ਮਰਦ ਕਿਸੇ ਵੀ ਸੰਸਥਾ ਵਿੱਚ ਜੇਕਰ ਇਕ ਹੀ ਤਰ੍ਹਾਂ ਦਾ ਕੰਮ ਕਰ ਰਹੇ ਹਨ ਤਾਂ ਦੋਹਾਂ ਦੇ ਤਨਖ਼ਾਹ ਭੱਤਿਆਂ ਵਿੱਚ ਕੋਈ ਭੇਦਭਾਵ ਨਹੀਂ ਕੀਤਾ ਜਾ ਸਕਦਾ। ਹਾਲਾਂਕਿ ਇਸ ਕਾਨੂੰਨ ਦਾ ਉਦੇਸ਼ ਕਿਰਤੀ ਔਰਤਾਂ ਨੂੰ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ ਪ੍ਰੇਰਨ ਦਾ ਸੀ ਪਰ ਅੰਤਰਰਾਸ਼ਟਰੀ ਕਿਰਤ ਸੰਗਠਨ ਦੀ 2017 ਦੀ ਰਿਪੋਰਟ ਦੇ ਮੁਤਾਬਕ ਭਾਰਤ ਵਿੱਚ ਮਰਦਾਂ ਨੂੰ ਔਰਤਾਂ ਦੇ ਮੁਕਾਬਲੇ ਇਕ ਹੀ ਕੰਮ ਕਰਨ ਦੇ ਲਈ ਔਸਤਨ 30 ਪ੍ਰਤਿਸ਼ਤ ਵਧੇਰੇ ਤਨਖ਼ਾਹ ਦਿੱਤੀ ਜਾਂਦੀ ਹੈ। ਘੱਟ ਪੈਸਾ ਪਾਉਣ ਵਾਲੀਆਂ ਔਰਤਾਂ ਵਿੱਚ ਇਹ ਅੰਤਰ 60 ਪ੍ਰਤਿਸ਼ਤ ਤੱਕ ਹੈ ਜਦ ਕਿ ਜ਼ਿਆਦਾ ਤਨਖ਼ਾਹ ਵਾਲੀਆਂ ਔਰਤਾਂ ਵਿੱਚ ਇਹ ਅੰਤਰ 15 ਪ੍ਰਤਿਸ਼ਤ ਤੱਕ ਹੈ।

## ਕਾਰਖ਼ਾਨਾ ਕਾਨੂੰਨ 1948

ਉਂਜ ਤਾਂ ਇਹ ਕਾਨੂੰਨ ਫੈਕਟਰੀ ਵਿੱਚ ਕੰਮ ਕਰਨ ਵਾਲੇ ਹਰ ਕਰਮਚਾਰੀ ਲਈ ਬਣਾਇਆ ਗਿਆ ਹੈ ਪਰ ਇਸ ਵਿੱਚ ਵਿਸ਼ੇਸ਼ ਤੌਰ ਤੇ ਔਰਤਾਂ ਦੇ ਪੱਖ ਵਿੱਚ ਵੀ ਕਈ ਪ੍ਰਾਵਧਾਨ ਕੀਤੇ

ਗਏ ਹਨ, ਜਿਸ ਨਾਲ ਉਥੇ ਕੰਮ ਕਰਨ ਵਾਲੀਆਂ ਔਰਤਾਂ ਨੂੰ ਉਥੇ ਸੁਰੱਖਿਅਤ ਮਾਹੌਲ ਮਿਲ ਸਕੇ।

- ਫੈਕਟਰੀ ਕਾਨੂੰਨ ਦੀ ਧਾਰਾ 22(2) ਦੇ ਅਧੀਨ ਔਰਤ ਕਿਰਤੀਆਂ ਨੂੰ ਕਿਸੇ ਵੀ ਚਲਦੀ ਹੋਈ ਮਸ਼ੀਨ ਦੀ ਸਫ਼ਾਈ ਦੇ ਕੰਮ ਵਿੱਚ ਨਹੀਂ ਲਗਾਇਆ ਜਾ ਸਕਦਾ।

- ਇਸ ਕਾਨੂੰਨ ਦੀ ਧਾਰਾ 27 ਦੇ ਤਹਿਤ ਕਿਸੇ ਵੀ ਔਰਤ ਕਿਰਤੀ ਨੂੰ ਕਪਾਹ ਮਿੱਲ ਵਿੱਚ ਕਾਟਨ ਪ੍ਰਸੈਸਿੰਗ ਦੇ ਕੰਮ ਵਿੱਚ ਨਹੀਂ ਲਗਾਇਆ ਜਾ ਸਕਦਾ। ਇਹ ਦੋਨੋਂ ਨਿਯਮ ਔਰਤ਼ਾਂ ਦੀ ਸਿਹਤ ਸੰਬੰਧੀ ਸਹੂਲਤਾਂ ਨੂੰ ਦੇਖਦੇ ਹੋਏ ਬਣਾਏ ਗਏ।

- ਫੈਕਟਰੀ ਕਾਨੂੰਨ 1948 ਦੇ ਤਹਿਤ ਔਰਤ ਕਰਮਚਾਰੀਆਂ ਦੇ ਲਈ ਪਖਾਨਾ ਆਦਿ ਦੇ ਲਈ ਵੀ ਵੱਖਰੇ ਪ੍ਰਬੰਧ ਕਰਨ ਦਾ ਪ੍ਰਾਵਧਾਨ ਹੈ।

- ਇਸੇ ਕਾਨੂੰਨ ਦੀ ਧਾਰਾ 66(1)(ਈ) ਦੇ ਮੁਤਾਬਕ ਕਿਸੇ ਵੀ ਫੈਕਟਰੀ ਵਿੱਚ ਔਰਤਾਂ ਨੂੰ ਸਵੇਰੇ ਛੇ ਵਜੇ ਤੋਂ ਪਹਿਲਾਂ ਅਤੇ ਸ਼ਾਮ ਦੇ ਸਤ ਵਜੇ ਤੋਂ ਬਾਅਦ ਕੰਮ ਕਰਵਾਉਣ ਦੀ ਇਜਾਜ਼ਤ ਨਹੀਂ ਹੋਵੇਗੀ।

- ਬੀੜੀ ਅਤੇ ਸਿਗਰਟ ਬਣਾਉਣ ਦੀ ਫੈਕਟਰੀ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੇ ਲਈ ਵੀ ਇਸ ਸਹੂਲਤ ਦਾ ਜ਼ਿਕਰ ਬੀੜੀ ਅਤੇ ਸਿਗਾਰ ਕਰਮਚਾਰੀ (ਸੇਵਾ ਸ਼ਰਤਾਂ) ਕਾਨੂੰਨ 1966 ਦੀ ਧਾਰਾ 25 ਵਿੱਚ ਵੀ ਕੀਤਾ ਗਿਆ ਹੈ।

- ਇਸੇ ਕਾਨੂੰਨ ਤੋਂ ਸਬਕ ਲੈਂਦਿਆਂ ਖਦਾਨਾ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਵੀ ਇਹ ਸਹੂਲਤ ਦਿੱਤੀ ਗਈ ਹੈ। ਖਦਾਨ ਕਾਨੂੰਨ 1952 ਦੀ ਧਾਰਾ 46 (1) ਦੇ ਮੁਤਾਬਕ ਖਦਾਨ ਵਿੱਚ ਵੀ ਔਰਤਾਂ ਨੂੰ ਸਵੇਰੇ ਛੇ ਵਜੇ ਤੋਂ ਪਹਿਲਾਂ ਅਤੇ ਸ਼ਾਮੀ ਸੱਤ ਵਜੇ ਤੋਂ ਬਾਅਦ ਕੰਮ ਉਤੇ ਨਹੀਂ ਲਗਾਇਆ ਜਾ ਸਕਦਾ।

- ਨਾਲ ਹੀ ਖਦਾਨਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਜ਼ਮੀਨ ਦੇ ਹੇਠਾਂ ਦੇ ਹਿੱਸੇ ਵਿੱਚ ਕਿਸੇ ਵੀ ਕੰਮ ਵਿੱਚ ਨਹੀਂ ਲਗਾਇਆ ਜਾ ਸਕਦਾ।

ਔਰਤ ਕਿਰਤੀਆਂ ਦੀ ਸਿਹਤ ਨੂੰ ਲੈ ਕੇ ਵੀ ਸਰਕਾਰ ਜਾਗਰੂਕ ਰਹੀ ਹੈ, ਅਤੇ ਮੌਜੂਦਾ ਸਾਲਾਂ ਦੌਰਾਨ ਇਸ ਦਿਸ਼ਾ ਵਿੱਚ ਕਈ ਕਦਮ ਚੁੱਕੇ ਗਏ ਹਨ। ਸਿਹਤ ਬੀਮਾ ਤੋਂ ਲੈ ਕੇ ਜਨਨੀ ਸੁਰੱਖਿਆ ਤੱਕ ਇਸ ਦੀ ਝਲਕ ਦੇਖੀ ਜਾ ਸਕਦੀ ਹੈ। ਜਣੇਪਾ ਪ੍ਰਸੁਵਿਧਾ (ਸੋਧ) ਕਾਨੂੰਨ 2017 ਇਸ ਵਿੱਚ ਕਰਾਂਤੀਕਾਰੀ ਕਦਮ ਕਿਹਾ ਜਾ ਸਕਦਾ ਹੈ।



## ਰਾਸ਼ਟਰੀ ਸਿਹਤ ਬੀਮਾ ਯੋਜਨਾ

ਸਾਲ 2008 ਵਿੱਚ ਇਸ ਦੀ ਸ਼ੁਰੂਆਤ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਅਤੇ ਗਰੀਬੀ ਰੇਖਾ ਤੋਂ ਹੇਠਾਂ ਦੇ ਕਿਰਤੀਆਂ ਦੇ ਲਈ ਕੀਤੀ ਗਈ ਸੀ। ਇਸ ਦੇ ਅਧੀਨ ਕਿਸੇ ਵੀ ਅਜਿਹੀ ਬਿਮਾਰੀ ਵਿੱਚ ਜਿਸ ਵਿੱਚ ਇਲਾਜ ਲਈ ਮਰੀਜ਼ ਦਾ ਹਸਪਤਾਲ ਵਿੱਚ ਦਾਖ਼ਲ ਹੋਣਾ ਲਾਜ਼ਮੀ ਹੁੰਦਾ ਹੈ। (ਬਿਮਾਰੀ ਅਤੇ ਹਸਪਤਾਲ ਦੋਨਾਂ ਦੀ ਸੂਚੀ ਸਰਕਾਰ ਮੁਹੱਈਆ ਕਰਵਾਉਂਦੀ ਹੈ) ਕੇਂਦਰ ਅਤੇ ਰਾਜ ਸਰਕਾਰ ਮਿਲ ਕੇ 30 ਹਜ਼ਾਰ ਰੁਪਏ ਦੀ ਸਾਲਾਨਾ ਸਹਾਇਤਾ ਰਕਮ ਕਿਰਤੀ ਜਾਂ ਉਸ ਦੇ ਪਰਿਵਾਰ ਨੂੰ ਮੁਹੱਈਆ ਕਰਵਾਉਂਦੀ ਹੈ। ਇਸ ਯੋਜਨਾ ਦਾ ਲਾਭ ਪਾਉਣ ਦੇ ਲਈ ਆਰਥਿਕ ਤੌਰ ਤੇ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਉਤੇ ਨਿਰਭਰ ਤਿੰਨ ਵਿਅਕਤੀਆਂ ਨੂੰ ਜ਼ਿਲ੍ਹਾ ਦਫ਼ਤਰ ਵਿੱਚ ਜਾ ਕੇ ਆਪਣਾ ਪੰਜੀਕਰਨ ਕਰਵਾਉਣਾ ਜ਼ਰੂਰੀ ਹੈ। ਇਸ ਯੋਜਨਾ ਦੇ ਰਾਹੀਂ ਸਰਕਾਰ ਦਾ ਮਕਸਦ ਕਿਸੇ ਕਿਰਤੀ ਨੂੰ ਅਚਾਨਕ ਹੋਈ ਬਿਮਾਰੀ ਅਤੇ ਫਿਰ ਇਲਾਜ ਦੇ ਖਰਚ ਨਾਲ ਉਸ ਦੇ ਪਰਿਵਾਰ ਨੂੰ ਲੱਗਣ ਵਾਲੇ ਆਰਥਿਕ ਝਟਕੇ ਤੋਂ ਬਚਾਉਣਾ ਅਤੇ ਉਭਾਰਨਾ ਹੈ। ਇਸ ਲਈ ਸਰਕਾਰ ਸਿਹਤ ਸੰਬੰਧੀ ਅਜਿਹੀਆਂ ਸਹੂਲਤਾਂ ਹਰ ਗਰੀਬ ਕਿਰਤੀ ਤੱਕ ਪਹੁੰਚਾਉਣਾ ਚਾਹੁੰਦੀ ਹੈ।

## ਜਨਨੀ ਸੁਰੱਖਿਆ ਯੋਜਨਾ

ਜਣੇਪੇ ਦੌਰਾਨ ਹੋਣ ਵਾਲੀ ਔਰਤਾਂ ਦੀ ਮੌਤ ਦਰ ਨੂੰ ਘੱਟ ਕਰਨ ਲਈ ਕੇਂਦਰ ਸਰਕਾਰ ਨੇ ਇਸ ਸਿਹਤ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਇਸ ਯੋਜਨਾ ਅਧੀਨ ਸਰਕਾਰ ਦਾ ਟੀਚਾ ਹੈ ਕਿ ਹਰ ਗਰਭਵਤੀ ਔਰਤ ਹਸਪਤਾਲ ਵਿੱਚ ਹੀ ਆਪਣੇ ਬੱਚੇ ਨੂੰ ਜਨਮ ਦੇਵੇ ਤਾਂ ਕਿ ਮਾਂ ਅਤੇ ਬੱਚਾ ਦੋਨੋਂ ਤੰਦਰੁਸਤ ਰਹਿਣ। ਹਸਪਤਾਲ ਵਿੱਚ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਇਕ ਨਿਸ਼ਚਿਤ ਰਕਮ ਗਰਭਵਤੀ ਔਰਤਾਂ ਨੂੰ ਦਿੰਦੀ ਹੈ।

**ਇਸ ਯੋਜਨਾ ਦੀ ਖ਼ਾਸ ਗੱਲ ਇਹ ਵੀ ਹੈ ਕਿ ਇਸ ਦਾ ਲਾਭ ਉਠਾਉਣ ਲਈ ਔਰਤ ਦੀ ਕਿਰਤੀ ਹੋਣਾ ਜ਼ਰੂਰੀ ਨਹੀਂ ਹੈ ਅਤੇ ਨਾ ਹੀ ਇਸ ਯੋਜਨਾ ਦੇ ਅਧੀਨ ਗਰਭਵਤੀ ਔਰਤ ਲਈ ਕੋਈ ਉਮਰ ਹੱਦ ਰੱਖੀ ਗਈ ਹੈ ਅਤੇ ਨਾ ਹੀ ਬੱਚਿਆਂ ਦੀ ਗਿਣਤੀ ਉਤੇ ਵੀ ਕਿਸੇ ਤਰ੍ਹਾਂ ਦੀ ਕੋਈ ਰੋਕ ਹੈ। ਆਸ਼ਾ ਵਰਕਰਾਂ ਨੂੰ ਇਸ ਯੋਜਨਾ ਵਿੱਚ ਇਕ ਖ਼ਾਸ ਕੜੀ ਮੰਨਿਆ ਜਾ ਰਿਹਾ ਹੈ।**

ਜਾਣਕਾਰੀ ਅਨੁਸਾਰ ਦੇਸ਼ ਵਿੱਚ 10 ਅਜਿਹੇ ਰਾਜ ਹਨ ਜਿਥੇ ਆਮ ਤੌਰ ਤੇ ਗਰਭਵਤੀ ਔਰਤਾਂ ਜਣੇਪੇ ਲਈ ਹਸਪਤਾਲ ਨਹੀਂ ਜਾਂਦੀਆਂ। ਸਰਕਾਰ ਨੇ ਇਨ੍ਹਾਂ 10 ਰਾਜਾਂ ਵਿੱਚ ਹਸਪਤਾਲਾਂ ਵਿੱਚ ਜਾ ਕੇ ਜਣੇਪਾ ਕਰਵਾਉਣ ਵਾਲੀਆਂ ਔਰਤਾਂ ਦੇ ਲਈ ਜ਼ਿਆਦਾ ਸਹਾਇਤਾ ਰਾਸ਼ੀ ਦੇਣ ਦਾ ਪ੍ਰਾਵਧਾਨ ਕੀਤਾ ਹੈ। ਇਹ ਰਾਜ ਹਨ : ਉੱਤਰ ਪ੍ਰਦੇਸ਼, ਉੱਤਰਾਖੰਡ, ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਓਡੀਸ਼ਾ, ਆਸਾਮ ਅਤੇ ਜੰਮੂ-ਕਸ਼ਮੀਰ। ਇਨ੍ਹਾਂ ਰਾਜਾਂ ਵਿੱਚ ਹਸਪਤਾਲ ਵਿੱਚ ਜਨਮ ਦੇਣ ਉਤੇ ਔਰਤ ਨੂੰ ਜਣੇਪੇ ਤੋਂ ਬਾਅਦ 1400 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ ਅਤੇ ਉਸ ਦੀ ਮਦਦ ਕਰਨ ਵਾਲੀ ਆਸ਼ਾ ਵਰਕਰ ਨੂੰ 600 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਦੇਸ਼ ਦੇ ਬਾਕੀ ਰਾਜਾਂ ਵਿੱਚ ਵੀ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ।

## ਜਣੇਪਾ ਪ੍ਰਸੁਵਿਧਾ (ਸੋਧ) ਕਾਨੂੰਨ 2017

ਇਸ ਸਾਲ ਪਹਿਲੀ ਅਪ੍ਰੈਲ ਤੋਂ ਇਹ ਕਾਨੂੰਨ ਔਰਤ ਕਿਰਤੀਆਂ ਲਈ ਲਾਗੂ ਕੀਤਾ ਗਿਆ ਹੈ। ਇਹ ਕਾਨੂੰਨ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਲਈ ਬਣਾਇਆ ਗਿਆ ਹੈ। ਇਸ ਦੇ ਲਈ 1961 ਦੇ ਪੁਰਾਣੇ ਕਾਨੂੰਨ ਵਿੱਚ ਕਈ ਬਦਲਾਅ ਕੀਤੇ ਗਏ ਹਨ। ਜਿਸ ਤੋਂ ਬਾਅਦ ਹੁਣ ਗਰਭਵਤੀ ਔਰਤਾਂ ਨੂੰ 12 ਹਫ਼ਤਿਆਂ ਦੀ ਥਾਂ ਉਤੇ 26 ਹਫ਼ਤਿਆਂ ਦੀ ਛੁੱਟੀ ਮਿਲੇਗੀ। ਇਸ ਛੁਟੀ ਦੇ ਦੌਰਾਨ ਉਨ੍ਹਾਂ ਨੂੰ ਉਨ੍ਹਾਂ ਦੀ ਪੂਰੀ ਤਨਖ਼ਾਹ ਵੀ ਦਿੱਤੀ ਜਾਵੇਗੀ। ਕਾਨੂੰਨ ਵਿੱਚ ਬਦਲਾਅ ਤੋਂ ਬਾਅਦ ਕਿਸੇ ਵੀ ਸੰਸਥਾ ਵਿੱਚ ਜਿਥੇ 50 ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ ਉਥੇ ਕਰੇਚ ਦੀ ਸਹੂਲਤ ਲਾਜ਼ਮੀ ਕਰ ਦਿੱਤੀ ਗਈ ਹੈ। ਹਾਲਾਂਕਿ ਅਸੰਗਠਿਤ ਖੇਤਰ ਵਿੱਚ ਔਰਤ ਕਰਮਚਾਰੀਆਂ ਨੂੰ ਇਹ ਸਹੂਲਤ ਨਹੀਂ ਦਿੱਤੀ ਜਾ ਰਹੀ। ਇਸ ਸਮਾਜਿਕ ਸੁਰੱਖਿਆ ਕਾਨੂੰਨ ਦੇ ਜ਼ਰੀਏ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਗਰਭਵਤੀ ਔਰਤਾਂ ਜਣੇਪੇ ਤੋਂ ਬਾਅਦ ਆਪਣਾ ਕਰੀਅਰ ਨਾ ਛੱਡਣ ਅਤੇ ਜਣੇਪਾ ਛੁੱਟੀ ਤੋਂ ਬਾਅਦ ਵਾਪਸ ਆਪਣੇ ਕੰਮ ਉਤੇ ਪਰਤਣ।

## ਛੇੜਛਾੜ ਵਿਰੁੱਧ ਕਾਨੂੰਨ 2013

ਇਸ ਕਾਨੂੰਨ ਦੇ ਤਹਿਤ ਅਜਿਹੇ ਪ੍ਰਬੰਧ ਕੀਤੇ ਗਏ ਹਨ ਜਿਸ ਨਾਲ ਕਿ ਕੰਮ ਕਰਨ ਵਾਲੀ ਜਗ੍ਹਾ ਉਤੇ ਕੰਮ ਕਰਦਿਆਂ ਔਰਤਾਂ ਮਰਦਾਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ। ਇਸ ਕਾਨੂੰਨ ਦੇ ਅਧੀਨ ਸਾਰੀਆਂ ਕੰਮਕਾਜੀ ਥਾਵਾਂ ਉਤੇ ਯੌਨ ਉਤਪੀੜਨ ਸ਼ਿਕਾਇਤ ਕਮੇਟੀ ਦਾ ਗਠਨ ਲਾਜ਼ਮੀ ਕੀਤਾ ਗਿਆ ਹੈ। ਪ੍ਰਬੰਧ ਦੇ ਅਨੁਸਾਰ ਕਮੇਟੀ ਵਿੱਚ ਇਕ ਤੀਜੀ ਧਿਰ ਨੂੰ ਵੀ ਜ਼ਰੂਰੀ ਰੱਖਿਆ ਜਾਣਾ ਚਾਹੀਦਾ ਹੈ। ਜਿਹੜਾ ਜਾਂ ਤਾਂ ਕੋਈ ਗ਼ੈਰ ਸਰਕਾਰੀ ਸੰਗਠਨ ਹੋਵੇ ਜਾਂ ਕੋਈ ਅਜਿਹਾ ਵਿਅਕਤੀ ਜੋ ਇਸ ਮਾਮਲੇ ਦੀ ਪੂਰੀ ਸਮਝ ਰੱਖਦਾ ਹੈ। ਅਤੇ ਨਾਲ ਹੀ ਇਹ ਵੀ ਜਾਣਦਾ ਹੋਵੇ ਕਿ ਅਜਿਹੇ ਛੇੜਛਾੜ ਦੇ ਮਾਮਲਿਆਂ ਨਾਲ ਕਿਵੇਂ ਨਜਿੱਠਿਆ ਜਾਵੇ। ਔਰਤਾਂ ਅਤੇ ਬਾਲ ਵਿਕਾਸ ਮੰਤਰਾਲਾ ਦੀ 8ਅਗਸਤ 2015 ਦੀ ਰਿਪੋਰਟ ਦੇ ਮੁਤਾਬਕ ਇਸ ਕਾਨੂੰਨ ਦੇ ਬਣਨ ਤੋਂ ਬਾਅਦ ਸਾਲ 2014 ਵਿੱਚ ਕੰਮ ਕਰਨ ਵਾਲੀਆਂ ਥਾਵਾਂ ਉਤੇ ਔਰਤਾਂ ਨਾਲ ਛੇੜਛਾੜ ਦੇ 526 ਮਾਮਲੇ ਦਰਜ ਕੀਤੇ ਗਏ।

## ਪ੍ਰਧਾਨ ਮੰਤਰੀ ਉਜਵਲਾ ਯੋਜਨਾ

2016 ਵਿੱਚ ਕੇਂਦਰ ਸਰਕਾਰ ਵਲੋਂ ਇਸ ਯੋਜਨਾ ਦੀ ਸ਼ੁਰੂਆਤ ਕੀਤੀ ਗਈ। ਇਸ ਯੋਜਨਾ ਦੇ ਅਧੀਨ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਨੂੰ ਮੁਫ਼ਤ ਵਿੱਚ ਐੱਲ ਪੀ ਜੀ ਕਨੈਕਸ਼ਨ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਯੋਜਨਾ ਦੇ ਦੋ ਮੁੱਖ ਉਦੇਸ਼ ਹਨ। ਪਹਿਲਾ ਗਰੀਬ ਪਰਿਵਾਰ ਦੀ ਔਰਤ ਨੂੰ ਸਾਫ਼ ਬਾਲਣ ਮੁਫ਼ਤ ਮੁਹੱਈਆ ਕਰਵਾਉਣਾ ਜਿਸ ਨਾਲ ਉਸ ਨੂੰ ਸਿਹਤ ਸੁਰੱਖਿਆ ਦਾ ਅਹਿਸਾਸ ਹੋਵੇ ਅਤੇ ਔਰਤਾਂ ਖੁਦ ਨੂੰ ਮਜ਼ਬੂਤ ਮਹਿਸੂਸ ਕਰਨ ਜਦ ਕਿ ਦੂਜਾ ਉਦੇਸ਼ ਲੱਕੜੀ ਅਤੇ ਗੋਹੇ ਦੀਆਂ ਪਾਥੀਆਂ ਦੇ ਸੜਨ ਨਾਲ ਹੋਣ ਵਾਲੇ ਹਵਾ ਪ੍ਰਦੂਸ਼ਨ ਵਿੱਚ ਵੀ ਕਮੀ ਲਿਆਉਣੀ ਹੈ। ਉਂਜ ਇਹ ਯੋਜਨਾ ਸਿੱਧੀ ਔਰਤ ਕਿਰਤੀਆਂ ਨਾਲ ਜੁੜੀ ਹੋਈ ਨਹੀਂ ਹੈ ਪਰ ਗਰੀਬੀ ਰੇਖਾ ਤੋਂ ਹੇਠਾਂ ਰਹਣਿ ਵਾਲੀਆਂ ਕਿਰਤੀ ਔਰਤਾਂ ਦਾ ਜੀਵਨ ਇਸ ਯੋਜਨਾ ਦੇ ਆਉਣ ਨਾਲ ਸੁਖਾਲਾ ਜ਼ਰੂਰ ਹੋਇਆ ਹੈ। ਖਾਣਾ ਬਣਾਉਣਾ ਨਾ ਸਿਰਫ਼ ਅਸਾਨ ਹੋਇਆ ਹੈ ਸਗੋਂ ਉਹ ਕੰਮ ਉਤੇ ਵੀ ਸਹੀ ਸਮੇਂ ਉਤੇ ਪੁੱਜ ਸਕਦੀਆਂ ਹਨ। ਇਸ ਯੋਜਨਾ ਅਧੀਨ ਪਹਿਲੇ ਸਾਲ ਵਿੱਚ 1.5 ਕਰੋੜ ਕੁਨੈਕਸ਼ਨ ਵੰਡਣ ਦਾ ਟੀਚਾ ਸੀ ਅਤੇ ਪਹਿਲੇ ਤਿੰਨ ਸਾਲਾਂ ਵਿੱਚ 5 ਕਰੋੜ ਐੱਲ ਪੀ ਜੀ ਕਨੈਕਸ਼ਨ ਵੰਡਣ ਦਾ ਟੀਚਾ ਰੱਖਿਆ ਗਿਆ ਹੈ।

## ਉਜਵਲਾ ਸਕੀਮ (ਦੇਹ ਵਪਾਰ ਨਾਲ ਜੁੜੀਆਂ ਔਰਤਾਂ ਅਤੇ ਬੱਚਿਆਂ ਲਈ)

ਸਾਲ 2007 ਤੋਂ ਕੇਂਦਰ ਸਰਕਾਰ ਇਹ ਸਕੀਮ ਚਲਾ ਰਹੀ ਹੈ। ਜਿਹੜੀਆਂ ਔਰਤਾਂ ਅਤੇ ਬੱਚੇ ਜਬਰਦਸਤੀ ਦੇਹ ਵਪਾਰ ਵਿੱਚ ਝੋਕ ਦਿੱਤੇ ਜਾਂਦੇ ਹਨ ਉਨ੍ਹਾਂ ਦੇ ਮੁੜ-ਵਸੇਬੇ ਲਈ ਸਰਕਾਰ ਨੇ ਇਹ ਸਕੀਮ ਸ਼ੁਰੂ ਕੀਤੀ ਸੀ। ਹਾਲਾਂਕਿ ਆਪਣੀ ਇੱਛਾ ਨਾਲ ਦੇਹ ਵਪਾਰ ਦੇ ਧੰਦੇ ਨਾਲ ਜੁੜੀਆਂ ਔਰਤਾਂ ਜੇਕਰ ਚਾਹੁਣ ਤਾਂ ਉਨ੍ਹਾਂ ਨੂੰ ਵੀ ਇਸ ਸਕੀਮ ਅਧੀਨ ਮਦਦ ਮਿਲ ਸਕਦੀ ਹੈ।

2014 ਦੇ ਔਰਤਾਂ ਅਤੇ ਬਾਲ ਭਲਾਈ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਦੇਸ਼ ਭਰ ਵਿੱਚ ਦੇਹ ਵਪਾਰ ਨਾਲ ਜੁੜੀਆਂ ਔਰਤਾਂ ਦੇ ਮੁੜ-ਵਸੇਬੇ ਦੇ ਲਈ ਵੱਖ-ਵੱਖ ਰਾਜਾਂ ਵਿੱਚ ਕੁੱਲ 151 ਮੁੜ-ਵਸੇਬਾ ਕੇਂਦਰ ਚੱਲ ਰਹੇ ਹਨ। ਜਿਨ੍ਹਾਂ ਵਿੱਚ 6350 ਅਜਿਹੀਆਂ ਔਰਤਾਂ ਰਹਿੰਦੀਆਂ ਹਨ। ਇਨ੍ਹਾਂ ਮੁੜ-ਵਸੇਬਾ ਕੇਂਦਰਾਂ ਵਿੱਚ ਨਾ ਸਿਰਫ਼ ਔਰਤਾਂ ਨੂੰ ਖਾਣਾ, ਸਿਹਤ, ਕਾਨੂੰਨੀ ਮਦਦ ਅਤੇ ਕੱਪੜੇ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਸਗੋਂ ਉਨ੍ਹਾਂ ਨੂੰ ਕਿੱਤਾਕਾਰੀ ਸਿਖਲਾਈ ਵੀ ਦਿੱਤੀ ਜਾਂਦੀ ਹੈ, ਤਾਂ ਕਿ ਅੱਗੇ ਜਾ ਕੇ ਉਹ ਆਪਣੀ ਰੋਜ਼ੀ-ਰੋਟੀ ਖੁਦ ਕਮਾ ਸਕਣ।

ਸਿਰਫ਼ ਔਰਤਾਂ ਨੂੰ ਧਿਆਨ ਵਿੱਚ ਰਖਕੇ ਬਣਾਈਆਂ ਗਈਆਂ ਯੋਜਨਾਵਾਂ ਅਤੇ ਕਾਨੂੰਨਾਂ ਤੋਂ ਇਲਾਵਾ ਕੁੱਝ ਅਜਿਹੀਆਂ ਵੀ ਯੋਜਨਾਵਾਂ ਹਨ ਜੋ ਮਰਦਾਂ ਅਤੇ ਔਰਤਾਂ ਦੋਹਾਂ ਲਈ ਉਪਲਬਧ ਹਨ। ਪਰ ਔਰਤਾਂ ਨੂੰ ਉਨ੍ਹਾਂ ਦਾ ਲਾਭ ਯਕੀਨੀ ਤੌਰ ਤੇ ਮਿਲੇ ਇਸ ਦਾ ਖ਼ਾਸ ਖ਼ਿਆਲ ਰਖਿਆ ਜਾਂਦਾ ਹੈ। ਅਜਿਹੀਆਂ ਯੋਜਨਾਵਾਂ ਉਤੇ ਵੀ ਇਕ ਝਾਤ ਪਾਉਂਦੇ ਹਾਂ।

## ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਜ਼ਾਮਨੀ ਯੋਜਨਾ

ਇਸ ਯੋਜਨਾ ਦੇ ਅਧੀਨ ਸਰਕਾਰ ਨੇ ਪੇਂਡੂ ਇਲਾਕਿਆਂ ਵਿੱਚ ਮਰਦ ਅਤੇ ਔਰਤਾਂ ਨੂੰ 100 ਦਿਨ ਤੱਕ ਰੋਜ਼ਗਾਰ ਮੁਹੱਈਆ ਕਰਨ ਦਾ ਮੌਕਾ ਪ੍ਰਦਾਨ ਕਰਨ ਦੀ ਪਹਿਲ ਕੀਤੀ ਸੀ। ਪਰ ਅੰਕੜੇ ਦੱਸਦੇ ਹਨ ਕਿ ਜਿਥੇ ਸਾਲ 2004-05 ਵਿੱਚ 28.2 ਪ੍ਰਤਿਸ਼ਤ ਔਰਤਾਂ ਮਨਰੇਗਾ ਦੇ

ਅਧੀਨ ਕੰਮ ਕਰਦੀਆਂ ਸਨ ਉਹ ਅੰਕੜਾ ਘਟ ਕੇ 2011-12 ਵਿੱਚ 21.7 ਪ੍ਰਤਿਸ਼ਤ ਹੀ ਰਹਿ ਗਿਆ। ਇਸ ਯੋਜਨਾ ਦੇ ਰਾਹੀਂ ਸਰਕਾਰ ਨੇ ਬੇਰੋਜ਼ਗਾਰਾਂ ਲਈ ਰੋਜ਼ਗਾਰ ਸੁਰੱਖਿਆ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਦੀ ਮੁਹਿੰਮ ਚਲਾਈ ਸੀ।

## ਮੁਦਰਾ ਯੋਜਨਾ

ਛੋਟੇ ਸੰਗਠਨ, ਵਪਾਰਤ ਅਤੇ ਸਟਾਰਟ ਅੱਪ ਨੂੰ ਹੱਲਾਸ਼ੇਰੀ ਦੇਣ ਦੇ ਉਦੇਸ਼ ਨਾਲ ਇਸ ਯੋਜਨਾ ਦੀ ਸ਼ੁਰੂਆਤ ਕੀਤੀ ਗਈ। ਜੇਕਰ ਔਰਤਾਂ ਵੀ ਇਸ ਤਰ੍ਹਾਂ ਦੇ ਕਿਸੇ ਉੱਦਮ ਵਿੱਚ ਹਿੱਸਾ ਲੈਣਾ ਚਾਹੁੰਦੀਆਂ ਹਨ ਜਾਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੀਆਂ ਹਨ ਤਾਂ ਸਰਕਾਰ ਦੀ ਇਸ ਯੋਜਨਾ ਦੇ ਅਧੀਨ ਉਹ ਕਰਜ਼ਾ ਲੈਣ ਲਈ ਅਰਜ਼ੀ ਦੇ ਸਕਦੀਆਂ ਹਨ। ਮੁਦਰਾ ਯੋਜਨਾ ਦੇ ਅਧੀਨ ਸਰਕਾਰ 50 ਹਜ਼ਾਰ ਤੋਂ ਲੈ ਕੇ 10 ਲੱਖ ਰੁਪਏ ਤੱਕ ਦਾ ਕਰਜ਼ਾ ਮੁਹੱਈਆ ਕਰਵਾਉਂਦੀ ਹੈ। ਇਸ ਯੋਜਨਾ ਤਹਿਤ ਸਰਕਾਰ ਵਲੋਂ ਔਰਤਾਂ ਨੂੰ ਤਰਜੀਹ ਦੇਣ ਦਾ ਜ਼ਿਕਰ ਕੀਤਾ ਗਿਆ ਹੈ। ਸਰਕਾਰ ਵਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2016-17 ਵਿੱਚ ਇਸ ਯੋਜਨਾ ਦੇ ਅਧੀਨ ਛੋਟੇ ਕਾਰੋਬਾਰ ਨੂੰ ਵਧਾਉਣ ਲਈ ਦਿੱਤੇ ਜਾਣ ਵਾਲੇ 7.5 ਕਰੋੜ ਰੁਪਏ ਤੱਕ ਦੇ ਕਰਜ਼ੇ ਵਿੱਚ 70 ਪ੍ਰਤਿਸ਼ਤ ਹਿੱਸੇਦਾਰੀ ਔਰਤਾਂ ਦੀ ਰਹੀ ਹੈ।

## ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ

ਕੇਂਦਰ ਦਾ ਪੇਂਡੂ ਵਿਕਾਸ ਮੰਤਰਾਲਾ ਇਹ ਪ੍ਰੋਗਰਾਮ ਚਲਾਉਂਦਾ ਹੈ। ਇਸ ਦੇ ਅਧੀਨ ਰਾਜ ਸਰਕਾਰਾਂ ਤੋਂ ਵੀ ਮਦਦ ਲਈ ਜਾਂਦੀ ਹੈ। ਇਸ ਪ੍ਰੋਗਰਾਮ ਹੇਠ ਸਰਕਾਰ ਵੱਖ-ਵੱਖ ਚਾਰ ਯੋਜਨਾਵਾਂ ਚਲਾਉਂਦੀ ਹੈ ਜਿਨ੍ਹਾਂ ਵਿੱਚ ਕਰਮਚਾਰੀਆਂ ਦੇ ਲਈ ਨੈਸ਼ਨਲ ਫੈਮਿਲੀ ਬੈਨੀਫਿਟ ਸਕੀਮ ਯਾਨਿ ਪਰਿਵਾਰ ਭਲਾਈ ਯੋਜਨਾ ਸ਼ਾਮਲ ਹੈ। ਇਸ ਯੋਜਨਾ ਅਧੀਨ ਆਪਣੀ ਆਮਦਨ ਨਾਲ ਪਰਿਵਾਰ ਚਲਾਉਣ ਵਾਲੇ ਕਿਸੇ ਵੀ ਕਰਮਚਾਰੀ (ਮਰਦ ਜਾਂ ਔਰਤ) ਦੀ ਮੌਤ ਉਤੇ ਸਰਕਾਰ ਉਸ ਦੇ ਪਰਿਵਾਰ ਨੂੰ 10,000 ਰੁਪਏ ਦੀ ਸਹਾਇਤਾ ਰਾਸ਼ੀ, ਮੁਹੱਈਆ ਕਰਵਾਉਂਦੀ ਹੈ। ਸ਼ਰਤ ਇਹ ਹੈ ਕਿ ਕਮਾਈ ਕਰਨ ਵਾਲੇ ਦੀ ਮੌਤ 18 ਤੋਂ 64 ਸਾਲ ਦੀ ਉਮਰ ਵਿੱਚ ਹੋਈ ਹੋਵੇ। ਇਸ ਯੋਜਨਾ ਦੀ ਸਹਾਇਤਾ ਨਾਲ ਸਰਕਾਰ ਕੰਮ ਕਰਨ ਵਾਲਿਆਂ ਦੇ ਪਰਿਵਾਰਾਂ ਨੂੰ ਸਮਾਜਿਕ ਸੁਰੱਖਿਆ ਦੇ ਦਾਇਰੇ ਵਿੱਚ ਲਿਆਉਣ ਦਾ ਯਤਨ ਕਰ ਰਹੀ ਹੈ। ਇਹ ਯੋਜਨਾ ਦੇਸ਼ ਦੇ ਸਾਰੇ ਰਾਜਾਂ ਵਿੱਚ ਲਾਗੂ ਨਹੀਂ ਹੈ। ਕੇਂਦਰ ਦੀ ਇਸ ਯੋਜਨਾ ਦਾ ਲਾਭ ਉਨ੍ਹਾਂ ਰਾਜਾਂ ਦੇ ਕਿਰਤੀਆਂ ਨੂੰ ਮਿਲ ਸਕੇਗਾ। ਜਿਹੜੇ ਇਸ ਨੂੰ ਆਪਣੇ ਰਾਜ ਵਿੱਚ ਲਾਗੂ ਕਰ ਚੁੱਕੇ ਹਨ।

## ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਯੋਜਨਾ

ਇਹ ਯੋਜਨਾ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਦੇ ਹਿੱਸੇ ਦੇ ਤੌਰ ਤੇ ਹੀ ਸ਼ੁਰੂ ਕੀਤੀ ਗਈ ਸੀ। ਇਸ ਦੇ ਲਈ ਲਾਭਪਾਤਰੀਆਂ (ਔਰਤ ਜਾਂ ਮਰਦ) ਦੀ ਉਮਰ 65 ਸਾਲ ਜਾਂ ਉਸ ਤੋਂ ਵੱਧ ਹੋਣਾ ਅਤੇ ਆਰਥਿਕ ਤੌਰ ਤੇ ਗਰੀਬੀ ਰੇਖਾ ਤੋਂ ਹੇਠਾਂ ਹੋਣਾ ਦੋਨੋਂ ਲਾਜ਼ਮੀ ਹੈ। ਇਸ ਦੇ ਅਧੀਨ ਸਰਕਾਰ ਲਾਭਪਾਤਰੀ ਨੂੰ ਹਰ ਮਹੀਨੇ 300 ਰੁਪਏ ਦੀ ਆਰਥਿਕ ਮਦਦ ਦਿੰਦੀ ਹੈ। ਯਾਨਿ ਕੰਮਾਂ ਉਤੇ ਜਾਣ ਦੀ ਉਮਰ ਨਾ ਰਹਿਣ ਤੇ ਸਰਕਾਰ ਵਿਅਕਤੀ ਨੂੰ ਆਰਥਿਕ ਮਦਦ ਦਿੰਦੀ ਹੈ ਤਾਂ ਕਿ ਉਹ ਆਪਣਾ ਗੁਜ਼ਰ-ਬਸਰ ਕਰ ਸਕੇ।

## ਮਹਾਤਮਾ ਗਾਂਧੀ ਬੁਣਕਰ ਬੀਮਾ ਯੋਜਨਾ

ਇਸ ਯੋਜਨਾ ਦੇ ਅਧੀਨ ਕੋਈ ਵੀ ਬੁਣਕਰ (ਮਰਦ ਜਾਂ ਔਰਤ) ਜੋ (ਸਟੇਟ ਹੈਂਡਲੂਮ ਡਿਵੈਲਪਮੈਂਟ ਕਾਰਪੋਰੇਸ਼ਨ) ਰਾਜ ਹੱਥਖੱਡੀ ਵਿਕਾਸ ਨਿਗਮ ਤੋਂ ਮਾਨਤਾ ਪ੍ਰਾਪਤ ਹੋਵੇ, ਇਸ ਯੋਜਨਾ ਦਾ ਲਾਭ ਪ੍ਰਾਪਤ ਕਰ ਸਕਦਾ ਹੈ।ਇਸ ਦੇ ਅਧੀਨ ਬੁਣਕਰ ਦੀ ਅਚਨਚੇਤੀ ਮੌਤ ਜਾਂ ਬਿਮਾਰੀ ਦੇ ਕਾਰਨ ਹੋਈ ਮੌਤ ਜਾਂ ਅਪੰਗਤਾ ਤੇ ਸਰਕਾਰ ਉਸ ਨੂੰ ਇਕ ਨਿਰਧਾਰਤ ਰਕਮ ਮੁਹੱਈਆ ਕਰਵਾਉਂਦੀ ਹੈ। ਕਿਸੇ ਬਿਮਾਰੀ ਕਾਰਨ ਬੁਣਕਰ ਦੀ ਮੌਤ ਹੋਣ ਉਤੇ ਉਸ ਦੇ ਆਸ਼ਰਿਤਾਂ ਨੂੰ 60,000 ਰੁਪਏ ਦੀ ਸਹਾਇਤਾ ਰਾਸ਼ੀ, ਦੁਰਘਟਨਾ ਵਿੱਚ ਹੋਣ ਵਾਲੀ ਮੌਤ ਉਤੇ 1,50,000 ਰੁਪਏ, ਪੂਰੀ ਤਰ੍ਹਾਂ ਅਪਾਹਜ ਹੋਣ ਉਤੇ ਡੇਢ ਲੱਖ ਰੁਪਏ ਅਤੇ ਅੰਸ਼ਕ ਤੌਰ ਤੇ ਅਪਾਹਜ ਹੋਣ ਉਤੇ 75 ਹਜ਼ਾਰ ਰੁਪਏ ਦੀ ਆਰਥਿਕ ਮਦਦ ਦਿੱਤੀ ਜਾਂਦੀ ਹੈ।

ਇਸ ਯੋਜਨਾ ਦਾ ਲਾਭ ਪਾਉਣ ਲਈ ਬੁਣਕਰ ਨੂੰ ਸਾਲਾਨਾ 80 ਰੁਪਏ ਦੀ ਰਕਮ ਸਰਕਾਰ ਕੋਲ ਜਮ੍ਹਾਂ ਕਰਵਾਉਣੀ ਪੈਂਦੀ ਹੈ। ਇਸ ਯੋਜਨਾ ਨਾਲ ਸਰਕਾਰ ਨੇ ਸਿੱਖਿਆ ਸਹਿਯੋਗ ਯੋਜਨਾ ਨੂੰ ਵੀ ਜੋੜਿਆ ਹੈ। ਇਸ ਦੇ ਅਧੀਨ ਬੁਣਕਰ ਦੇ ਦੋ ਬੱਚਿਆਂ ਨੂੰ ਨੌਵੀਂ ਤੋਂ 12ਵੀਂ ਤੱਕ ਦੀ ਪੜ੍ਹਾਈ ਲਈ ਹਰ ਤਿੰਨ ਮਹੀਨੇ ਬਾਅਦ 300 ਰੁਪਏ ਦਾ ਵਜ਼ੀਫਾ ਦਿੱਤਾ ਜਾਵੇਗਾ।

**ਇਸ ਯੋਜਨਾ ਦੇ ਜ਼ਰੀਏ ਸਰਕਾਰ ਬੁਣਕਰ ਨੂੰ ਸਿਹਤ ਦੇ ਨਾਲ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦੀ ਸਮਾਜਿਕ ਸੁਰੱਖਿਆ ਵੀ ਮੁਹੱਈਆ ਕਰਵਾਉਂਦੀ ਹੈ। ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਹੱਥਖੱਡੀ ਸੱਨਅਤ ਵਿੱਚ ਔਰਤ ਬੁਣਕਰਾਂ ਦੀ ਗਿਣਤੀ ਵਧੇਰੇ ਹੈ, ਸੋ ਇਸ ਬੀਮਾ ਯੋਜਨਾ ਦਾ ਲਾਭ ਔਰਤ ਵਰਗ ਨੂੰ ਵਧੇਰੇ ਮਿਲਣ ਦੀ ਸੰਭਾਵਨਾ ਹੈ।**

## ਪ੍ਰਧਾਨ ਮੰਤਰੀ ਅਟਲ ਪੈਨਸ਼ਨ ਯੋਜਨਾ

ਇਸ ਯੋਜਨਾ ਦੀ ਸ਼ੁਰੂਆਤ ਕੇਂਦਰ ਸਰਕਾਰ ਵਲੋਂ ਸਾਲ 2015 ਵਿੱਚ ਕੀਤੀ ਗਈ ਸੀ। ਇਹ ਯੋਜਨਾ ਮਰਦ ਅਤੇ ਔਰਤ ਕਰਮਚਾਰੀਆਂ ਦੇ ਲਈ ਉਪਲਬਧ ਹੈ। ਇਸ ਦੇ ਅਧੀਨ ਸਰਕਾਰ ਦਾ ਟੀਚਾ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ 18 ਤੋਂ 40 ਸਾਲ ਤੱਕ ਦੀ ਉਮਰ ਦੇ ਕਿਰਤੀਆਂ ਨੂੰ 60 ਸਾਲ ਦੀ ਉਮਰ ਤੋਂ ਬਾਅਦ ਪੈਨਸ਼ਨ ਦੀ ਸੁਰੱਖਿਆ ਮੁਹੱਈਆ ਕਰਵਾਉਣੀ ਹੈ। ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਇਸ ਯੋਜਨਾ ਦੇ ਅਧੀਨ ਆਪਣੇ ਪੈਨਸ਼ਨ ਫੰਡ ਵਿੱਚ ਸਾਲਾਨਾ 1000 ਤੋਂ 5000 ਰੁਪਏ ਤੱਕ ਦੀ ਰਕਮ ਜਮ੍ਹਾਂ ਕਰਵਾ ਸਕਦਾ ਹੈ। ਜੇਕਰ ਕੋਈ ਵਿਅਕਤੀ 2000 ਰੁਪਏ ਤੋਂ ਵੱਧ ਦੀ ਰਕਮ ਸਾਲਾਨਾ ਜਮ੍ਹਾ ਕਰਦਾ ਹੈ ਤਾਂ ਸਰਕਾਰ ਵੀ ਉਸ ਦੇ ਖਾਤੇ ਵਿੱਚ 1000 ਰੁਪਏ 5 ਸਾਲ ਤੱਕ ਜਮ੍ਹਾ ਕਰਵਾਏਗੀ। ਇਸ ਯੋਜਨਾ ਦਾ ਲਾਭ ਪਾਉਣ ਲਈ ਸ਼ਰਤ ਇਹ ਹੈ ਕਿ ਉਹ ਵਿਅਕਤੀ ਸਰਕਾਰ ਦੀ ਕਿਸੇ ਦੂਸਰੀ ਅਜਿਹੀ ਯੋਜਨਾ ਦਾ ਲਾਭ ਨਾ ਲੈ ਰਿਹਾ ਹੋਵੇ ਅਤੇ ਉਸ ਨੇ ਅਟਲ ਪੈਨਸ਼ਨ ਯੋਜਨਾ ਅਧੀਨ ਆਪਣਾ ਖਾਤਾ 31 ਮਾਰਚ 2016 ਤੋਂ ਪਹਿਲਾਂ ਖੋਲ੍ਹਿਆ ਹੋਵੇ। ਵਿਅਕਤੀ ਵਲੋਂ ਜਮ੍ਹਾਂ ਕੀਤੀ ਗਈ ਸਾਲਾਨਾ ਰਕਮ ਦੇ ਅਧਾਰ ਉਤੇ 60 ਸਾਲ ਦੀ ਉਮਰ ਤੋਂ ਬਾਅਦ ਉਸ ਨੂੰ ਜਾਂ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਹਰ ਮਹੀਨੇ 1000 ਤੋਂ ਲੈ

ਕੇ 5000 ਰੁਪਏ ਤੱਕ ਪੈਨਸ਼ਨ ਰਕਮ ਮਿਲ ਸਕਦੀ ਹੈ। ਹਾਲੀਆ ਰੁਝਾਨਾਂ ਤੋਂ ਪਤਾ ਚਲਦਾ ਹੈ ਕਿ ਇਸ ਯੋਜਨਾ ਦੇ ਅਧੀਨ ਪੰਜੀਕਰਨ ਕਰਵਾਉਣ ਵਾਲਿਆਂ ਵਿੱਚ ਔਰਤਾਂ ਦੀ ਗਿਣਤੀ ਵਧੇਰੇ ਹੈ।

## ਮੂਰਤੀਘਾੜਿਆਂ ਲਈ ਭਲਾਈ ਯੋਜਨਾ

ਇਸ ਯੋਜਨਾ ਦੇ ਅਧੀਨ ਹੱਥਸ਼ਿਲਪ ਦਾ ਕੰਮ ਕਰਨ ਵਾਲੇ ਇਕ ਸਾਲ ਤੋਂ 80 ਸਾਲ ਦੀ ਉਮਰ ਦੇ ਹਰੇਕ ਮਰਦ ਜਾਂ ਔਰਤ ਨੂੰ ਸਿਹਤ ਬੀਮਾ ਦਾ ਲਾਭ ਮਿਲੇਗਾ ਭਾਵੇਂ ਉਹ ਗਰੀਬੀ ਰੇਖਾ ਤੋਂ ਹੇਠਾਂ ਆਉਂਦਾ ਹੋਵੇ ਜਾਂ ਨਾ। ਇਨ੍ਹਾਂ ਕਿਰਤੀਆਂ ਨੂੰ 200 ਰੁਪਏ ਹਰ ਸਾਲ ਜਮ੍ਹਾਂ ਕਰਵਾਉਣੇ ਪੈਂਦੇ ਹਨ। ਜਿਸ ਤੋਂ ਬਾਅਦ ਕਿਰਤੀ ਦੇ ਪਰਿਵਾਰ ਦੇ ਚਾਰ ਮੈਂਬਰਾਂ (ਕਿਰਤੀ ਤੋਂ ਇਲਾਵਾ) ਨੂੰ ਸਿਹਤ ਬੀਮਾ ਦਾ ਲਾਭ ਮਿਲਦਾ ਹੈ। ਇਸ ਯੋਜਨਾ ਵਿੱਚ ਪਰਿਵਾਰ ਦੇ ਰਜਿਸਟਰਡ ਮੈਂਬਰ ਦੀ ਮੌਤ ਉਤੇ ਇਕ ਲੱਖ ਰੁਪਏ ਤੱਕ ਦੀ ਸਹਾਇਤਾ ਰਕਮ ਦਾ ਪ੍ਰਬੰਧ ਵੀ ਰਖਿਆ ਗਿਆ ਹੈ। ਇਸ ਤੋਂ ਇਲਾਵਾ ਦੂਜੀਆਂ ਬਿਮਾਰੀਆਂ ਤੇ ਸਰਕਾਰ ਵਲੋਂ ਚੁਣੇ ਗਏ ਹਸਪਤਾਲ ਵਿੱਚ ਇਲਾਜ ਕਰਵਾਉਣ 'ਤੇ ਇਕ ਨਿਸ਼ਚਿਤ ਰਕਮ ਤੱਕ ਦਾ ਇਲਾਜ ਮੁਫ਼ਤ ਕਰਵਾਇਆ ਜਾ ਸਕਦਾ ਹੈ।

## ਆਮ ਆਦਮੀ ਬੀਮਾ ਯੋਜਨਾ

ਸਾਲ 2013 ਤੋਂ ਜਨਸ੍ਰੀ ਬੀਮਾ ਯੋਜਨਾ ਨੂੰ ਇਸੇ ਯੋਜਨਾ ਵਿੱਚ ਮਿਲਾ ਦਿੱਤਾ ਗਿਆ। ਇਹ ਇਕ ਸਮੂਹਿਕ ਬੀਮਾ ਯੋਜਨਾ ਹੈ। ਇਸ ਯੋਜਨਾ ਦਾ ਲਾਭ 18 ਸਾਲ ਤੋਂ 59 ਸਾਲ ਤੱਕ ਦੀ ਉਮਰ ਦੇ ਵਿਅਕਤੀ ਲੈ ਸਕਦੇ ਹਨ ਜਿਨ੍ਹਾਂ ਕੋਲ ਪੇਂਡੂ ਇਲਾਕਿਆਂ ਵਿੱਚ ਰਹਿਣ ਲਈ ਘਰ ਨਹੀਂ ਹੈ ਜਾਂ ਫਿਰ ਉਹ ਸਕਰਾਰ ਵਲੋਂ ਚੁਣੇ 48 ਕਿੱਤਿਆਂ ਵਿੱਚੋਂ ਕਿਸੇ ਇਕ ਨਾਲ ਜੁੜੇ ਹੋਣ। ਯੋਜਨਾ ਦਾ ਲਾਭਪਾਤਰੀ ਹੋਣ ਦੇ ਲਈ ਗਰੀਬੀ ਰੇਖਾ ਤੋਂ ਹੇਠਾਂ ਜਾਂ ਫਿਰ ਥੋੜ੍ਹਾ ਹੀ ਉਸ ਤੋਂ ਉਪਰ ਹੋਣਾ ਲਾਜ਼ਮੀ ਹੈ। ਵਿਅਕਤੀ ਦੀ ਮੌਤ ਜਾਂ ਅਪਾਹਜਤਾ ਦੀ ਸਥਿਤੀ ਵਿੱਚ ਇਸ ਯੋਜਨਾ ਅਧੀਨ 30 ਹਜ਼ਾਰ ਤੋਂ 75 ਹਜ਼ਾਰ ਰੁਪਏ ਤੱਕ ਦੀ ਸਹਾਇਤਾ ਰਕਮ ਦਿੱਤੀ ਜਾਂਦੀ ਹੈ। ਇਸ ਯੋਜਨਾ ਨਾਲ ਸਰਕਾਰ ਨੇ ਐਡ ਆਨ ਬੈਨੀਫਿਟ ਦੀ ਵੀ ਸ਼ੁਰੂਆਤ ਕੀਤੀ ਹੈ। ਇਸ ਯੋਜਨਾ ਨਾਲ ਜੁੜੇ ਵਿਅਕਤੀਆਂ ਦੇ ਦੋ ਬੱਚਿਆਂ, ਜਿਹੜੇ 9ਵੀਂ ਤੋਂ 12ਵੀਂ ਤੱਕ ਦੀ ਪੜ੍ਹਾਈ ਕਰ ਰਹੇ ਹੋਣ ਨੂੰ ਹਰ ਮਹੀਨੇ 100 ਰੁਪਏ ਦਾ ਵਜ਼ੀਫ਼ਾ ਵੀ ਸਰਕਾਰ ਦਿੰਦੀ ਹੈ। ਇਹ ਵਜ਼ੀਫ਼ਾ ਰਕਮ ਛੇ ਮਹੀਨਿਆਂ ਵਿੱਚ ਦੋ ਵਾਰ ਦਿੱਤੀ ਜਾਂਦੀ ਹੈ। ਸਰਕਾਰ ਅਕਸਰ ਆਪਣੀਆਂ ਇਨ੍ਹਾਂ ਸਾਰੀਆਂ ਯੋਜਨਾਵਾਂ ਦੀ ਪੜਚੋਲ ਵੀ ਕਰਦੀ ਰਹਿੰਦੀ ਹੈ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਇਨ੍ਹਾਂ ਯੋਜਨਾਵਾਂ ਦਾ ਲਾਭ ਅਸਲ ਮਾਅਨਿਆਂ ਵਿੱਚ ਲੋੜਵੰਦਾਂ ਤੱਕ ਪਹੁੰਚ ਰਿਹਾ ਹੈ ਜਾਂ ਨਹੀਂ। ਅਜਿਹੇ ਹੀ ਕੁਝ ਲਾਭਪਾਤਰੀਆਂ ਦੀ ਗਿਣਤੀ ਵੀ ਕਿਰਤ ਮੰਤਰਾਲੇ ਨੇ ਜਾਰੀ ਕੀਤੀ ਹੈ। ਤਾਲਿਕਾ–1 ਵਿੱਚ ਹਾਲਾਂਕਿ ਕਿਸੇ ਯੋਜਨਾ ਦਾ ਲਾਭ

ਤਾਲਿਕਾ–1 : ਸਮਾਜਿਕ ਸੁਰੱਖਿਆ ਯੋਜਨਾਵਾਂ ਦੇ ਲਾਭਪਾਤਰੀਆਂ ਦੀ ਗਿਣਤੀ

| ਕ੍ਰ.ਸੰ. | ਸਮਾਜਿਕ ਸੁਰੱਖਿਆ ਯੋਜਨਾ ਦਾ ਨਾਮ | ਲਾਭਪਾਤਰੀ |
|---|---|---|
| 1. | ਇੰਦਰਾ ਗਾਂਧੀ ਰਾਸ਼ਟਰੀ ਬੁਢਾਪਾ ਪੈਨਸ਼ਨ ਯੋਜਨਾ | 20833673 |
| 2. | ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ (2014–15) | 175592 |
| 3. | ਜਨਨੀ ਸੁਰੱਖਿਆ ਯੋਜਨਾ (2013–14) | 10648487 |
| 4. | ਰਾਸ਼ਟਰੀ ਸਿਹਤ ਬੀਮਾ ਯੋਜਨਾ (2013–14) | 38515411 |
| 5. | ਆਮ ਆਦਮੀ ਬੀਮਾ ਯੋਜਨਾ (2013–14) | 50307950 |
| 6. | ਸ਼ਿਲਪਕਾਰ ਵਿਸਰਤ ਭਲਾਈ ਯੋਜਨਾ (2013–14) | 16089 |






ਕਿੰਨੀਆਂ ਔਰਤਾਂ ਤੱਕ ਪੁੱਜਿਆ ਹੈ ਇਸ ਨਾਲ ਸੰਬੰਧਿਤ ਕੋਈ ਵੱਖਰਾ ਅੰਕੜਾ ਨਹੀਂ ਦਿੱਤਾ ਗਿਆ।

ਇਸ ਤੋਂ ਇਲਾਵਾ ਸਰਕਾਰ ਨੇ ਔਰਤ ਕਿਰਤੀਆਂ ਨੂੰ ਬਿਹਤਰ ਸਿਖਲਾਈ ਅਤੇ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਇਕ ਵੱਖਰੀ ਸੰਸਥਾ ਵੀ ਬਣਾਈ ਹੈ। ਉੱਤਰ ਪ੍ਰਦੇਸ਼ ਦੇ ਨੋਇਡਾ ਵਿੱਚ 1971 ਤੋਂ ਚਲ ਰਹੀ ਇਹ ਸੰਸਥਾ ਹੈ ਨੈਸ਼ਨਲ ਵੋਕੇਸ਼ਨਲ ਟਰੇਨਿੰਗ ਇੰਸਟੀਚਿਊਟ ਫਾਰ ਵੁਮੈਨ। ਇਸ ਵਿੱਚ ਦੂਜੇ ਸ਼ਹਿਰਾਂ ਤੋਂ ਆ ਕੇ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਔਰਤਾਂ ਲਈ ਰਹਿਣ ਦਾ ਪ੍ਰਬੰਧ ਵੀ ਹੈ। ਇਥੇ ਫੈਸ਼ਨ, ਸਿੱਖਿਆ, ਬੁਣਾਈ, ਕਢਾਈ ਅਤੇ ਸਿਲਾਈ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਇਸੇ ਤਰਜ ਉਤੇ ਕਈ ਸ਼ਹਿਰਾਂ ਵਿੱਚ ਔਰਤਾਂ ਦੇ ਲਈ 10 ਖੇਤਰੀ ਸਿਖਲਾਈ ਸੰਸਥਾਵਾਂ ਵੀ ਖੋਲ੍ਹੀਆਂ ਗਈਆਂ ਹਨ। ਸਰਕਾਰ ਨੇ 8 ਨਵੇਂ ਕੇਂਦਰਾਂ ਦੀ ਵੀ ਮਨਜ਼ੂਰੀ ਦੇ ਦਿੱਤੀ ਹੈ। ਫਿਲਹਾਲ 3260 ਔਰਤਾਂ ਨੂੰ ਇਨ੍ਹਾਂ ਦੇ ਰਾਹੀ ਸਿਖਲਾਈ ਦਿੱਤੀ ਜਾ ਚੁੱਕੀ ਹੈ।

ਇੰਨਾ ਹੀ ਨਹੀਂ ਸਰਕਾਰ ਘੱਟ ਗਿਣਤੀਆਂ ਦੀਆਂ ਔਰਤਾਂ ਦੇ ਲਈ ਵੱਖਰੀਆਂ ਯੋਜਨਾਵਾਂ ਚਲਾ ਰਹੀ ਹੈ। ਤਾਂ ਕਿ ਉਹ ਵੀ ਦੇਸ਼ ਦੇ ਕਿਰਤ ਬਲ ਦਾ ਮਹੱਤਵਪੂਰਨ ਹਿੱਸਾ ਬਣ ਸਕਣ। ਘੱਟ ਗਿਣਤੀ ਵਿਭਾਗ ਭਾਰਤ ਸਰਕਾਰ ਵਲੋਂ ਚਲਾਈ ਜਾ ਰਹੀ ਮਹਿਲਾ ਸਮਰਿਧੀ ਯੋਜਨਾ ਅਜਿਹੀ ਹੀ ਇਕ ਯੋਜਨਾ ਹੈ। ਇਸ ਦੇ ਤਹਿਤ ਕਈ ਕਿੱਤਿਆਂ ਲਈ ਘੱਟ ਗਿਣਤੀ ਭਾਈਚਾਰੇ ਦੀਆਂ ਔਰਤਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਅਜਿਹੀ ਹੀ ਇਕ ਹੋਰ ਯੋਜਨਾ ਹੈ ਸਿੱਖੋ ਅਤੇ ਕਮਾਓ। ਕੌਸ਼ਲ ਵਿਕਾਸ ਮੰਤਰਾਲੇ ਵਲੋਂ ਚਲਾਈਆਂ ਜਾ ਰਹੀਆਂ ਇਨ੍ਹਾਂ ਯੋਜਨਾਵਾਂ ਵਿੱਚ ਕ੍ਰਮਵਾਰ 30 ਅਤੇ 33 ਪ੍ਰਤਿਸ਼ਤ ਸੀਟਾਂ ਘੱਟ ਗਿਣਤੀ ਭਾਈਚਾਰੇ ਦੀਆਂ ਔਰਤਾਂ ਲਈ ਰਾਖਵੀਆਂ ਹਨ।

ਇਕ ਅਜਿਹੀ ਵਿਵਸਥਾ ਵੀ ਹੈ ਜਿਸ ਵਿੱਚ ਔਰਤਾਂ ਖੁਦ ਦੇ ਲਈ ਆਪ ਹੀ ਸਮਾਜਿਕ ਸੁਰੱਖਿਆ ਬਣਾਉਂਦੀਆਂ ਹਨ। ਇਨ੍ਹਾਂ ਨੂੰ ਮਹਿਲਾ ਸਵੈ-ਸਹਾਇਤਾ ਸਮੂਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਮੂਹ ਵਲੋਂ ਸੰਚਾਲਤ ਹੁੰਦੀਆਂ ਹਨ ਜਿਸ ਵਿੱਚ ਆਰਥਿਕ ਤੌਰ ਤੇ ਗਰੀਬ ਔਰਤਾਂ ਇਕ ਦੂਜੇ ਨਾਲ ਜੁੜਦੀਆਂ ਹਨ। ਉਨ੍ਹਾਂ ਨੂੰ ਸਿਖਲਾਈ ਵੀ ਦਿੰਦੀਆਂ ਹਨ ਅਤੇ ਫਿਰ ਉਨ੍ਹਾਂ ਦੇ ਸਮਾਨ ਦੀ ਉਨ੍ਹਾਂ ਨੂੰ ਸਹੀ ਕੀਮਤ ਵੀ ਦਵਾਉਂਦੀਆਂ ਹਨ। ਸਵਰਨ ਜਯੰਤੀ ਗਰਾਮ ਸਵੈ-ਰੋਜ਼ਗਾਰ ਯੋਜਨਾ ਸਰਕਾਰ ਵਲੋਂ ਅਜਿਹੇ ਸਮੂਹਾਂ ਨੂੰ ਸ਼ੁਰੂ ਕਰਨ ਲਈ ਹੀ ਚਲਾਈ ਜਾ ਰਹੀ ਹੈ। ਕੁੱਲ ਮਿਲਾ ਕੇ ਵੇਖੀਏ ਤਾਂ ਕੰਮ ਕਰਨ ਵਾਲੀਆਂ ਔਰਤਾਂ ਲਈ ਯੋਜਨਾਵਾਂ, ਸੰਵਿਧਾਨਕ ਪ੍ਰਬੰਧਾਂ ਅਤੇ ਸਿਖਲਾਈ ਦੀ ਕੋਈ ਕਮੀ ਨਹੀਂ ਹੈ। ਲੋੜ ਹੈ ਤਾਂ ਇਨ੍ਹਾਂ ਯੋਜਨਾਵਾਂ ਸੰਬੰਧੀ ਸੰਸਥਾਵਾਂ ਵਲੋਂ ਇਨ੍ਹਾਂ ਦੇ ਪ੍ਰਚਾਰ ਅਤੇ ਪ੍ਰਸਾਰ ਦੀ।

*(ਲੇਖਕ ਸੁਤੰਤਰ ਪੱਤਰਕਾਰ ਹੈ। ਟੀ.ਵੀ. ਪੱਤਰਕਾਰਤਾ ਵਿੱਚ ਲਗਭਗ 15 ਸਾਲ ਦੇ ਤਜਰਬੇ ਤੋਂ ਬਾਅਦ ਖੇਤਰੀ ਇਲੈਕਟ੍ਰਾਨਿਕ ਮੀਡੀਆ ਵਿੱਚ ਔਰਤ ਪੱਤਰਕਾਰਾਂ ਦੇ ਕਰੀਅਰ ਦੀ ਸਥਿਤੀ ਉਤੇ ਖੋਜ ਕਰ ਰਹੀ ਹੈ)*

*e-mail :saroj01@gmail.com*

# ਬੇਘਰਾਂ ਅਤੇ ਅਨਾਥ ਬੱਚਿਆਂ ਲਈ ਸਮਾਜਿਕ ਸੁਰੱਖਿਆ

ਸੰਤੋਸ਼ ਕੁਮਾਰ ਪਾਠਕ

ਸਮਾਜਿਕ ਸੁਰੱਖਿਆ ਦੀ ਧਾਰਨਾ ਅਸਲ ਵਿੱਚ ਕਲਿਆਣਕਾਰੀ ਰਾਜ ਦੀ ਧਾਰਨਾ ਦਾ ਅਨਿੱਖੜਵਾਂ ਅੰਗ ਹੈ। ਰਾਜ ਜਾਂ ਆਮ ਬੋਲਚਾਲ ਦੀ ਭਾਸ਼ਾ ਵਿੱਚ ਜਿਸ ਨੂੰ ਅਸੀਂ ਸਰਕਾਰ ਕਹਿੰਦੇ ਹਾਂ ਉਸ ਦੀ ਮੁੱਢਲੀ ਜ਼ਿੰਮੇਵਾਰੀ ਹੀ ਆਪਣੇ ਨਾਗਰਿਕਾਂ ਦੀ ਭਲਾਈ ਕਰਨਾ ਹੈ। ਪੁਰਾਤਨ ਭਾਰਤ ਵਿੱਚ ਵੀ ਰਾਜਤੰਤਰ ਦੀ ਵੱਡੀ ਜ਼ਿੰਮੇਵਾਰੀ ਆਪਣੀ ਪਰਜਾ ਦੀ ਭਲਾਈ ਕਰਨਾ ਹੁੰਦਾ ਸੀ। ਆਧੁਨਿਕ ਯੁਗ ਵਿੱਚ ਵੀ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਸਰਕਾਰੀ ਨੀਤੀ ਵਿੱਚ ਸੁਰੱਖਿਆ ਅਤੇ ਭਲਾਈ ਦਾ ਤੱਤ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ। ਹਾਲਾਂਕਿ ਸੱਨਅਤੀ ਕਰਾਂਤੀ ਤੋਂ ਬਾਅਦ ਪੱਛਮੀ ਦੇਸ਼ਾਂ ਵਿੱਚ ਸਮਾਜਿਕ ਭਲਾਈ ਯੋਜਨਾਵਾਂ ਦਾ ਨਵਾਂ ਹੀ ਸਰੂਪ ਉੱਭਰ ਕੇ ਸਾਹਮਣੇ ਆਇਆ ਜਿਸ ਵਿੱਚ ਵਧੇਰੇ ਜ਼ੋਰ ਕਿਰਤੀਆਂ ਯਾਨੀ ਕਿ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਹਿੱਤਾਂ ਉਤੇ ਹੀ ਦਿੱਤਾ ਗਿਆ। ਇਸ ਦੌਰ ਵਿੱਚ ਜ਼ਿਆਦਾ ਜ਼ੋਰ ਇਸ ਗੱਲ ਉਤੇ ਰਿਹਾ ਕਿ ਬਿਮਾਰ, ਦੁਰਘਟਨਾ, ਬੁਢਾਪਾ, ਮੌਤ ਵਰਗੇ ਹਾਲਾਤ ਵਿੱਚ ਮਾਲਕ ਜਾਂ ਸਰਕਾਰ ਮਜ਼ਦੂਰ ਜਾਂ ਉਸ ਦੇ ਪਰਿਵਾਰ ਦਾ ਗੁਜ਼ਰ-ਬਸਰ ਕਰਨ ਦਾ ਪ੍ਰਬੰਧ ਕਰਨ।

ਅੰਤਰਰਾਸ਼ਟਰੀ ਕਿਰਤ ਸੰਗਠਨ ਦੇ ਅਨੁਸਾਰ ਉਹ ਸੁਰੱਖਿਆ ਜੋ ਸਮਾਜ, ਯੋਗ ਸੰਗਠਨਾਂ ਰਾਹੀਂ ਆਪਣੇ ਮੈਂਬਰਾਂ ਦੇ ਨਾਲ ਵਾਪਰਨ ਵਾਲੀਆਂ ਕੁੱਝ ਘਟਨਾਵਾਂ ਅਤੇ ਜੋਖ਼ਮਾਂ ਤੋਂ ਬਚਾਅ ਲਈ ਪੇਸ਼ ਕਰਦਾ ਹੈ, ਸਮਾਜਿਕ ਸੁਰੱਖਿਆ ਹੈ। ਯਾਨੀ ਕਿ ਅਜਿਹੀਆਂ ਸਾਰੀਆਂ ਯੋਜਨਾਵਾਂ ਨੂੰ ਸਮਾਜਿਕ ਸੁਰੱਖਿਆ ਵਿੱਚ ਲਿਆ ਜਾਣਾ ਚਾਹੀਦਾ ਹੈ ਜੋ ਕਰਮਚਾਰੀ ਨੂੰ ਬਿਮਾਰੀ ਦੇ ਸਮੇਂ ਭਰੋਸਾ ਦੇ ਸਕੇ ਅਤੇ ਜਦੋਂ ਕਿਰਤੀ ਕਮਾਉਣ ਯੋਗ ਨਾ ਹੋਵੇ ਤਾਂ ਉਸ ਨੂੰ ਫਾਇਦਾ ਦੇ ਸਕੇ ਅਤੇ ਉਸ ਨੂੰ ਮੁੜ ਕੰਮ ਉਤੇ ਲਗਾਉਣ ਵਿੱਚ ਸਹਾਇਕ ਹੋਵੇ।

## ਭਾਰਤ ਵਿੱਚ ਸਮਾਜ ਭਲਾਈ

ਹਾਲਾਂਕਿ ਪੁਰਾਤਨ ਭਾਰਤੀ ਸੰਸਕ੍ਰਿਤੀ ਦੀ ਧਾਰਨਾ ਇਸ ਦੇ ਬਿਲਕੁਲ ਉਲਟ ਸੀ ਜਿੱਥੇ ਨਾਗਰਿਕਾਂ ਦੀ ਪੂਰਨ ਭਲਾਈ ਸ਼ਾਸਕ ਦੀ ਜ਼ਿੰਮੇਵਾਰੀ ਹੁੰਦੀ ਸੀ। ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਪੂੰਜੀਵਾਦ ਅਤੇ ਸਮਾਜਵਾਦ ਦੇ ਵਿਚਕਾਰ ਫਸੇ ਭਾਰਤ ਨੇ ਵੀ ਸਮਾਜ ਭਲਾਈ ਦੀ ਪੱਛਮੀ ਧਾਰਨਾ ਨੂੰ ਹੀ ਅਪਣਾ ਲਿਆ। ਪਰ ਜਿਵੇਂ-ਜਿਵੇਂ ਸਮਾਂ ਅੱਗੇ ਵਧਦਾ ਗਿਆ ਸਮਾਜ ਦੇ ਹੋਰ ਵਰਗਾਂ ਦੀ ਭਲਾਈ ਦੀ ਜ਼ਿੰਮੇਵਾਰੀ ਸਰਕਾਰ ਲੈਂਦੀ ਗਈ। ਕੁਝ ਯੋਜਨਾਵਾਂ ਵਿੱਚ ਪਹਿਲ ਕੇਂਦਰ ਵਲੋਂ ਹੋਈ ਤਾਂ ਕੁਝ ਯੋਜਨਾਵਾਂ ਵਿੱਚ ਰਾਜ ਸਰਕਾਰਾਂ ਵਲੋਂ। ਅਸੀਂ ਇਸ ਲੇਖ ਵਿੱਚ ਸਮਾਜ ਦੇ ਅਜਿਹੇ ਹੀ ਦੋ ਵਰਗਾਂ ਬਾਰੇ ਗੱਲ ਕਰਾਂਗੇ ਪਹਿਲਾ ਬੇਘਰ (ਜਿਨ੍ਹਾਂ ਕੋਲ ਰਹਿਣ ਨੂੰ ਛੱਤ ਨਹੀਂ ਹੈ) ਅਤੇ ਦੂਜੇ ਅਨਾਥ ਯਾਨੀ ਬੇਸਹਾਰਾ ਬੱਚੇ।

## ਭਾਰਤ ਵਿੱਚ ਬੇਘਰ

ਭਾਰਤ ਆਪਣੀ ਆਜ਼ਾਦੀ ਦੇ 70ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਪਰ ਇੰਨੇ ਸਾਲਾਂ ਬਾਅਦ ਵੀ ਬੇਘਰ ਲੋਕਾਂ ਦੀ ਗਿਣਤੀ ਸਾਨੂੰ ਕਾਫੀ ਕੁਝ ਸੋਚਣ ਲਈ ਮਜ਼ਬੂਰ ਕਰ ਦਿੰਦੀ ਹੈ। ਆਜ਼ਾਦੀ ਦੇ ਕਈ ਸਾਲਾਂ ਬਾਅਦ ਤੱਕ ਬੇਘਰ ਲੋਕਾਂ ਦੀ ਪਰਿਭਾਸ਼ ਨੂੰ ਲੈ ਕੇ ਹੀ ਕਈ ਤਰ੍ਹਾਂ ਦੇ ਮਤ ਪਾਏ ਜਾਂਦੇ ਸਨ। ਇਸ ਖੇਤਰ ਦੇ ਜਾਣਕਾਰਾਂ, ਇਥੋਂ ਤੱਕ ਕਿ ਸਰਕਾਰ ਵਿੱਚ ਸ਼ਾਮਲ ਲੋਕਾਂ ਦਾ ਵੀ ਮੰਨਣਾ ਹੈ ਕਿ ਬੇਘਰ ਵਿਅਕਤੀਆਂ ਦੀ ਗਿਣਤੀ ਠੀਕ-ਠਾਕ ਦੱਸ ਸਕਣਾ ਮੁਸ਼ਕਿਲ ਹੈ ਕਿਉਂਕਿ ਅਜਿਹੇ ਲੋਕਾਂ ਦਾ ਕੋਈ ਪੱਕਾ ਨਿਵਾਸ ਸਥਾਨ, ਪਤਾ ਟਿਕਾਣਾ ਨਹੀਂ ਹੁੰਦਾ ਅਤੇ ਅਜਿਹੇ ਹਾਲਾਤ ਵਿੱਚ ਬੇਘਰ ਵਿਅਕਤੀਆਂ ਨੂੰ ਲੱਭਣਾ ਹੀ ਆਪਣੇ ਆਪ ਵਿੱਚ ਬੜਾ ਮੁਸ਼ਕਿਲ ਕੰਮ ਹੈ। ਝਗੜਾ ਇਸ ਗੱਲ ਨੂੰ ਲੈ ਕੇ ਵੀ ਰਿਹਾ ਕਿ ਜਿਨ੍ਹਾਂ ਮਕਾਨਾਂ ਦੀ ਹਾਲਤ ਬਹੁਤ ਨਾਜ਼ੁਕ ਹੈ, ਜੋ ਘਰ ਬੁਨਿਆਦੀ ਸਹੂਤਾਂ ਤੋਂ ਵਾਂਝੇ ਹਨ ਜਾਂ ਫਿਰ ਜਿਨ੍ਹਾਂ ਘਰਾਂ ਵਿੱਚ ਇਕ ਛੋਟੀ ਜਿਹੀ ਛੱਤ ਦੇ ਹੇਠਾਂ ਵੱਡੀ ਗਿਣਤੀ ਵਿੱਚ ਲੋਕ ਰਹਿੰਦੇ ਹਨ ਉਨ੍ਹਾਂ ਨੂੰ ਵੀ ਬੇਘਰਿਆਂ ਵਿੱਚ ਗਿਣਿਆ ਜਾਵੇ ਜਾਂ ਨਾ। ਇਸ ਨੂੰ ਦੇਖਦਿਆਂ ਪਹਿਲੀ ਵਾਰ 2011 ਦੀ ਜਨਗਣਨਾ ਵਿੱਚ ਬੇਘਰ ਵਿਅਕਤੀਆਂ ਦੀ ਸਪੱਸ਼ਟ ਪਰਿਭਾਸ਼ਾ ਉਤੇ ਜ਼ੋਰ ਦਿੱਤਾ ਗਿਆ।

ਨਵੀਂ ਜਨਗਣਨਾ ਵਿੱਚ ਬੇਘਰ ਪਰਿਵਾਰਾਂ ਦੇ ਸਰੂਪ ਨੂੰ ਸਪੱਸ਼ਟ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਗਿਆ। ਇਸ ਜਨਗਣਨਾ ਵਿੱਚ ਉਨ੍ਹਾਂ ਪਰਿਵਾਰਾਂ ਨੂੰ ਬੇਘਰੇ ਮੰਨਿਆ ਗਿਆ ਹੈ ਜੋ ਕਿਸੇ ਇਮਾਰਤ, ਜਨਗਣਨਾ ਦੇ ਸੰਦਰਭ ਵਿੱਚ ਦਰਜ ਮਕਾਨ ਵਿੱਚ ਨਹੀਂ ਰਹਿੰਦੇ ਸਗੋਂ ਖੁੱਲ੍ਹੇ ਵਿੱਚ ਸੜਕ ਦੇ ਕਿਨਾਰੇ, ਫੁਟਪਾਥ ਉਤੇ, ਫਲਾਈਓਵਰ ਜਾਂ ਫਿਰ ਪੌੜੀਆਂ ਦੇ ਹੇਠਾਂ ਰਹਿਣ ਅਤੇ ਸੌਣ ਲਈ ਮਜਬੂਰ ਹੁੰਦੇ ਹਨ ਅਤੇ ਜੋ ਵਿਅਕਤੀ ਪੂਜਾ ਸਥਾਨਾਂ, ਰੇਲਵੇ ਪਲੇਟਫਾਰਮਾਂ ਜਾਂ ਮੰਢਪਾਂ ਵਿੱਚ ਰਹਿੰਦੇ ਹਨ। ਜਨਗਣਨਾ ਵਿੱਚ 2011 ਦੇ ਜਨਗਣਨਾ ਦੇ ਅੰਕੜਿਆਂ ਦੇ ਮੁਤਾਬਕ ਦੇਸ਼ ਵਿੱਚ ਘੱਟੋ-ਘੱਟ ਸਾਢੇ ਚਾਰ ਲੱਖ ਪਰਿਵਾਰ ਬੇਘਰੇ ਹਨ। ਵਿਅਕਤੀਆਂ ਦੀ ਗੱਲ ਕਰੀਏ ਤਾਂ ਦੇਸ਼ ਵਿੱਚ ਅੱਜ ਵੀ 17.7 ਲੱਖ ਵਿਅਕਤੀ ਅਜਿਹੇ ਹਨ ਜਿਨ੍ਹਾਂ ਕੋਲ ਰਹਿਣ ਦਾ ਕੋਈ ਠਿਕਾਣਾ ਨਹੀਂ। ਬੇਘਰ ਪਰਿਵਾਰਾਂ ਵਿੱਚੋਂ ਹਰੇਕ ਦੀ ਔਸਤ ਚਾਰ (3.9 ਵਿਅਕਤੀ) ਵਿਅਕਤੀਆਂ ਦੇ ਲਗਭਗ ਹੈ। ਹਾਲਾਂਕਿ ਦੇਸ਼ ਦੀ ਕੁੱਲ ਆਬਾਦੀ ਦੇ ਅਨੁਪਾਤ ਵਿੱਚ ਚਰਚਾ ਕਰੀਏ ਤਾਂ ਬੇਘਰ ਲੋਕਾਂ ਦੀ ਗਿਣਤੀ ਸਿਰਫ਼ 0.15 ਪ੍ਰਤਿਸ਼ਤ ਹੀ ਬਣਦੀ ਹੈ। ਪਰ ਇਸ ਦੇ ਬਾਵਜੂਦ 17.7

ਲੱਖ ਵਿਅਕਤੀਆਂ ਕੋਲ ਸੌਣ ਜਾਂ ਰਹਿਣ ਦਾ ਕੋਈ ਪੱਕਾ ਠਿਕਾਣਾ ਨਹੀਂ ਹੈ, ਇਸ ਅਸਲੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ।

ਹਾਲਾਂਕਿ ਸਭ ਤੋਂ ਵੱਡੀ ਰਾਹਤ ਦੀ ਗੱਲ ਰਹੀ ਹੈ ਕਿ ਪਿਛਲੇ ਇਕ ਦਹਾਕੇ ਦੌਰਾਨ ਬੇਘਰਿਆਂ ਦੀ ਗਿਣਤੀ ਵਿੱਚ ਗਿਰਾਵਟ ਆਈ ਹੈ। ਨਵੇਂ ਅੰਕੜਿਆਂ ਮੁਤਾਬਕ ਪਿਛਲੇ ਇਕ ਦਹਾਕੇ (2001–2011) ਵਿਚਕਾਰ ਬੇਘਰੇ ਲੋਕਾਂ ਦੀ ਗਿਣਤੀ ਵਿੱਚ ਲਗਭਗ 8 ਪ੍ਰਤਿਸ਼ਤ ਦੀ ਗਿਰਾਵਟ ਆਈ ਹੈ। ਹਾਲਾਂਕਿ 2001–2011 ਦੇ 10 ਸਾਲਾਂ ਦੇ ਦੌਰਾਨ ਸ਼ਹਿਰੀ ਖੇਤਰ ਵਿੱਚ ਬੇਘਰੇ ਵਿਅਕਤੀਆਂ ਦੀ ਗਿਣਤੀ ਵਿੱਚ 20.5 ਪ੍ਰਤਿਸ਼ਤ ਦਾ ਵੱਡਾ ਵਾਧਾ ਦਰਜ ਕੀਤਾ ਗਿਆ ਉਥੇ ਰਾਹਤ ਦੀ ਗੱਲ ਇਹ ਰਹੀ ਕਿ ਇਨ੍ਹਾਂ 10 ਸਾਲਾਂ ਦੇ ਦੌਰਾਨ ਦੇਸ਼ ਦੇ ਪੇਂਡੂ ਇਲਾਕਿਆਂ ਵਿੱਚ ਬੇਘਰ ਲੋਕਾਂ ਦੀ ਸੰਖਿਆ ਵਿੱਚ 28.4 ਪ੍ਰਤਿਸ਼ਤ ਦੀ ਭਾਰੀ ਗਿਰਾਵਟ ਵੀ ਦਰਜ ਕੀਤੀ ਗਈ ਹੈ। ਬੇਘਰ ਅਬਾਦੀ ਵਿੱਚ ਬੱਚਿਆਂ ਦੀ ਗਿਣਤੀ ਸਾਲ 2001 ਵਿੱਚ 17.8 ਪ੍ਰਤਿਸ਼ਤ ਸੀ ਜੋ ਸਾਲ 2011 ਵਿੱਚ ਘਟ ਕੇ 15.3 ਪ੍ਰਤਿਸ਼ਤ ਉਤੇ ਆ ਗਈ ਹੈ।

ਬੇਘਰ ਪਰਿਵਾਰਾਂ ਦੀ ਗਿਣਤੀ ਦੇ ਮਾਮਲੇ ਵਿੱਚ ਉਪਰਲੇ ਪੰਜ ਰਾਜ, ਉੱਤਰ ਪ੍ਰਦੇਸ਼ (3.3 ਲੱਖ), ਮਹਾਰਾਸ਼ਟਰ (2.1 ਲੱਖ), ਰਾਜਸਥਾਨ (1.8 ਲੱਖ), ਮੱਧ ਪ੍ਰਦੇਸ਼ (1.46 ਲੱਖ) ਅਤੇ ਆਂਧਰ ਪ੍ਰਦੇਸ਼ (1.45 ਲੱਖ) ਹੈ। ਜੇਕਰ ਕੁੱਲ ਅਬਾਦੀ ਵਿੱਚ ਬੇਘਰ ਲੋਕਾਂ ਦੇ ਅਨੁਪਾਤ ਦੇ ਲਿਹਾਜ ਨਾਲ ਦੇਖੀਏ ਤਾਂ ਉਪਰਲੇ ਪੰਜ ਰਾਜਾਂ ਵਿੱਚ ਰਾਜਸਥਾਨ (0.3 ਪ੍ਰਤਿਸ਼ਤ), ਗੁਜਰਾਤ (0.24 ਪ੍ਰਤਿਸ਼ਤ), ਹਰਿਆਣਾ (0.2 ਪ੍ਰਤਿਸ਼ਤ), ਮੱਧ ਪ੍ਰਦੇਸ਼ (0.2 ਪ੍ਰਤਿਸ਼ਤ) ਅਤੇ ਮਹਾਰਾਸ਼ਟਰ (0.19 ਪ੍ਰਤਿਸ਼ਤ) ਦੇ ਨਾਮ ਹਨ।

ਸ਼ਹਿਰੀ ਖੇਤਰ ਵਿੱਚ ਘਰਾਂ ਦੀ ਕਮੀ ਨਾਲ ਸੰਬੰਧਤ ਇਕ ਤਕਨੀਕੀ ਸਮੂਹ ਦਾ ਅਨੁਮਾਨ ਹੈ ਕਿ ਦੇਸ਼ ਦੇ ਸ਼ਹਿਰੀ ਖੇਤਰਾਂ ਵਿੱਚ ਸਾਲ 2012 ਵਿੱਚ 1 ਕਰੋੜ 80 ਲੱਖ 78 ਹਜ਼ਾਰ ਮਕਾਨਾਂ ਦੀ ਕਮੀ ਸੀ ਅਤੇ ਇਸ ਕਮੀ ਦਾ 95 ਪ੍ਰਤਿਸ਼ਤ ਆਰਥਿਕ ਤੌਰ ਤੇ ਕਮਜ਼ੋਰ ਜਾਂ ਹੇਠਲੀ ਆਮਦਨ ਵਰਗ ਦੇ ਲੋਕਾਂ ਨਾਲ ਸੰਬਧਤ ਹੈ। ਰਾਸ਼ਟਰੀ ਅਵਾਸ ਬੈਂਕ ਦੇ ਅੰਕੜਿਆਂ ਵਿੱਚ ਪੇਂਡੂ ਖੇਤਰਾਂ ਵਿੱਚ 4 ਕਰੋੜ 30 ਲੱਖ 90 ਹਜ਼ਾਰ ਮਕਾਨਾਂ ਦੀ ਕਮੀ ਦੱਸੀ ਗਈ ਹੈ ਜਿਸ ਦਾ 90 ਪ੍ਰਤਿਸ਼ਤ ਆਰਥਿਕ ਤੌਰ ਤੇ ਕਮਜ਼ੋਰ ਅਤੇ ਲੋੜਵੰਦ ਵਰਗ ਦੇ ਲੋਕਾਂ ਨਾਲ ਸੰਬੰਧਿਤ ਹੈ।

## ਸਰਕਾਰ ਵਲੋਂ ਬੇਘਰਾਂ ਦੀ ਸਾਰ

ਬੇਘਰ ਲੋਕਾਂ ਦੀ ਇੰਨੀ ਵੱਡੀ ਤਦਾਦ ਸਰਕਾਰ ਦੇ ਲਈ ਚਿੰਤਾ ਦਾ ਸਬਬ ਬਣ ਗਈ ਹੈ। ਖ਼ਾਸ ਤੌਰ ਤੇ ਸਰਦੀ ਦੇ ਮੌਸਮ ਵਿੱਚ ਕੋਈ ਛੱਤ ਨਾ ਹੋਣ ਦੇ ਕਾਰਨ ਕਈ ਵਿਅਕਤੀਆਂ ਦੀ ਮੌਤ ਹੁੰਦੀ ਹੈ ਜਿਸ ਕਾਰਨ ਸਰਕਾਰ ਨੂੰ ਚਾਰੇ ਪਾਸਿਆਂ ਤੋਂ ਅਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੰਬੰਧ ਵਿੱਚ ਸੁਪਰੀਮ ਕੋਰਟ ਦੇ ਸਖਤ ਹੁਕਮ ਤੋਂ ਬਾਅਦ ਸਰਦੀ ਦੇ ਮੌਸਮ ਵਿੱਚ ਸਾਰੀਆਂ ਰਾਜ ਸਰਕਾਰਾਂ ਵੱਡੀ ਗਿਣਤੀ ਵਿੱਚ ਰੈਣ ਬਸੇਰਿਆਂ ਦਾ ਪ੍ਰਬੰਧ ਕਰਨ ਲਗੀ ਹੈ ਜਿਥੇ ਬੇਘਰੇ ਵਿਅਕਤੀ ਰਾਤ ਨੂੰ ਜਾ ਕੇ ਸੌਂ ਸਕਦੇ ਹਨ। ਪਰ ਇਹ ਸਾਰੇ ਜਾਣਦੇ ਹਨ ਕਿ ਇਹ ਆਰਜੀ ਪ੍ਰਬੰਧ ਹੈ। ਠੋਸ ਹੱਲ ਤਾਂ ਇਕ ਹੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਮਕਾਨ ਦਿੱਤਾ ਜਾਵੇ, ਛੱਤ ਮੁਹੱਈਆ ਕਰਵਾਈ ਜਾਵੇ ਤਾਂ ਕਿ ਉਨ੍ਹਾਂ ਉਤੇ ਲਗਿਆ ਬੇਘਰੇ ਦਾ ਠੱਪਾ ਹਟ ਸਕੇ।

## ਕੇਂਦਰ ਸਰਕਾਰ ਦੀ ਮਹੱਤਵਪੂਰਨ ਯੋਜਨਾ

ਅਜਿਹੇ ਹਾਲਾਤ ਵਿੱਚ ਇਸ ਸਮੱਸਿਆ ਦੇ ਪੱਕੇ ਹੱਲ ਲਈ ਮੌਜੂਦਾ ਸਰਕਾਰ ਨੇ ਇਕ ਵੱਡੀ ਮਹੱਤਵਪੂਰਨ ਯੋਜਨਾ ਦੀ ਸ਼ੁਰੂਆਤ ਕੀਤੀ ਹੈ। 2022 ਤੱਕ ਦੇਸ਼ ਦੇ ਸਾਰੇ ਬੇਘਰਿਆਂ ਨੂੰ ਪੱਕਾ ਮਕਾਨ ਦੇਣ ਦੀ ਯੋਜਨਾ। ਕੇਂਦਰ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਉਹ 2022 ਤੱਕ ਸਾਰਿਆਂ ਨੂੰ ਘਰ ਦੇ ਦੇਵੇਗੀ ਯਾਨੀ 2022 ਤੋਂ ਬਾਅਦ ਕੋਈ ਵੀ ਬੇਘਰ ਨਹੀਂ ਰਹੇਗਾ। ਸਰਕਾਰ ਵਲੋਂ ਇਸ ਯੋਜਨਾ ਦੇ ਅਧੀਨ ਪੇਂਡੂ ਖੇਤਰ ਦੇ ਲੋਕਾਂ ਨੂੰ ਮਕਾਨ ਬਣਾਉਣ ਲਈ ਇਕ ਲੱਖ ਵੀਹ ਹਜ਼ਾਰ ਅਤੇ ਪਹਾੜੀ ਅਤੇ ਦੁਰੇਡੇ ਖੇਤਰਾਂ ਦੇ ਲਈ ਇਕ ਲੱਖ ਤੀਹ ਹਜ਼ਾਰ ਰੁਪਏ ਉਪਲਬਧ ਕਰਵਾਉਣ ਦੀ ਯੋਜਨਾ ਹੈ। ਪੇਂਡੂ ਖੇਤਰਾਂ ਵਿੱਚ ਇਸ ਯੋਜਨਾ ਉਤੇ ਲਗਭਗ 81,975 ਕਰੋੜ ਰੁਪਏ ਖਰਚ ਹੋਣਗੇ। ਇਸ ਵਿੱਚੋਂ 60 ਹਜ਼ਾਰ ਕਰੋੜ ਰੁਪਏ ਬਜਟ ਪ੍ਰਾਵਧਾਨ ਦੇ ਰਾਹੀਂ ਅਤੇ ਬਾਕੀ 21,975 ਕਰੋੜ ਨਾਬਾਰਡ ਨਿਧੀ ਤੋਂ ਖਰਚ ਹੋਣਗੇ। ਉਂਜ ਤਾਂ ਯੋਜਨਾ ਦਾ ਟੀਚਾ ਅਗਲੇ ਪੰਜ ਸਾਲਾਂ ਵਿੱਚ ਸਾਰੇ ਬੇਘਰਿਆਂ ਨੂੰ ਘਰ ਮੁਹੱਈਆ ਕਰਵਾਉਣ ਦਾ ਹੈ ਪਰ ਸਰਕਾਰ ਵਲੋਂ 2016 ਤੋਂ 2019 ਵਿਚਕਾਰ ਲਗਭਗ ਇਕ ਕਰੋੜ ਲੋਕਾਂ ਨੂੰ ਮਕਾਨ ਉਪਲਬਧ ਕਰਵਾਉਣ ਦਾ ਟੀਚਾ ਰਖਿਆ ਗਿਆ ਹੈ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੇ ਸ਼ਹਿਰੀ ਖੇਤਰ ਦੇ ਬੇਘਰਿਆਂ ਲਈ ਵੀ ਘਰ ਦੇਣ ਦੀ ਯੋਜਨਾ ਦਾ ਐਲਾਨ ਕੀਤਾ ਸੀ। ਜਿਸ ਦੇ ਅਧੀਨ 4000 ਤੋਂ ਵੱਧ ਛੋਟੇ-ਵੱਡੇ ਸ਼ਹਿਰਾਂ ਵਿੱਚ ਦੋ ਕਰੋੜ ਮਕਾਨ ਬਣਾਉਣ ਦਾ ਐਲਾਨ ਕੀਤਾ ਸੀ। ਸਪੱਸ਼ਟ ਹੈ ਕਿ ਜੇਕਰ ਇਹ ਦੋਨੋਂ ਯੋਜਨਾਵਾਂ ਅਮਲ ਵਿੱਚ ਆਉਂਦੀਆਂ ਹਨ ਤਾਂ ਬੇਸ਼ਕ ਪੇਂਡੂ ਅਤੇ ਸ਼ਹਿਰੀ ਗਰੀਬਾਂ ਦੇ ਕੋਲ ਆਪਣਾ ਘਰ ਹੋਵੇਗਾ।

ਫਿਲਹਾਲ ਸਰਕਾਰ ਨੇ ਪੇਂਡੂ ਖੇਤਰਾਂ ਵਿੱਚ ਮਾਰਚ 2018 ਤੱਕ 51 ਲੱਖ ਘਰ ਬਣਾਉਣ ਦਾ ਟੀਚਾ ਤੈਅ ਕੀਤਾ ਹੈ। ਇਹ 2019 ਤੱਕ 1 ਕਰੋੜ ਘਰ ਬਣਾਏ ਜਾਣ ਦੇ ਟੀਚੇ ਦਾ ਅੱਧਾ ਹੈ। ਸੋਧੀ ਹੋਈ ਪ੍ਰਧਾਨ ਮੰਤਰੀ ਅਵਾਸ ਯੋਜਨਾ ਪੇਂਡੂ (ਪੀ ਐੱਮ ਏ ਵਾਈ ਜੀ) ਦੇ ਤਹਿਤ ਸਰਕਾਰ ਉਸਾਰੀ ਵਿੱਚ ਲਗਣ ਵਾਲੇ ਪਹਿਲਾਂ ਦੇ 18 ਮਹੀਨੇ ਤੋਂ ਤਿੰਨ ਸਾਲ ਦੇ ਸਮੇਂ ਨੂੰ ਹੁਣ ਘਟਾ ਕੇ 6–12 ਮਹੀਨੇ ਕਰਨਾ ਚਾਹੁੰਦੀ ਹੈ।

2016–17 ਵਿੱਚ 32 ਲੱਖ ਤੋਂ ਵੱਧ ਮਕਾਨਾਂ ਦੇ ਬਣਨ ਦੀ ਖ਼ਬਰ ਹੈ ਅਤੇ ਮਾਰਚ 2016 ਵਿੱਚ ਖਤਮ ਹੋਏ ਸਾਲ ਵਿੱਚ ਬਣਾਏ ਗਏ ਘਰਾਂ ਦੀ ਗਿਣਤੀ 18 ਲੱਖ ਰਹੀ ਹੈ। ਪ੍ਰਧਾਨ ਮੰਤਰੀ ਅਵਾਸ ਯੋਜਨਾ – ਪੇਂਡੂ ਨੂੰ ਨਵੰਬਰ 2015 ਵਿੱਚ ਸ਼ੁਰੂ ਕੀਤਾ ਗਿਆ ਸੀ ਤਾਂ ਕਿ ਪਹਿਲਾਂ ਵਾਲੀ ਇੰਦਰਾ ਅਵਾਸ ਯੋਜਨਾ ਦੇ ਬਦਲੇ ਇਸ ਨੂੰ ਲਾਗੂ ਕੀਤਾ ਜਾ ਸਕੇ। ਇਸ ਵਿੱਚ ਹਰ ਘਰ ਦੇ ਲਈ ਆਵੰਟਨ ਦੀ ਰਕਮ ਨੂੰ ਦੁਗਣਾ ਕਰ ਦਿੱਤਾ ਗਿਆ ਹੈ ਅਤੇ ਮਕਾਨ ਦੇ ਖੇਤਰਫਲ ਨੂੰ ਵੀ ਵਧਾ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਅਵਾਸ ਯੋਜਨਾ ਦੇ ਅਧੀਨ ਇਸ ਸਾਲ ਦੇ ਬਜਟ ਵਿੱਚ 15,000 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਸਕੀਮ ਵਿੱਚ ਪ੍ਰਤਿ ਪਰਿਵਾਰ ਆਵੰਟਨ ਨੂੰ ਦੁੱਗਣਾ ਕਰਕੇ ਪਹਿਲਾਂ ਦੇ 75,000 ਰੁਪਏ ਤੋਂ 1,20,000 ਰੁਪਏ ਕਰ ਦਿੱਤਾ ਗਿਆ। ਨਾਲ ਹੀ ਪੂਰੇ ਖੇਤਰ ਨੂੰ ਵੀ ਵਧਾ ਕੇ 22 ਵਰਗ ਮੀਟਰ ਤੋਂ 25 ਵਰਗ ਮੀਟਰ ਕਰ ਦਿੱਤਾ ਗਿਆ ਹੈ। ਹਾਊਸਿੰਗ ਸਕੀਮ ਵਿੱਚ ਬਣੇ ਮਕਾਨ ਸਵੱਛ ਭਾਰਤ ਮੁਹਿੰਮ ਨਾਲ ਜੁੜੇ ਹੋਣਗੇ ਤਾਂ ਕਿ 12,000 ਰੁਪਏ ਪ੍ਰਤਿ

ਪਰਿਵਾਰ ਨੂੰ ਵਾਧੂ ਆਵੰਟਨ ਦੇ ਨਾਲ ਹਰ ਘਰ ਵਿੱਚ ਇਕ ਪਖ਼ਾਨਾ ਬਣਾਇਆ ਜਾ ਸਕੇ। ਇਸ ਦੇ ਨਾਲ ਹੀ ਮਨਰੇਗਾ ਤਹਿਤ 90 ਦਿਨ ਦਾ ਰੋਜ਼ਗਾਰ ਵੀ ਦਿੱਤਾ ਜਾਵੇਗਾ ਜਿਸ ਨਾਲ ਹਰ ਪਰਿਵਾਰ ਨੂੰ 18,000 ਰੁਪਏ ਦੀ ਆਮਦਨੀ ਹੋਵੇਗੀ।

ਪ੍ਰਧਾਨ ਮੰਤਰੀ ਅਵਾਸ ਯੋਜਨਾ (ਪੀ ਐੱਮ ਵਾਈ) ਦੇ ਅਧੀਨ ਚਾਲੂ ਵਰ੍ਹੇ, 2017-18 ਵਿੱਚ ਸ਼ਹਿਰਾਂ ਵਿੱਚ 12 ਲੱਖ ਘਰ ਬਣਾਉਣ ਦਾ ਟੀਚਾ ਤੈਅ ਕੀਤਾ ਗਿਆ ਹੈ। ਹਾਲਾਂਕਿ ਪਿਛਲੇ ਮਾਲੀ ਵਰ੍ਹੇ ਵਿੱਚ ਸਰਕਾਰ ਇਸ ਯੋਜਨਾ ਦੇ ਅਧੀਨ ਸਿਰਫ਼ 1.47 ਲੱਖ ਮਕਾਨ ਹੀ ਬਣਾ ਸਕੀ ਸੀ ਪਰ ਇਸ ਦੇ ਲਈ ਜ਼ਮੀਨ ਉਤੇ ਕਬਜ਼ੇ ਵਿੱਚ ਦੇਰੀ ਨੂੰ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਹੁਣ ਸਰਕਾਰ ਇਸ ਯੋਜਨਾ ਵਿੱਚ ਤੇਜ਼ੀ ਲਿਆਉਣ ਲਈ ਕਮਰ ਕੱਸ ਚੁੱਕੀ ਹੈ। ਹੁਣ ਯੋਜਨਾ ਅਧੀਨ ਸਾਲ 2018-19 ਅਤੇ 2019-20 ਵਿੱਚ 26-26 ਲੱਖ ਮਕਾਨ ਬਣਾਉਣ ਦਾ ਟੀਚਾ ਰੱਖਿਆ ਗਿਆ ਹੈ। ਜਦੋਂ ਕਿ 2020-21 ਵਿੱਚ 30 ਲੱਖ ਤੇ 2021-22 ਵਿੱਚ 29.80 ਲੱਖ ਮਕਾਨ ਬਣਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਯੋਜਨਾ ਵਿੱਚ ਹੁਣ ਤੱਕ 18.76 ਲੱਖ ਮਕਾਨਾਂ ਦੀ ਉਸਾਰੀ ਦੀ ਤਜਵੀਜ਼ ਨੂੰ ਮਨਜ਼ੂਰੀ ਮਿਲ ਚੁੱਕੀ ਹੈ। ਜਦੋਂ ਕਿ 13.06 ਲੱਖ ਮਕਾਨਾਂ ਦੀ ਉਸਾਰੀ ਲਈ ਰਕਮ ਜਾਰੀ ਕੀਤੀ ਜਾ ਚੁੱਕੀ ਹੈ।

ਦੱਸ ਦਈਏ ਕਿ ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾ (ਸ਼ਹਿਰੀ) ਜੂਨ 2015 ਵਿੱਚ ਸ਼ੁਰੂ ਕੀਤੀ ਸੀ। ਇਸ ਦਾ ਟੀਚਾ 2022 ਤੱਕ ਸਾਰਿਆਂ ਨੂੰ ਮਕਾਨ ਮੁਹੱਇਆ ਕਰਵਾਉਣਾ ਹੈ। ਇਸ ਦੇ ਲਈ ਸਰਕਾਰ ਤੇਜ਼ ਰਫ਼ਤਾਰ ਨਾਲ ਇਸ ਟੀਚੇ ਨੂੰ ਹਾਸਲ ਕਰਨਾ ਚਾਹੁੰਦੀ ਹੈ। 500 ਸ਼੍ਰੇਣੀ-1 ਦੇ ਸ਼ਹਿਰਾਂ ਦੇ ਨਾਲ-ਨਾਲ ਇਸ ਯੋਜਨਾ ਵਿੱਚ 4041 ਕਸਬਿਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਸਰਕਾਰ ਹੋਮ ਲੋਨ ਦੇ ਵਿਆਜ ਵਿੱਚ ਸਬਸਿਡੀ ਵੀ ਦੇ ਰਹੀ ਹੈ ਤਾਂ ਕਿ ਵੱਧ ਤੋਂ ਵੱਧ ਵਿਅਕਤੀ ਆਪਣਾ ਮਕਾਨ ਖਰੀਦ ਸਕਣ।

ਹਾਲਾਂ ਕਿ ਦੀਨਦਿਆਲ ਅੰਤੋਦਿਆ ਯੋਜਨਾ ਅਤੇ ਰਾਸ਼ਟਰੀ ਸ਼ਹਿਰੀ ਰੋਜ਼ੀ-ਰੋਟੀ ਮਿਸ਼ਨ ਦਾ ਵੀ ਆਖਰੀ ਟੀਚਾ ਚਰਣਬੱਧ ਢੰਗ ਨਾਲ ਸ਼ਹਿਰੀ ਬੇਘਰਾਂ ਲਈ ਲੋੜੀਂਦੀਆਂ ਸੇਵਾਵਾਂ ਨਾਲ ਲੈਸ ਆਸਰਾ ਮੁਹੱਈਆ ਕਰਨਾ ਹੀ ਹੈ ਕਿਉਂਕਿ ਸਰਕਾਰ ਇਸ ਯੋਜਨਾ ਦੇ ਰਾਹੀਂ ਸ਼ਹਿਰੀ ਗਰੀਬ ਪਰਿਵਾਰਾਂ ਦੀ ਗਰੀਬੀ ਅਤੇ ਜੋਖਿਮ ਨੂੰ ਘੱਟ ਕਰਨ ਲਈ ਉਨ੍ਹਾਂ ਨੂੰ ਲਾਭਕਾਰੀ ਸਵੈ-ਰੋਜ਼ਗਾਰ ਅਤੇ ਕੁਸ਼ਲ ਮਜ਼ਦੂਰੀ, ਰੋਜ਼ਗਾਰ ਦੇ ਮੌਕੇ ਦਾ ਇਸਤੇਮਾਲ ਕਰਨ ਦੇ ਸਮਰੱਥ ਬਣਾਉਣਾ ਚਾਹੁੰਦੀ ਹੈ ਤਾਂ ਕਿ ਉਨ੍ਹਾਂ ਦੇ ਮਜਬੂਤ ਜ਼ਮੀਨੀ ਪੱਧਰ ਦੇ ਨਿਰਮਾਣ ਨਾਲ ਉਨ੍ਹਾਂ ਦੀ ਰੋਜ਼ੀ-ਰੋਟੀ ਵਿੱਚ ਪੱਕੇ ਅਧਾਰ ਉਤੇ ਪ੍ਰਸ਼ੰਸਾਯੋਗ ਸੁਧਾਰ ਹੋ ਸਕੇ। ਯੋਜਨਾ ਸ਼ਹਿਰੀ ਸੜਕ ਉਤੇ ਸਮਾਨ ਵੇਚਣ ਵਾਲਿਆਂ ਦੀ ਆਮਦਨ ਸੰਬੰਧੀ ਸਮੱਸਿਆਵਾਂ ਨੂੰ ਵੇਖਦਿਆਂ ਉਨ੍ਹਾਂ ਦੀ ਉਭਰਦੇ ਬਜ਼ਾਰ ਵਿੱਚ ਮੌਕਿਆਂ ਤੱਕ ਪਹੁੰਚ ਨੂੰ ਯਕੀਨੀ ਬਣਾਉਣ ਲਈ ਯੋਗ ਜਗ੍ਹਾ, ਸੰਸਥਾਗਤ ਕਰਜ਼ੇ ਅਤੇ ਸਮਾਜਿਕ ਸੁਰੱਖਿਆ ਅਤੇ ਕੌਸ਼ਲ ਦੇ ਨਾਲ ਇਸ ਨੂੰ ਸੁਵਿਧਾਜਨਕ ਬਣਾਉਣ ਨਾਲ ਵੀ ਸੰਬੰਧਿਤ ਹੈ।

## ਸਾਰਿਆਂ ਲਈ ਮਕਾਨ - ਵੱਡੀ ਚੁਨੌਤੀ

ਹਾਲਾਂਕਿ ਸਾਰਿਆਂ ਨੂੰ ਮਕਾਨ ਮੁਹੱਈਆ ਕਰਵਾਉਣਾ ਨਿਸ਼ਚਿਤ ਤੌਰ ਤੇ ਇਕ ਵੱਡੀ ਚੁਨੌਤੀ ਹੈ ਖ਼ਾਸ ਕਰਕੇ ਸ਼ਹਿਰੀ ਇਲਾਕਿਆਂ ਵਿੱਚ ਕਿਉਂਕਿ ਆਰਥਿਕਤਾ ਅਤੇ ਵਾਤਾਵਰਨ ਉਤੇ ਕੇਂਦਰਿਤ ਇਸ ਆਯੋਗ ਦੀ ਨਵੀਂ ਰਿਪੋਰਟ ਦੇ ਮੁਤਾਬਕ ਪਿਛਲੇ ਦੋ ਦਹਾਕਿਆਂ ਵਿੱਚ ਭਾਰਤ ਦੀ ਸ਼ਹਿਰੀ ਅਬਾਦੀ 2 ਕਰੋੜ 70 ਲੱਖ ਤੋਂ ਵਧ ਕੇ 37 ਕਰੋੜ 70 ਲੱਖ ਹੋ ਚੁੱਕੀ ਹੈ, ਜੋ 2031 ਤੱਕ 60 ਕਰੋੜ ਦੀ ਗਿਣਤੀ ਨੂੰ ਛੂਹ ਲਵੇਗੀ। ਯਾਨੀ ਉਸ ਸਮੇਂ ਦੇਸ਼ ਦੀ ਅਬਾਦੀ ਦਾ 40 ਪ੍ਰਤਿਸ਼ਤ ਹਿੱਸਾ ਸ਼ਹਿਰਾਂ ਵਿੱਚ ਮਿਲੇਗਾ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ਹਿਰਾਂ ਦੇ ਕੰਢਿਆਂ ਉਤੇ ਵਸ ਰਹੀਆਂ ਨਵੀਆਂ ਸ਼ਹਿਰੀ ਅਬਾਦੀਆਂ ਦੀ ਕੋਈ ਯੋਜਨਾ ਨਹੀਂ ਹੈ। ਇਨ੍ਹਾਂ ਦੀ ਉਸਾਰੀ ਵਿੱਚ ਮਾਣਕਾਂ ਅਤੇ ਕਾਨੂੰਨਾਂ ਦਾ ਧਿਆਨ ਨਹੀਂ ਰਖਿਆ ਜਾਂਦਾ ਅਤੇ ਇਹ ਨਵੇਂ ਸ਼ਹਿਰ ਗ਼ੈਰ ਨਿਯੰਤ੍ਰਿਤ ਵਿਕਾਸ ਨੂੰ ਉਤਸ਼ਾਹ ਦੇ ਰਹੇ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਨਵੇਂ ਸ਼ਹਿਰਾਂ ਦੇ ਵਿਕਾਸ ਲਈ ਅਗਲੇ 20 ਸਾਲਾਂ ਵਿੱਚ ਲਗਭਗ ਪੰਜ ਲੱਖ ਕਰੋੜ ਰੁਪਏ ਦੀ ਲੋੜ ਪਵੇਗੀ। ਇਸ ਦਾ ਦੋ ਤਿਹਾਈ ਸਿਰਫ ਸ਼ਹਿਰੀ ਸੜਕਾਂ ਅਤੇ ਆਵਾਜਾਈ ਉਤੇ ਖਰਚ ਹੋਵੇਗਾ। ਅਜਿਹੇ ਵਿੱਚ ਇਸ ਗੱਲ ਦਾ ਧਿਆਨ ਰਖਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਸਾਰੇ ਬੇਘਰਿਆਂ ਨੂੰ ਮਕਾਨ ਤਾਂ ਮਿਲੇ ਪਰ ਇਹ ਨਿਯੋਜਿਤ ਤਰੀਕੇ ਨਾਲ ਹੋਣਾ ਚਾਹੀਦਾ ਹੈ। ਧਿਆਨ ਰਖਣਾ ਹੋਵੇਗਾ ਕਿ ਇਕ ਵੱਡੀ ਅਬਾਦੀ ਹਰ ਵਰ੍ਹੇ ਰੋਜ਼ੀ-ਰੋਟੀ ਦੇ ਲਈ ਸ਼ਹਿਰਾਂ ਵੱਲ ਰੁਖ਼ ਕਰ ਰਹੀ ਹੈ। ਅਜਿਹੇ ਵਿੱਚ ਬੇਘਰਿਆਂ ਦੀ ਗਿਣਤੀ ਲਗਾਤਾਰ ਵਧਦੀ ਜਾਵੇਗੀ। ਮਹਿਰਾਂ ਦੇ ਮੁਤਾਬਕ ਇਸ ਨੂੰ ਰੋਕਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲ ਕੇ ਲੰਮੀ ਮਿਆਦ ਵਾਲੀ ਰਣਨੀਤੀ ਤਿਆਰ ਕਰਨੀ ਹੋਵੇਗੀ। ਇਕ ਪਾਸੇ ਜਿਥੇ ਸ਼ਹਿਰਾਂ ਵਿੱਚ ਮਕਾਨਾਂ ਦੀ ਗਿਣਤੀ ਵਧਾਉਣੀ ਹੋਵੇਗੀ ਉਥੇ ਦੂਜੇ ਪਾਸੇ ਪਿੰਡਾਂ ਤੋਂ ਸ਼ਹਿਰਾਂ ਵੱਲ ਲਗਾਤਾਰ ਹੋਣ ਵਾਲੀ ਹਿਜਰਤ ਉਤੇ ਵੀ ਠੱਲ ਪਾਉਣੀ ਪਵੇਗੀ। ਪਰ ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਪਿੰਡਾਂ ਵਿੱਚ ਰੋਜ਼ਗਾਰ ਦੇ ਮੌਕੇ ਮੁਹੱਈਆ ਹੋਣਗੇ। ਮਨਰੇਗਾ ਯੋਜਨਾ ਇਸ ਸੰਬੰਧੀ ਸਰਕਾਰ ਦੀ ਮਦਦ ਕਰ ਸਕਦੀ ਹੈ ਬਸ਼ਰਤੇ ਇਸ ਵਿੱਚ ਘੁਸੇ ਭ੍ਰਿਸ਼ਟਾਚਾਰ ਵਰਗੀਆਂ ਕਮੀਆਂ ਉਤੇ ਕਾਬੂ ਪਾ ਸਕੇ।

ਇਸ ਦੇ ਨਾਲ ਹੀ ਬੇਹਤਰ ਹੋਵੇਗਾ ਕਿ ਸਰਕਾਰ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਬੇਘਰਿਆਂ ਨੂੰ ਮਕਾਨ ਮੁਹੱਈਆ ਕਰਵਾਉਣ ਦੇ ਨਾਲ-ਨਾਲ ਨਿਗਰਾਨੀ ਤੰਤਰ ਵੀ ਵਿਕਸਤ ਕਰੇ ਜੋ ਇਸ ਯੋਜਨਾ ਨੂੰ ਭ੍ਰਿਸ਼ਟਾਚਾਰ ਦੀ ਭੇਟਾ ਨਾ ਚੜ੍ਹਨ ਨੂੰ ਯਕੀਨੀ ਬਣਾ ਸਕੇ। ਜ਼ਿਕਰਯੋਗ ਹੈ ਕਿ ਪਿੰਡਾਂ ਵਿੱਚ ਬੇਘਰਿਆਂ ਨੂੰ ਮਕਾਨ ਮੁਹੱਈਆ ਕਰਵਾਉਣ ਲਈ ਪਿਛਲੇ ਕਈ ਦਹਾਕਿਆਂ ਤੋਂ ਇੰਦਰਾ ਗਾਂਧੀ ਅਵਾਸ ਯੋਜਨਾ ਚਲ ਰਹੀ ਹੈ ਪਰ ਪਿੰਡ ਮੁਖੀਆਂ ਦੇ ਪੱਖਪਾਤੀ ਰਵੱਈਏ ਅਤੇ ਕਰਮਚਾਰੀਆਂ ਦੀ ਮਿਲੀਭੁਗਤ ਕਾਰਨ ਯੋਜਨਾ ਦਾ ਲਾਭ ਅਜਿਹੇ ਵਿਅਕਤੀਆਂ ਨੂੰ ਮਿਲ ਰਿਹਾ ਹੈ ਜੋ ਬੇਘਰ ਨਹੀਂ ਹਨ। ਇਸ ਲਈ ਇਹ ਸਭ ਤੋਂ ਮਹੱਤਵਪੂਰਨ ਹੋ ਜਾਂਦਾ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਮਕਾਨ ਮੁਹੱਈਆ ਕਰਵਾਉਣ ਦੀ ਮਨੁੱਖੀ ਯੋਜਨਾ ਨੂੰ ਅਮਲੀ ਜਾਮਾ ਪੁਆਉਣ ਲਈ ਦੀਰਘਕਾਲੀ ਪਾਰਦਰਸ਼ੀ ਰਣਨੀਤੀ ਤਿਆਰ ਕਰਨ ਤਾਂ ਕਿ ਯੋਜਨਾ ਦੇ ਉਦੇਸ਼ ਨੂੰ ਹਾਸਲ ਕੀਤਾ ਜਾ ਸਕੇ।

## ਬੇਸਹਾਰਾ ਜਾਂ ਅਨਾਥ ਬੱਚੇ

ਕੇਂਦਰੀ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰੀ ਮੇਨਕਾ ਗਾਂਧੀ ਦੇ ਸ਼ਬਦਾਂ ਵਿੱਚ ਕਹੀਏ ਤਾਂ ''ਸਾਡੀ ਸਰਕਾਰ ਭਾਰਤ ਦੇ ਹਰ ਬੱਚੇ

ਨੂੰ ਖ਼ੁਸ਼ਹਾਲੀ ਦੇਣਾ ਚਾਹੁੰਦੀ ਹੈ। ਇਸ ਪਹਿਲ ਦੇ ਅਧੀਨ ਬੱਚਿਆਂ ਨੂੰ ਸਿਹਤ, ਸਿੱਖਿਆ ਅਤੇ ਸੁਰੱਖਿਆ ਦੀ ਸਹੂਲਤ ਦਿੱਤੀ ਜਾਵੇਗੀ।" ਸਪੱਸ਼ਟ ਹੈ ਕਿ ਸਰਕਾਰ ਦਾ ਟੀਚਾ ਹਰ ਬੱਚੇ ਦੀ ਭਲਾਈ ਕਰਕੇ ਉਨ੍ਹਾਂ ਨੂੰ ਦੇਸ਼ ਦਾ ਸਮਰੱਥ ਨਾਗਰਿਕ ਬਣਾਉਣਾ ਹੈ। ਭਾਰਤ ਵਿੱਚ 17 ਸਾਲ ਤੱਕ ਦੀ ਉਮਰ ਦੇ ਮੁੰਡੇ-ਕੁੜੀਆਂ ਨੂੰ ਨਾਬਾਲਿਗ ਮੰਨਿਆ ਜਾਂਦਾ ਹੈ। ਯਾਨੀ ਕਿ 18 ਸਾਲ ਤੱਕ ਦੀ ਉਮਰ ਦੇ ਬੱਚੇ ਵੀ ਗਿਣਤੀ ਬਾਲਕਾਂ ਵਿੱਚ ਹੁੰਦੀ ਹੈ। ਹਾਲਾਂਕਿ ਅਪਰਾਧਿਕ ਮਾਮਲਿਆਂ ਵਿੱਚ ਨਾਬਾਗਲ ਦੀ ਇਸ ਉਮਰ ਹੱਦ ਨੂੰ ਲੈ ਕੇ ਕਈ ਵਿਵਾਦ ਚਲ ਰਹੇ ਹਨ। ਆਮ ਤੌਰ ਤੇ ਬੱਚਿਆਂ ਦੇ ਮਾਤਾ ਪਿਤਾ ਹੀ ਉਨ੍ਹਾਂ ਦੀ ਸਿੱਖਿਆ ਅਤੇ ਸਿਹਤ ਬਾਰੇ ਮਹੱਤਵਪੂਰਨ ਜ਼ਿੰਮੇਵਾਰੀਆਂ ਨਿਭਾਉਂਦੇ ਹਨ। ਹਾਲਾਂਕਿ ਸਰਕਾਰ ਇਸ ਮਾਮਲੇ ਵਿੱਚ ਵੱਖ-ਵੱਖ ਢੰਗ ਨਾਲ ਬੱਚਿਆਂ ਦੀ ਮਦਦ ਜ਼ਰੂਰ ਕਰਦੀ ਹੈ, ਪਰ ਭਾਰਤ ਵਿੱਚ ਸਭ ਤੋਂ ਵੱਡੀ ਸਮੱਸਿਆ ਬੇਸਹਾਰਾ ਯਾਨੀ ਅਨਾਥ ਬੱਚਿਆਂ ਨੂੰ ਲੈ ਕੇ ਆਉਂਦੀ ਹੈ। ਅਜਿਹੇ ਬੱਚੇ ਜਿਨ੍ਹਾਂ ਦੀ ਜ਼ਿੰਮੇਵਾਰੀ ਲੈਣ ਵਾਲਾ ਕੋਈ ਨਹੀਂ ਹੈ। ਜਾਂ ਤਾਂ ਉਹ ਮਾਂ-ਬਾਪ-ਰਿਸ਼ਤੇਦਾਰਾਂ ਦੀ ਮੌਤ ਦੇ ਕਾਰਨ ਅਨਾਥ ਹੋ ਗਏ ਹਨ ਜਾਂ ਜਾਣਬੁਝ ਕੇ ਉਨ੍ਹਾਂ ਨੂੰ ਬੇਸਹਾਰਾ ਛੱਡ ਦਿੱਤਾ ਗਿਆ ਹੈ। ਇਨ੍ਹਾਂ ਵਿੱਚ ਉਹ ਬੱਚੇ ਵੀ ਸ਼ਾਮਲ ਹੁੰਦੇ ਹਨ ਜੋ ਪਰਿਵਾਰ ਦੇ ਟੁੱਟਣ ਜਾਂ ਮਾਂ-ਬਾਪ ਜਾਂ ਰਿਸ਼ਤੇਦਾਰਾਂ ਦੇ ਜ਼ੁਲਮਾਂ ਕਾਰਨ ਘਰ ਛੱਡ ਕੇ ਭੱਜ ਜਾਂਦੇ ਹਨ। ਇਕ ਸੌ 25 ਕਰੋੜ ਤੋਂ ਵੱਧ ਅਬਾਦੀ ਵਾਲੇ ਭਾਰਤ ਦੀ ਜਨਸੰਖਿਆ ਵਿੱਚ ਬੱਚਿਆਂ ਦੀ ਅਬਾਦੀ ਲਗਭਗ 40 ਕਰੋੜ ਹੈ।

## ਭਾਰਤ ਵਿੱਚ ਬੇਸਹਾਰਾ ਤੇ ਅਨਾਥ ਬੱਚੇ

ਮਾਰਚ 2011 ਵਿੱਚ ਕੇਂਦਰੀ ਔਰਤਾਂ ਅਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਲੋਕਸਭਾ ਵਿੱਚ ਇਕ ਪੂਰਕ ਪ੍ਰਸ਼ਨ ਦੇ ਉੱਤਰ ਵਿੱਚ ਦੱਸਿਆ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਸਭ ਤੋਂ ਵੱਧ 70 ਹਜ਼ਾਰ ਦੇ ਲਗਭਗ ਬੱਚੇ ਫੁਟਪਾਥ ਉਤੇ ਰਹਿਣ ਲਈ ਮਜਬੂਰ ਹਨ, ਜਦੋਂ ਕਿ ਕੇਰਲ ਦੀ ਰਾਜਧਾਨੀ ਤ੍ਰਿਵੇਂਦਰਮ ਵਿੱਚ ਇਨ੍ਹਾਂ ਦੀ ਗਿਣਤੀ ਸੱਭ ਤੋਂ ਘੱਟ ਹੈ ਜਿਥੇ ਲਗਭਗ 150 ਬੱਚੇ ਸੜਕਾਂ ਉਤੇ ਰਹਿ ਰਹੇ ਹਨ। ਹਾਲਾਂਕਿ ਇਹ ਜਾਣਕਾਰੀ ਦੇਣ ਦੇ ਨਾਲ ਹੀ ਕੇਂਦਰੀ ਮੰਤਰੀ ਨੇ ਇਹ ਵੀ ਸਵੀਕਾਰ ਕੀਤਾ ਹੈ ਕਿ ਸਰਕਾਰ ਦੇ ਕੋਲ ਬੇਸਹਾਰਾ, ਅਨਾਥ ਅਤੇ ਤਿਆਗੇ ਗਏ ਬੱਚਿਆਂ ਦੀ ਗਿਣਤੀ ਕਰਨ ਦੀ ਕੋਈ ਨਿਸ਼ਚਿਤ ਪ੍ਰਕਿਰਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਦੋ ਗ਼ੈਰ ਸਰਕਾਰੀ ਸੰਸਥਾਵਾਂ "ਡਾਨ ਬਾਸਕੋ ਨੈਸ਼ਨਲ ਫੋਰਮ" ਅਤੇ "ਯੰਗ ਐਟ ਰਿਸਕ" ਵਲੋਂ ਦੇਸ਼ ਦੇ 16 ਸ਼ਹਿਰਾਂ ਵਿੱਚ 2013 ਵਿੱਚ ਕਰਵਾਏ ਗਏ ਸਰਵੇਖਣ ਅਨੁਸਾਰ ਮਹਾਨਗਰਾਂ ਵਿੱਚ ਸਭ ਤੋਂ ਵੱਧ ਬੱਚੇ ਫੁੱਟਪਾਥਾਂ ਉਤੇ ਰਹਿੰਦੇ ਹਨ। ਦਿੱਲੀ ਵਿੱਚ ਸਭ ਤੋਂ ਵੱਧ 69,976, ਮੁੰਬਈ ਵਿੱਚ 16,059, ਕੋਲਕਾਤਾ ਵਿੱਚ 8,287, ਚੇਨੱਈ ਵਿੱਚ 2,374 ਅਤੇ ਬੈਂਗਲੁਰੂ ਵਿੱਚ 7,523 ਬੱਚੇ ਫੁੱਟਪਾਥ ਉਤੇ ਰਹਿੰਦੇ ਹਨ। ਇਸ ਤੋਂ ਇਲਾਵਾ ਅਜਿਹੇ ਬੱਚਿਆਂ ਦੀ ਗਿਣਤੀ ਗੋਹਾਟੀ ਵਿੱਚ 5534, ਹੈਦਰਾਬਾਦ ਵਿੱਚ 1797, ਚੰਡੀਗੜ੍ਹ ਵਿੱਚ 2,323, ਦੀਮਾਪੁਰ ਵਿੱਚ 2,455, ਇੰਫਾਲ ਵਿੱਚ 851, ਸ਼ਿਲਾਂਗ ਵਿੱਚ 872, ਵਿਜੇਵਾੜਾ ਵਿੱਚ 2,238, ਸੇਲਮ ਵਿੱਚ 5,752, ਗੋਆ ਵਿੱਚ 1,287 ਅਤੇ ਬੜੌਦਰਾ ਵਿੱਚ 2,428 ਹੈ।

ਉੱਤਰ ਪ੍ਰਦੇਸ਼ ਸਟੇਟ ਸੇਵ ਦਿ ਚਿਲਡਰਨ ਪ੍ਰੋਗਰਾਮ ਮੁਤਾਬਕ ਪੰਜ ਸ਼ਹਿਰਾਂ ਵਿੱਚ ਸੜਕਾਂ ਉਤੇ ਰਹਿਣ ਵਾਲੇ ਬੱਚਿਆਂ ਦਾ ਅੰਕੜਾ 38 ਤੋਂ 45 ਪ੍ਰਤਿਸ਼ਤ ਹੈ। ਇਸ ਸਰਵੇਖਣ ਵਿੱਚ ਸੜਕ ਉਤੇ ਰਹਿਣ ਵਾਲੇ ਬੱਚਿਆਂ ਨੂੰ ਚਾਰ ਪੱਧਰ ਉਤੇ ਵੰਡਿਆ ਗਿਆ ਹੈ ਜੋ ਕਿ ਇਸ ਪ੍ਰਕਾਰ ਹੈ, ਕੂੜਾ ਚੁੱਕਣਾ, ਭੀਖ ਮੰਗਣਾ, ਸੜਕ ਉਤੇ ਸਮਾਨ ਵੇਚਣ, ਸੜਕ ਕੰਢੇ ਖੋਖੇ ਉਤੇ ਕੰਮ ਕਰਨਾ। ਇਹ ਜ਼ਿਆਦਾਤਰ ਝੁੱਗੀ ਝੌਂਪੜੀ ਵਿੱਚ ਸੌਂਦੇ ਹਨ। 'ਸੇਵ ਦਿ ਚਿਲਡਰਨ' ਵਲੋਂ ਕਰਵਾਏ ਗਏ ਸਰਵੇ ਦੀ ਰਿਪੋਰਟ ਦੇ ਮੁਤਾਬਕ ਸੜਕ ਉਤੇ ਰਹਿਣ ਵਾਲੇ 63 ਪ੍ਰਤਿਸ਼ਤ ਬੱਚੇ ਅਨਪੜ੍ਹ ਹਨ ਸਿਰਫ 3 ਤੋਂ 16 ਪ੍ਰਤਿਸ਼ਤ ਬੱਚੇ ਹੀ ਅਜਿਹੇ ਹਨ ਜੋ ਪੜ੍ਹਦੇ ਹਨ। ਪੰਜ ਸ਼ਹਿਰਾਂ ਵਿੱਚ ਸੜਕ ਉਤੇ ਰਹਿਣ ਵਾਲੇ ਬੱਚਿਆਂ ਦੀ ਅਬਾਦੀ (0ਤੋਂ 6ਸਾਲ ਤੱਕ) 19 ਤੋਂ 32 ਪ੍ਰਤਿਸ਼ਤ ਦੇ ਵਿਚਕਾਰ ਹੈ। ਇਨ੍ਹਾਂ ਵਿੱਚ 37 ਪ੍ਰਤਿਸ਼ਤ ਲੜਕੀਆਂ ਹਨ।

ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਬੇਸਹਾਰਾ ਬੱਚਿਆਂ ਦੀ ਵੱਡੀ ਅਬਾਦੀ ਜਾਂ ਤਾਂ ਬਾਲ ਮਜ਼ਦੂਰਾਂ ਦੇ ਤੌਰ ਤੇ ਕੰਮ ਕਰਦੀ ਹੈ ਜਾਂ ਫਿਰ ਸੰਗਠਤ ਗਿਰੋਹ ਉਨ੍ਹਾਂ ਨੂੰ ਅਪਰਾਧ ਵੱਲ ਧੱਕ ਦਿੰਦੇ ਹਨ। ਇਕ ਅਨੁਮਾਨ ਅਨੁਸਾਰ ਭਾਰਤ ਵਿੱਚ ਤਿੰਨ ਲੱਖ ਤੋਂ ਵੱਧ ਬੱਚੇ ਦੇਹ ਵਪਾਰ ਵਿੱਚ ਲਗੇ ਹੋਏ ਹਨ। ਬੇਸਹਾਰਾ ਬੱਚਿਆਂ ਦੀ ਇਕ ਚੌਥਾਈ ਅਬਾਦੀ ਨੂੰ ਜੀਵਨ ਵਿੱਚ ਕਦੀ ਨਾ ਕਦੀ ਜਿਸਮਾਨੀ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਾਣਕਾਰਾਂ ਦੇ ਅਨੁਸਾਰ ਸ਼ਾਤਿਰ ਅਪਰਾਧੀ ਅਜਿਹੇ ਹੀ ਬੱਚਿਆਂ ਨੂੰ ਆਪਣੀ ਸ਼ਰਣ ਵਿੱਚ ਲੈ ਕੇ ਪਹਿਲਾਂ ਉਨ੍ਹਾਂ ਨੂੰ ਨਸ਼ੇੜੀ ਬਣਾਉਂਦੇ ਹਨ ਫਿਰ ਉਨ੍ਹਾਂ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਜਾਂ ਹੋਰ ਅਪਰਾਧ ਕਰਵਾਉਂਦੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜੇ ਵੀ ਦੱਸਦੇ ਹਨ ਕਿ ਦੇਸ਼ ਵਿੱਚ 67 ਪ੍ਰਤਿਸ਼ਤ ਤੋਂ ਵੱਧ ਬਾਲ ਅਪਰਾਧੀ 16 ਤੋਂ 18 ਸਾਲ ਦੀ ਉਮਰ ਵਰਗ ਦੇ ਹਨ। ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਨਾਬਾਲਗ ਕਿਸ਼ੋਰ ਅਪਰਾਧੀਆਂ ਦੀ ਗਿਣਤੀ ਵਿੱਚ 28 ਪ੍ਰਤਿਸ਼ਤ ਦਾ ਵਾਧਾ ਹੋਇਆ ਹੈ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਵਿੱਚ ਕੁੜੀਆਂ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ।

ਸ਼ੋਸ਼ਲ ਕਾਊਂਸਲਰ ਐਮ ਹਾਪਰ ਦੀ "ਰੈਸਕੁਇੰਗ ਰੇਲਵੇ ਚਿਲਡਰਨ ਰੀਯੂਨਾਈਟਿੰਗ ਫੈਮਿਲੀਜ਼ ਫਰਾਮ ਇੰਡੀਆਜ਼ ਰੇਲਵੇ ਪਲੇਟਫਾਰਮਸ" ਪੁਸਤਕ ਮੁਤਾਬਕ ਭਾਰਤ ਦੇ 50 ਪ੍ਰਮੁੱਖ ਰੇਲਵੇ ਸਟੇਸ਼ਨਾਂ ਦੇ ਪਲੇਟਫਾਰਮਾਂ ਉਤੇ ਹਰ ਸਾਲ 70 ਹਜ਼ਾਰ ਤੋਂ ਲੈ ਕੇ 1.20 ਲੱਖ ਤੱਕ ਬੱਚੇ ਘਰਾਂ ਤੋਂ ਭੱਜ ਕੇ ਪੁੱਜਦੇ ਹਨ।

## ਬੇਸਹਾਰਾ ਬੱਚਿਆਂ ਦੀ ਸਮਾਜਿਕ ਸੁਰੱਖਿਆ ਦੇ ਲਈ ਚੁੱਕੇ ਗਏ ਕਦਮ

ਇਨ੍ਹਾਂ ਬੇਸਹਾਰਾ ਬੱਚਿਆਂ ਦੀ ਸਾਰ ਲੈਣ ਵਾਲਾ ਅਜੇ ਤੱਕ ਕੋਈ ਨਜ਼ਰ ਨਹੀਂ ਆਇਆ ਸੀ। ਕਦੀ-ਕਦੀ ਕੋਈ ਐੱਨ ਜੀ ਓ ਇਨ੍ਹਾਂ ਬੱਚਿਆਂ ਦੀ ਮਦਦ ਕਰਦਾ ਨਜ਼ਰ ਆਉਂਦਾ ਸੀ ਪਰ ਉਸ ਦਾ ਦਾਇਰਾ ਬਹੁਤ ਸੀਮਤ ਯਾਨੀ ਸ਼ਹਿਰ ਵਿਸ਼ੇਸ਼ ਤੱਕ ਹੀ ਸੀਮਤ ਰਹਿੰਦਾ ਸੀ। ਪਰ ਹੁਣ ਸਰਕਾਰ ਵੀ ਇਸ ਸਮੱਸਿਆ ਦੀ ਗੰਭੀਰਤਾ ਨੂੰ ਸਮਝਣ ਲਗੀ ਹੈ, ਇਸ ਲਈ ਇਨ੍ਹਾਂ ਬੱਚਿਆਂ ਦੀ ਸਮਾਜਿਕ ਭਲਾਈ ਅਤੇ ਮੁੜ-ਵਸੇਬੇ ਲਈ ਵੀ ਵੱਡੇ ਪੱਧਰ ਉਤੇ ਕੰਮ ਕੀਤੇ ਜਾ ਰਹੇ ਹਨ। ਇਸੇ ਸਾਲ ਮਾਰਚ ਵਿੱਚ ਲੋਕਸਭਾ ਵਿੱਚ ਸਰਕਾਰ ਵਲੋਂ ਇਕ ਲਿਖਤ ਜਵਾਬ ਦਿੰਦਿਆਂ ਕੇਂਦਰੀ ਔਰਤਾਂ ਅਤੇ ਬੱਚਿਆਂ ਦੇ ਵਿਕਾਸ ਬਾਰੇ ਮੰਤਰੀ ਮੇਨਕਾ ਗਾਂਧੀ ਨੇ ਦੱਸਿਆ ਕਿ ਅਜਿਹੇ ਬੱਚਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਮੁੜ-

ਵਸੇਬੇ ਲਈ ਅਤੇ ਬਾਲ ਤਸਕਰੀ ਅਤੇ ਸਹਾਰਾ ਕੇਂਦਰਾਂ ਵਿੱਚ ਬੱਚਿਆਂ ਦੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਉਤੇ ਰੋਕ ਲਗਾਉਣ ਲਈ ਰਾਜਾਂ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੀ ਮਦਦ ਨਾਲ ਮੰਤਰਾਲੇ ਵਲੋਂ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਨੇ ਇਸ ਸੰਦਰਭ ਵਿੱਚ ਖ਼ਾਸ ਤੌਰ ਤੇ ਚਾਈਲਡ ਹੈਲਪਲਾਈਨ ਅਤੇ ਈ-ਬਾਕਸ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੱਚਿਆਂ ਦੇ ਖਿਲਾਫ਼ ਅਪਰਾਧਾਂ ਅਤੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਨੂੰ ਰੋਕਣ ਵਿੱਚ ਇਹ ਕਾਫੀ ਮਦਦਗਾਰ ਸਿੱਧ ਹੋਏ ਹਨ। ਸ੍ਰੀਮਤੀ ਮੇਨਕਾ ਗਾਂਧੀ ਨੇ ਕਿਹਾ ਕਿ ਚਾਈਲਡ ਹੈਲਪਲਾਈਨ ਅਤੇ ਈ-ਬਾਕਸ ਉਤੇ ਮਿਲਣ ਵਾਲੀਆਂ ਸ਼ਿਕਾਇਤਾਂ ਉਤੇ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਬੇਸਹਾਰਾ ਬੱਚਿਆਂ ਦੀ ਭਲਾਈ ਲਈ ਪਹਿਲਾਂ ਤੋਂ ਹੀ "ਬੇਸਹਾਰਾ ਬੱਚਿਆਂ ਹੇਤੂ ਸੰਗਠਨ ਪ੍ਰੋਗਰਾਮ" ਯੋਜਨਾ ਨੂੰ ਚਲਾ ਰਹੀ ਸੀ। ਬਾਅਦ ਵਿੱਚ ਇਸ ਦਾ ਰਲੇਵਾਂ 2009-10 ਵਿੱਚ ਸ਼ੁਰੂ ਕੀਤੀ ਗਈ "ਸੰਗਠਤ ਬਾਲ ਸੰਭਾਲ ਸਕੀਮ" ਨਾਮਕ ਕੇਂਦਰੀ ਪ੍ਰਾਯੋਜਿਤ ਸਕੀਮ ਵਿੱਚ ਕਰ ਦਿੱਤਾ ਗਿਆ। ਦੱਸਿਆ ਗਿਆ ਕਿ ਅਜਿਹਾ ਰਾਜ ਸਰਕਾਰਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਨਾਲ ਬਿਹਤਰ ਤਾਲਮੇਲ ਦੇ ਲਈ ਕੀਤਾ ਗਿਆ।

ਸੰਗਠਤ ਬਾਲ ਸੰਭਾਲ ਸਕੀਮ ਦਾ ਉਦੇਸ਼ ਦੇਖ-ਰੇਖ ਅਤੇ ਸੰਭਾਲ ਦੇ ਲੋੜਵੰਦ ਬੱਚਿਆਂ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਬੱਚਿਆਂ ਦੇ ਸਮੁੱਚੇ ਵਿਕਾਸ ਲਈ ਸੁਰੱਖਿਅਤ ਵਾਤਾਵਰਨ ਪ੍ਰਦਾਨ ਕਰਨਾ ਹੈ। ਸੰਗਠਤ ਬਾਲ ਸੰਭਾਲ ਸਕੀਮ ਵਿੱਚ ਬੇਆਸਰੇ, ਅਨਾਥ ਅਤੇ ਬੇਸਹਾਰਾ ਬੱਚਿਆਂ ਸਮੇਤ ਦੇਖਭਾਲ ਅਤੇ ਸੰਭਾਲ ਦੇ ਲੋੜਵੰਦ ਬੱਚਿਆਂ ਲਈ ਬਾਲ ਕੇਂਦਰਾਂ, ਸ਼ਹਿਰੀ ਅਤੇ ਅਰਧ ਸ਼ਹਿਰੀ ਖੇਤਰਾਂ ਵਿੱਚ ਮੁਫਤ ਰੈਣ ਬਸੇਰਿਆਂ ਅਤੇ ਵਿਸ਼ੇਸ਼ ਗੋਦ ਦੇਣ ਵਾਲੀਆਂ ਏਜੰਸੀਆਂ ਦੀ ਸਥਾਪਨਾ ਅਤੇ ਰੱਖ-ਰਖਾਅ ਦੀ ਕਲਪਨਾ ਕੀਤੀ ਗਈ ਹੈ।

ਨਵੀਂ ਯੋਜਨਾ ਦੇ ਅਧੀਨ ਸੜਕਾਂ ਉਤੇ ਜੀਵਨ ਬਤੀਤ ਕਰਨ ਲਈ ਮਜਬੂਰ ਬੱਚਿਆਂ ਦੀ ਸੰਭਾਲ ਦੀ ਜ਼ਿੰਮੇਵਾਰੀ ਕੇਂਦਰੀ ਔਰਤਾਂ ਅਤੇ ਬਾਲ ਵਿਕਾਸ ਮੰਤਰਾਲੇ ਨੂੰ ਦਿੱਤੀ ਗਈ। ਇਸ ਤੋਂ ਇਲਾਵਾ ਇਨ੍ਹਾਂ ਬੱਚਿਆਂ ਲਈ ਜੋ ਯੋਜਨਾਵਾਂ ਪਹਿਲਾਂ ਤੋਂ ਚਲ ਰਹੀਆਂ ਹਨ ਉਨ੍ਹਾਂ ਵਿੱਚ ਵੀ ਸੁਧਾਰ ਕੀਤੇ ਜਾਣ ਦਾ ਇਰਾਦਾ ਸਰਕਾਰ ਨੇ ਸਪੱਸ਼ਟ ਤੌਰ ਤੇ ਜ਼ਾਹਰ ਕਰ ਦਿੱਤਾ ਹੈ।

ਕੇਂਦਰ ਸਰਕਾਰ ਦੀ ਕੋਸ਼ਿਸ਼ ਹੈ ਕਿ ਗ਼ੈਰ ਸਰਕਾਰੀ ਸੰਸਥਾਵਾਂ, ਪੁਲਿਸ ਅਤੇ ਬਾਲ ਵਿਕਾਸ ਕਮੇਟੀਆਂ ਵਿਚਕਾਰ ਆਪਸੀ ਤਾਲਮੇਲ ਨੂੰ ਹੋਰ ਵਧੀਆ ਬਣਾਇਆ ਜਾਵੇ ਤਾਂ ਕਿ ਇਨ੍ਹਾਂ ਅਨਾਥ ਬੱਚਿਆਂ ਦੀ ਮਦਦ ਲਈ ਬੇਹਤਰ ਤੋਂ ਬੇਹਤਰ ਕਦਮ ਹੋਰ ਪ੍ਰਭਾਵੀ ਢੰਗ ਨਾਲ ਚੁੱਕੇ ਜਾਣ। ਇਸੇ ਉਦੇਸ਼ ਨੂੰ ਧਿਆਨ ਵਿੱਚ ਰਖਦਿਆਂ ਰਾਸ਼ਟਰੀ ਬਾਲ ਅਧਿਕਾਰ ਸੰਭਾਲ ਕਮਿਸ਼ਨ ਨੂੰ ਵੀ ਇਸ ਸੰਬੰਧੀ ਸਹੀ ਅੰਕੜੇ ਜੁਟਾਉਣ ਅਤੇ ਨੀਤੀਆਂ ਬਣਾਉਣ ਲਈ ਕਿਹਾ ਗਿਆ ਹੈ। ਕਈ ਰਾਜਾਂ ਵਿੱਚ ਵੀ ਇਸੇ ਤਰ੍ਹਾਂ ਦੇ ਬਾਲ ਅਧਿਕਾਰ ਸੰਭਾਲ ਆਯੋਗ ਦੀ ਸਥਾਪਨਾ ਕੀਤੀ ਗਈ ਹੈ। ਕਈ ਰਾਜ ਸਰਕਾਰਾਂ ਆਪਣੇ ਦਮ ਉਤੇ ਕੇਂਦਰੀ ਸਹਾਇਤਾ ਨਾਲ ਇਸ ਤਰ੍ਹਾਂ ਦੇ ਬੱਚਿਆਂ ਲਈ ਵੱਖ-ਵੱਖ ਢੰਗ ਨਾਲ ਕੰਮ ਕਰ ਰਹੀਆਂ ਹਨ।

## ਅਨਾਥ ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ

ਦੇਸ਼ ਭਰ ਦੇ ਅਨਾਥ ਆਸ਼ਰਮਾਂ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਬੇਚੈਨ ਕਰਨ ਵਾਲੇ ਅੰਕੜੇ ਇਹ ਹਨ ਕਿ ਦੇਸ਼ ਵਿੱਚ 50,000 ਘਰੇਲੂ ਅਨਾਥ ਬੱਚਿਆਂ ਵਿੱਚੋਂ 1600 ਬੱਚਿਆਂ ਤੋਂ ਵੱਧ ਗੋਦ ਲੈਣ ਲਈ ਤਿਆਰ ਨਹੀਂ ਹਨ। ਇਨ੍ਹਾਂ ਵਿੱਚੋਂ ਅੱਧੇ ਬੱਚਿਆਂ ਦੇ ਲਈ ਲਗਭਗ 7500 ਪਰਿਵਾਰ ਕਤਾਰ ਵਿੱਚ ਹਨ ਅਤੇ ਅੱਧੇ ਬੱਚਿਆਂ ਨੂੰ ਜਾਂ ਤਾਂ ਕਿਸੇ ਤਰ੍ਹਾਂ ਦੀ ਸਿਹਤ ਸਮੱਸਿਆ ਹੈ ਜਾਂ ਫਿਰ ਉਨ੍ਹਾਂ ਦੀ ਉਮਰ ਦੋ ਸਾਲ ਤੋਂ ਵੱਧ ਹੈ। ਉਂਜ ਤਾਂ ਦੇਸ਼ ਭਰ ਵਿੱਚ 341 ਜ਼ਿਲ੍ਹਾ ਬਾਲ ਸੰਭਾਲ ਇਕਾਈਆਂ ਕੰਮ ਕਰ ਰਹੀਆਂ ਹਨ ਪਰ ਇਸ ਦੇ ਬਾਵਜੂਦ ਦੇਸ਼ ਵਿੱਚ ਬੱਚੇ ਗੋਦ ਲੈਣ ਦੇ ਲਈ ਬਕਾਇਦਾ ਇਕ ਰੈਕੇਟ ਕੰਮ ਕਰ ਰਿਹਾ ਹੈ। ਇਸ ਨੂੰ ਖਤਮ ਕਰਨ ਲਈ ਕੇਂਦਰ ਸਰਕਾਰ ਨੇ 2016 ਵਿੱਚ ਹੀ ਗੋਦ ਲੈਣ ਦੀ ਪ੍ਰਕਿਰਿਆ ਨੂੰ ਆਨਲਾਈਨ ਅਤੇ ਪਹਿਲਾਂ ਤੋਂ ਕਿਤੇ ਵੱਧ ਪਾਰਦਰਸ਼ੀ ਬਣਾਉਣ ਦੇ ਲਈ ਗੋਦ ਲੈਣ ਦੇ ਕਾਨੂੰਨ ਵਿੱਚ ਬਦਲਾਅ ਕੀਤਾ ਸੀ। ਹਾਲਾਂਕਿ ਇਸ ਨੂੰ ਲੈ ਕੇ ਕਈ ਤਰ੍ਹਾਂ ਦੇ ਵਿਵਾਦ ਵੀ ਖੜ੍ਹੇ ਹੋਏ ਅਤੇ ਮਾਮਲਾ ਅਦਾਲਤ ਤੱਕ ਵੀ ਪਹੁੰਚਿਆ। ਨਵੇਂ ਨਿਯਮਾਂ ਦੇ ਮੁਤਾਬਕ ਸਾਰੇ ਗੋਦ ਲੈਣ ਵਾਲੇ ਮਾਂ-ਬਾਪ ਅਤੇ ਬੱਚਿਆਂ ਨੂੰ ਸਰਕਾਰ ਵਲੋਂ ਇਕੋ ਨਾਲ ਇਕ ਡਾਟਾਬੇਸ ਵਿੱਚ ਲਿਆਂਦਾ ਗਿਆ ਹੈ, ਜੋ ਕੇਂਦਰੀ ਬੱਚਾ ਗੋਦ ਲੈਣ ਦੇ ਵਸੀਲਿਆਂ ਬਾਰੇ ਅਥਾਰਿਟੀ ਜਾਂ ਕਾਰਾ ਵਲੋਂ ਪ੍ਰਬੰਧਤ ਕੀਤਾ ਜਾਵੇਗਾ। ਇਸ ਕਦਮ ਨਾਲ ਕਈ ਸਕਾਰਾਤਮਕ ਗੱਲਾਂ ਹੋ ਸਕਦੀਆਂ ਹਨ : ਗੋਦ ਲੈਣ ਵਾਲੇ ਮਾਂ-ਬਾਪ ਬਿਨਾਂ ਗੋਦ ਦੇਣ ਵਾਲੀਆਂ ਏਜੰਸੀਆਂ ਦੀ ਦਖ਼ਲਅੰਦਾਜ਼ੀ ਦੇ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚੋਂ ਬੱਚਾ ਚੁਣ ਸਕਦੇ ਹਨ। ਇਹ ਗੋਦ ਲੈਣ ਦੀ ਇੱਛਾ ਵਾਲੇ ਨੂੰ ਲੰਬੀ ਉਡੀਕ ਵਿੱਚ ਰਖਣ ਦੀ ਬਜਾਏ ਇਕ ਉੱਚ ਨੰਬਰ ਦੇ ਨਾਲ ਵਾਲੀ ਇਕ ਪਾਰਦਰਸ਼ੀ ਪ੍ਰਣਾਲੀ ਹੈ ਅਤੇ ਇਸ ਨਾਲ ਮਨਮਾਨੀ ਵਿੱਚ ਵੀ ਕਟੌਤੀ ਹੋਵੇਗੀ। ਕਿਉਂਕਿ ਹੁਣ ਗੋਦ ਦੇਣ ਵਾਲੀਆਂ ਏਜੰਸੀਆਂ ਕੋਲ ਇਹ ਫੈਸਲਾ ਲੈਣ ਦਾ ਅਧਿਕਾਰ ਨਹੀਂ ਰਹਿ ਜਾਂਦਾ ਹੈ ਕਿ ਕਿਸ ਪਰਿਵਾਰ ਦੇ ਲਈ ਕਿਹੜੇ ਬੱਚੇ ਦਾ ਮੇਲ ਸਹੀ ਰਹੇਗਾ।

## ਸਮਾਜ ਦੀ ਜ਼ਿੰਮੇਵਾਰੀ

ਕਈ ਹੋਰਨਾਂ ਦੇਸ਼ ਵਿੱਚ ਅਜਿਹੇ ਬੱਚਿਆਂ ਦੀ ਜ਼ਿੰਮੇਦਾਰੀ ਸਰਕਾਰ ਆਪਣੇ ਉਪਰ ਲੈਂਦੀ ਹੈ। ਪਰ ਸਾਡੇ ਦੇਸ਼ ਵਿੱਚ ਇਸ ਤਰ੍ਹਾਂ ਦੇ ਬੱਚੇ ਹਮੇਸ਼ਾ ਸਰਕਾਰ ਉਤੇ ਭਾਰ ਹੀ ਸਮਝੇ ਜਾਂਦੇ ਰਹੇ ਹਨ। ਸਰਕਾਰਾਂ ਦੇ ਨਾਲ ਇਹ ਸਮਾਜ ਦੀ ਜ਼ਿੰਮੇਦਾਰੀ ਵੀ ਹੈ ਕਿ ਅਜਿਹੇ ਅਨਾਥ ਅਤੇ ਬੇ ਸਹਾਰਾ ਬੱਚਿਆਂ ਨੂੰ ਵੀ ਇਕ ਪਛਾਣ ਮਿਲੇ। ਇਨ੍ਹਾਂ ਲਈ ਬਾਲ ਸੰਭਾਲ ਘਰਾਂ ਦਾ ਇਕ ਰਚਨਾਤਮਕ ਢਾਂਚਾ ਵਿਕਸਤ ਹੋਵੇ ਜਿਥੇ ਇਨ੍ਹਾਂ ਬੱਚਿਆਂ ਦੀ ਪੜ੍ਹਾਈ ਲਿਖਾਈ ਅਤੇ ਉਨ੍ਹਾਂ ਦੀ ਸਮਰੱਥਾ ਅਨੁਸਾਰ ਸਮਾਜੀਕਰਨ ਦੀ ਭਰਪੂਰ ਵਿਵਸਥਾ ਹੋਵੇ। ਤਾਂ ਹੀ ਆਉਣ ਵਾਲੇ ਸਮੇਂ ਵਿੱਚ ਅਸੀਂ ਇਨ੍ਹਾਂ ਬੱਚਿਆਂ ਨੂੰ ਸਮਾਜ ਦਾ ਸਰਗਰਮ ਅਤੇ ਉਤਪਾਦਕ ਹਿੱਸਾ ਬਣਾਉਣ ਵਿੱਚ ਕਾਮਯਾਬ ਹੋ ਸਕਦੇ ਹਾਂ। ਇਸ ਦੀ ਕਮੀ ਕਾਰਨ ਇਨ੍ਹਾਂ ਬੱਚਿਆਂ ਦਾ ਅਪਰਾਧ ਜਗਤ ਦਾ ਹਿੱਸਾ ਬਣਨਾ ਅਤੇ ਸਮਾਜ ਵਿਰੋਧੀ ਭੂਮਿਕਾ ਵਿੱਚ ਆਉਣਾ ਹੀ ਸੁਭਾਵਕ ਕਹਾਏਗ। ਜ਼ਾਹਿਰ ਹੈ ਕਿ ਇਸ ਤੋਂ ਬਚਣ ਲਈ ਭਾਰਤੀ ਸਮਾਜ ਨੂੰ ਅੱਗੇ ਵਧ ਕੇ ਯਤਨ ਕਰਨਾ ਹੋਵੇਗਾ।

*(ਲੇਖਕ ਇਲੈਕਟ੍ਰਾਨਿਕ ਮੀਡੀਆ ਵਿੱਚ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਕੰਮ ਕਰ ਰਿਹਾ ਹੈ)*

*e-mail :santosh.pathak2401@gmail.com*

# ਸਰਕਾਰ ਵਲੋਂ ਸਮਾਜਿਕ ਸੁਰੱਖਿਆ ਲਈ ਕੀਤੇ ਜਾ ਰਹੇ ਯਤਨ

ਸ.ਸ. ਛੀਨਾ

ਕਿਸੇ ਵੀ ਦੇਸ਼ ਵਿੱਚ ਮਿਲਣ ਵਾਲੀ ਸਮਾਜਿਕ ਸੁਰੱਖਿਆ ਉਸ ਦੇਸ਼ ਦੇ ਵਿਕਾਸ ਦਾ ਸੂਚਕ ਹੈ। ਸਮਾਜਿਕ ਸੁਰੱਖਿਆ ਦੇ ਅਧੀਨ ਬੇਰੋਜ਼ਗਾਰੀ ਭੱਤਾ, ਬੁਢਾਪਾ ਪੈਨਸ਼ਨ, ਸਿਹਤ ਸਹੂਲਤਾਂ ਜਾਂ ਸਿਹਤ ਬੀਮਾ, ਵਿਧਵਾ ਪੈਨਸ਼ਨ, ਮੁਫਤ ਵਿੱਦਿਆ, ਹਰ ਇਕ ਲਈ ਖੁਰਾਕ ਆਦਿ ਅਨੇਕ ਵਸਤੂਆਂ ਅਤੇ ਸੇਵਾਵਾਂ ਦੀ ਵਿਵਸਥਾ ਕੀਤੀ ਜਾਂਦੀ ਹੈ। ਅੱਜਕੱਲ੍ਹ ਦੁਨੀਆਂ ਦੇ ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਕੈਨੇਡਾ, ਜਰਮਨੀ, ਫਰਾਂਸ, ਅਸਟ੍ਰੇਲੀਆ ਆਦਿ ਵਿੱਚ ਰੋਜ਼ਗਾਰ ਜਾਂ ਬੇਰੋਜ਼ਗਾਰ ਭੱਤਾ, ਸੀਨੀਅਰ ਸਿਟੀਜ਼ਨ ਲਈ, ਉਨ੍ਹਾਂ ਦੇ ਗੁਜ਼ਾਰੇ ਦੀ ਪੈਨਸ਼ਨ ਤੋਂ ਇਲਾਵਾ ਸਿਹਤ ਬੀਮਾ ਦੇ ਅਧੀਨ, ਇਲਾਜ ਲਈ ਪੂਰੇ ਖਰਚ ਮਿਲਣ ਵਾਲੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ। ਵਿਕਾਸ ਕਰ ਰਹੇ ਦੇਸ਼ਾਂ ਜਿਨ੍ਹਾਂ ਵਿੱਚ ਭਾਰਤ ਆਉਂਦਾ ਹੈ, ਵਿਕਸਤ ਦੇਸ਼ਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਦੀ ਤਰਜ ਉੱਤੇ ਉਹੋ ਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਦੇ ਯਤਨ ਕਰ ਰਹੇ ਹਨ। ਪਰ ਸਰਕਾਰ ਦੀ ਆਮਦਨ ਇਸ ਲਈ ਮੁੱਖ ਤੱਤ ਹੈ। ਜਿਹੜੀ ਸਰਕਾਰ ਕੋਲ ਜ਼ਿਆਦਾ ਆਮਦਨ ਹੈ, ਉਹ ਜ਼ਿਆਦਾ ਸੇਵਾਵਾਂ ਪ੍ਰਦਾਨ ਕਰ ਸਕਦੀ ਹੈ ਪਰ ਆਮਦਨ ਦੀ ਮਜਬੂਰੀ ਕਰਕੇ, ਸਰਕਾਰ ਵਲੋਂ ਆਪਣੀ ਸਮਰੱਥਾ ਅਨੁਸਾਰ ਸਮਾਜਿਕ ਸੇਵਾਵਾਂ ਦੀ ਮਾਤਰਾ ਨਿਸ਼ਚਿਤ ਕੀਤੀ ਜਾਂਦੀ ਹੈ।

ਸਮਾਜਿਕ ਸੁਰੱਖਿਆ ਦੇ ਇਤਿਹਾਸ ਵਿੱਚ, ਭਾਵੇਂ ਪੁਰਾਤਨ ਸਮਿਆਂ ਤੋਂ ਹੀ ਸਰਕਾਰਾਂ ਵਲੋਂ ਖੁਰਾਕ ਅਤੇ ਹੋਰ ਲੋੜੀਂਦੀਆਂ ਵਸਤੂਆਂ ਦੀਵੰਡ ਬਾਰੇ ਜਾਣਕਾਰੀ ਮਿਲਦੀ ਹੈ ਪਰ 20ਵੀਂ ਸਦੀ ਦੇ ਪਹਿਲੇ 25 ਸਾਲਾਂ ਵਿੱਚ ਇਸ ਸੰਬੰਧੀ ਹਰ ਦੇਸ਼ ਦੀ ਸਰਕਾਰ ਵੱਡੀ ਪੱਧਰ ਉਤੇ ਚੇਤਨ ਹੋ ਕੇ ਆਪਣੇ-ਆਪਣੇ ਦੇਸ਼ ਵਿੱਚ ਸਮਾਜਿਕ ਸੁਰੱਖਿਆ ਦੇ ਪ੍ਰਬੰਧਾਂ ਵਿੱਚ ਰੁਝ ਗਈਆਂ ਸਨ। 1917 ਵਿੱਚ ਰੂਸ ਦੇ ਇਨਕਲਾਬ ਨਾਲ ਇਸ ਦਾ ਮੁੱਢ ਬੱਝਾ ਸੀ ਜਦੋਂ ਰੂਸ ਵਿੱਚ ਰੋਜ਼ਗਾਰ ਦਾ ਅਧਿਕਾਰ ਇਕ ਮੁਢਲਾ ਅਧਿਕਾਰ ਬਣਾ ਦਿੱਤਾ ਗਿਆ ਸੀ ਜਿਸ ਦਾ ਅਰਥ ਸੀ ਕਿ ਜੇ ਕਿਸੇ ਨੂੰ ਰੋਜ਼ਗਾਰ ਨਹੀਂ ਮਿਲਦਾ ਤਾਂ ਸਰਕਾਰ ਵਲੋਂ ਉਸ ਨੂੰ ਮਿਲਣ ਵਾਲੀ ਤਨਖ਼ਾਹ ਦਿੱਤੀ ਜਾਵੇਗੀ, ਇਸ ਦੇ ਨਾਲ ਹੀ ਮਨੁੱਖੀ ਵਿਕਾਸ ਦੀਆਂ ਸਾਰੀਆਂ ਲੋੜਾਂ ਲਈ ਵੱਖ-ਵੱਖ ਤਰ੍ਹਾਂ ਦੀਆਂ ਵਸਤੂਆਂ ਅਤੇ ਸੇਵਾਵਾਂ ਹਰ ਇਕ ਦੀ ਪਹੁੰਚ ਤੱਕ ਕੀਤੀਆਂ ਗਈਆਂ। ਰੂਸ ਵਿੱਚ ਹੋਰ ਦੇਸ਼ਾਂ ਦੇ ਮਿਲ ਜਾਣ ਕਰਕੇ, ਜਦੋਂ ਉਹ ਸੋਵੀਅਤ ਸੰਘ ਦੇ ਰੂਪ ਵਿੱਚ ਇਕ ਵਿਸ਼ਾਲ ਦੇਸ਼ ਬਣਿਆ ਸੀ ਤਾਂ ਉਨ੍ਹਾਂ ਸਾਰਿਆਂ ਲਈ, ਸਮਾਜਿਕ ਸੁਰੱਖਿਆ ਸਰਕਾਰ ਦੀ ਜ਼ਿੰਮੇਵਾਰੀ ਸੀ। ਦੂਸਰੀ ਤਰਫ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਨੇ ਸਮਾਜਵਾਦੀ ਅਤੇ ਕਮਿਊਨਿਟਸਟ ਵਿਚਾਰਧਾਰਾ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਆਪਣੇ-ਆਪਣੇ ਦੇਸ਼ ਵਿੱਚ ਸਮਾਜਿਕ ਸੁਰੱਖਿਆ ਨੂੰ ਵਧਾਉਣਾ ਸ਼ੁਰੂ ਕਰ ਦਿੱਤਾ ਅਤੇ ਅੱਜਕੱਲ੍ਹ, ਯੂਰਪ, ਅਮਰੀਕਾ, ਆਸਟ੍ਰੇਲੀਆ ਅਦੇ ਸਾਰੇ ਦੇਸ਼ਾਂ ਵਿੱਚ ਹਰ ਵਿਅਕਤੀ ਆਪਣੇ-ਆਪ ਨੂੰ ਸਮਾਜਿਕ ਤੌਰ ਤੇ ਆਪਣੀਆਂ ਸਾਰੀਆਂ ਲੋੜਾਂ ਅਤੇ ਸੇਵਾਵਾਂ ਲਈ ਸੁਰੱਖਿਅਤ ਸਮਝਦਾ ਹੈ।

ਭਾਰਤ ਦੀ ਸੁਤੰਤਰਤਾ ਤੋਂ ਬਾਅਦ ਇਕਦਮ ਦੇਸ਼ ਭਰ ਦੇ ਸੰਗਠਿਤ ਕਾਰਖ਼ਾਨਿਆਂ ਅਤੇ ਵੱਡੇ ਵਪਾਰਿਕ ਅਦਾਰਿਆਂ ਵਿੱਚ ਇਕ ਤਾਂ ਇਲਾਜ ਅਤੇ ਦੂਸਰਾ ਪ੍ਰਾਵੀਡੈਂਟ ਫੰਡ ਦੀ ਵਿਵਸਥਾ ਨੂੰ ਲਾਗੂ ਕੀਤਾ ਗਿਆ। ਕਾਰਖ਼ਾਨਿਆਂ ਵਿੱਚ ਜੇ ਕੋਈ ਦੁਰਘਟਨਾ ਹੋ ਜਾਵੇ ਤਾਂ ਉਸ ਹਾਲਤ ਵਿੱਚ ਉਸ ਵਿਅਕਤੀ ਨੂੰ ਉਸ ਦੀ ਨੌਕਰੀ ਦੇ ਸਮੇਂ ਤੱਕ ਪੂਰੀ ਤਨਖ਼ਾਹ ਅਤੇ ਉਸ ਨਾਲ ਹੀ ਉਸ ਦਾ ਮੁਆਵਜ਼ਾ ਮਿਲਣ ਦੀ ਵਿਵਸਥਾ ਕੀਤੀ ਗਈ। ਇਸ ਪ੍ਰਾਵੀਡੈਂਟ ਫੰਡ ਲਈ ਕਿਰਤੀਆਂ ਦੇ ਨਾਲ-ਨਾਲ ਉਸ ਪ੍ਰਬੰਧਿਕ ਇਕਾਈ ਵਲੋਂ ਯੋਗਦਾਨ ਪਾਇਆ ਜਾਂਦਾ ਹੈ ਅਤੇ ਸਰਕਾਰ ਵਲੋਂ ਆਪਣੇ ਹਿੱਸੇ ਦੀ ਰਾਸ਼ੀ ਉਸ ਕਿਰਤੀ ਦੇ ਖਾਤੇ ਵਿੱਚ ਜਮ੍ਹਾਂ ਕਰਾਉਣੀ ਪੈਂਦੀ ਹੈ, ਜਿਸ ਦੇ ਨਾਲ ਉਸ ਨੂੰ ਵਿਆਜ ਅਦਾ ਕੀਤਾ ਜਾਂਦਾ ਹੈ। ਭਾਵੇਂ ਕਿ ਲੋੜ ਅਨੁਸਾਰ ਉਹ ਕਿਰਤੀ ਆਪਣੀ ਜਮ੍ਹਾਂ ਕੀਤੀ ਪ੍ਰਾਵੀਡੈਂਟ ਦੀ ਰਕਮ ਵਿੱਚੋਂ ਕਰਜ਼ਾ ਵੀ ਲੈ ਸਕਦਾ ਸੀ, ਪਰ ਉਸ ਦੀ ਸੇਵਾਮੁਕਤੀ ਉਤੇ ਉਸ ਨੂੰ ਪੂਰੀ ਰਕਮ ਮਿਲ ਜਾਂਦੀ ਸੀ। ਨਿੱਜੀ ਅਦਾਰਿਆਂ ਵਿੱਚ ਪੈਨਸ਼ਨ ਦੀ ਵਿਵਸਥਾ ਨਹੀਂ ਇਸ ਲਈ ਪ੍ਰਾਵੀਡੈਂਟ ਦੀ ਇਕ ਵੱਡੀ ਰਾਹਤ ਦਿੱਤੀ ਜਾਂਦੀ ਹੈ ਤਾਂ ਕਿ ਉਹ ਸੇਵਾਮੁਕਤ ਕਿਰਤੀ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਵਿੱਚ ਮੁਸ਼ਕਿਲ ਮਹਿਸੂਸ ਨਾ ਕਰੇ। ਸੰਗਠਿਤ ਖੇਤਰ ਵਿੱਚ 1991 ਤੱਕ ਤਾਂ ਬਹੁਤ ਵੱਡਾ ਵਾਧਾ ਹੋਇਆ ਪਰ 1991 ਤੋਂ ਬਾਅਦ ਅਪਣਾਏ ਗਏ ਆਰਥਿਕ ਸੁਧਾਰਾਂ ਦੇ ਮਾਡਲ ਵਿੱਚ ਭਾਵੇਂ ਦੇਸ਼ ਦੇ ਵਿਕਾਸ ਵਿੱਚ ਤਾਂ ਬਹੁਤ ਵੱਡਾ ਵਾਧਾ ਹੋਇਆ ਪਰ ਸੰਗਠਿਤ ਖੇਤਰ ਵਿੱਚ ਉਸ ਰਫ਼ਤਾਰ ਨਾਲ ਵਾਧਾ ਨਾ ਹੋਇਆ, ਫਿਰ ਵੀ ਨਿੱਜੀ ਖੇਤਰ ਦੇ ਵੱਡੇ ਖੇਤਰ ਵਿੱਚ ਸਮਾਜਿਕ ਸੁਰੱਖਿਆ ਦੇ ਅਧੀਨ ਇਹ ਵੱਡੀ ਰਾਹਤ ਮਿਲ ਰਹੀ ਹੈ।

ਭਾਵੇਂ ਕਿ ਸਾਰੇ ਹੀ ਸਰਕਾਰੀ ਅਦਾਰਿਆਂ ਵਿੱਚ ਕੇਂਦਰ ਜਾਂ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਪੈਨਸ਼ਨ ਦੀ ਸਹੂਲਤ ਪ੍ਰਾਪਤ ਹੈ, ਪਰ ਨਿੱਜੀ ਖੇਤਰ ਅਤੇ ਹੋਰ ਕੰਮਾਂ ਵਿੱਚ ਪੈਨਸ਼ਨ ਦੀ ਸਹੂਲਤ ਨਹੀਂ ਸੀ ਮਿਲਦੀ। 1999 ਤੋਂ 2004 ਤੱਕ ਦੀ ਸਰਕਾਰ ਵਲੋਂ ਇਸ ਵੱਡੀ ਕਮੀ ਨੂੰ ਮਹਿਸੂਸ ਕੀਤਾ ਗਿਆ ਅਤੇ ਵਿਕਸਤ ਦੇਸ਼ਾਂ ਦੀ ਤਰਜ ਉਤੇ ਇਕ ਪੈਨਸ਼ਨ ਸਕੀਮ ਚਲਾਈ ਗਈ ਜਿਸ ਦਾ ਲਾਭ ਹਰੇਕ ਨੂੰ ਪ੍ਰਾਪਤ ਹੋ ਸਕਦਾ

ਸੀ। ਇਸ ਪੈਨਸ਼ਨ ਯੋਜਨਾ ਦਾ ਨਾਂ ਸੀ 'ਅਟਲ ਪੈਨਸ਼ਨ ਯੋਜਨਾ' ਇਸ ਸਕੀਮ ਦੇ ਅਧੀਨ ਸਮਾਜ ਦੇ ਹਰ ਵਰਗ ਨੂੰ ਇਹ ਸਹੂਲਤ ਦਿੱਤੀ ਗਈ ਕਿ ਉਹ ਆਪਣੇ ਵਲੋਂ ਲਗਾਤਾਰ ਇਸ ਵਿੱਚ ਹਿੱਸਾ ਪਾਉਣ ਤੋਂ ਬਾਅਦ ਆਪਣੀ ਜਮ੍ਹਾਂ ਪੂੰਜੀ ਦੇ ਅਧਾਰ ਉਤੇ ਉਮਰ ਭਰ ਲਈ ਪੈਨਸ਼ਨ ਦਾ ਲਾਭ ਲੈ ਸਕਦਾ ਹੈ। ਇਸ ਵਿੱਚ ਪਾਏ ਗਏ ਵਿਅਕਤੀਗਤ ਯੋਗਦਾਨ ਦੇ ਅਧਾਰ ਉਤੇ ਇਸ ਪੈਨਸ਼ਨ ਦੀ ਰਕਮ ਤੈਅ ਕੀਤੀ ਜਾਂਦੀ ਹੈ। ਇਸ ਹੀ ਸਮੇਂ ਵਿੱਚ ਇਸ ਗੱਲ ਨੂੰ ਮਹਿਸੂਸ ਕੀਤਾ ਗਿਆ ਸੀ ਕਿ ਭਾਵੇਂ ਭਾਰਤ ਅਨਾਜ ਵਿੱਚ ਨਾ ਸਿਰਫ ਸਵੈ-ਨਿਰਭਰ ਸਗੋਂ ਅਨਾਜ ਦਾ ਨਿਰਯਾਤਕਾਰ ਹੈ ਪਰ ਫਿਰ ਵੀ ਕੁੱਝ ਲੋਕਾਂ ਦੀ ਅਨਾਜ ਤੱਕ ਪਹੁੰਚ ਨਹੀਂ। ਇਸ ਕਮੀ ਨੂੰ ਦੂਰ ਕਰਨ ਦੀ ਖਾਤਰ ਕੇਂਦਰ ਸਰਕਾਰ ਵਲੋਂ 25 ਦਸੰਬਰ 2000 ਵਿੱਚ 'ਅੰਦੋਤਿਆ ਅੰਨ ਯੋਜਨਾ' ਸ਼ੁਰੂ ਕੀਤੀ ਗਈ। ਇਸ ਯੋਜਨਾ ਹੇਠ ਗਰੀਬੀ ਰੇਖਾ ਤੋਂ ਥੱਲੇ ਉਨ੍ਹਾਂ ਪਰਿਵਾਰਾਂ ਦੀ ਪਛਾਣ ਕੀਤੀ ਜਾਂਦੀ ਹੈ ਜੋ ਆਪਣੀਆਂ ਅਨਾਜ ਲੋੜਾਂ ਲਈ ਸਰਕਾਰ ਦੀ ਸਹਾਇਤਾ ਲੋੜੀਂਦੀਆਂ ਹਨ। ਫਿਰ ਉਨ੍ਹਾਂ ਲਈ ਵਿਸ਼ੇਸ਼ ਰਾਸ਼ਨ ਕਾਰਡ ਜਾਰੀ ਕੀਤੇ ਜਾਂਦੇ ਹਨ ਜਿਸ ਅਨੁਸਾਰ ਉਨ੍ਹਾਂ ਪਰਿਵਾਰਾਂ ਲਈ ਅਨਾਜ ਦਾ ਇਕ ਨਿਸ਼ਚਿਤ ਕੋਟਾ ਮਿਥਿਆ ਜਾਂਦਾ ਹੈ ਜਿਸ ਦੇ ਤਹਿਤ ਉਨ੍ਹਾਂ ਨੂੰ ਰਿਆਇਤੀ ਕੀਮਤ ਉਤੇ ਕਣਕ, ਚੌਲ, ਦਾਲਾਂ ਆਦਿ ਦੀ ਪੂਰਤੀ ਸਰਕਾਰ ਵਲੋਂ ਚਲਾਈਆਂ ਜਾਂਦੀਆਂ ਦੁਕਾਨਾਂ ਰਾਹੀਂ ਕਰਵਾਈ ਜਾਂਦੀ ਹੈ। ਹੁਣ ਤੱਕ ਇਸ ਸਕੀਮ ਵਿੱਚ ਦੋ ਵਾਰ ਵਾਧਾ ਕੀਤਾ ਗਿਆ ਹੈ ਜਿਹੜਾ ਪਹਿਲੀ ਵਾਰ ਜੂਨ 2003 ਵਿੱਚ ਅਤੇ ਫਿਰ ਅਗਸਤ 2004 ਵਿੱਚ ਕੀਤਾ ਗਿਆ। ਇਸ ਸਕੀਮ ਦੇ ਅਧੀਨ ਲਗਭਗ ਦੋ ਕਰੋੜ ਪਰਿਵਾਰਾਂ ਨੂੰ ਬਹੁਤ ਰਿਆਇਤੀ ਕੀਮਤ ਉਤੇ ਅਨਾਜ ਦਿੱਤਾ ਜਾਂਦਾ ਹੈ। ਅਟਲ ਬੀਮਾ ਯੋਜਨਾ ਚਲਾਉਣ ਤੋਂ ਬਾਅਦ ਜਨਵਰੀ 1, 2004 ਨੂੰ ਪੈਨਸ਼ਨ ਦੀ ਇਕ ਹੋਰ ਸਕੀਮ ਸ਼ੁਰੂ ਕੀਤੀ ਗਈ ਜਿਸ ਨੂੰ ਭਾਰਤ ਦੇ ਮਨੁੱਖੀ ਸਾਧਨਾਂ ਦੇ ਵਿਕਾਸ ਵਿਭਾਗ ਵਲੋਂ ਸ਼ੁਰੂ ਕੀਤਾ ਗਿਆ। ਇਸ ਸਕੀਮ ਦੇ ਅਧੀਨ ਹਰ ਵਿਅਕਤੀ ਵਲੋਂ ਇਸ ਰਾਸ਼ਟਰੀ ਪੈਨਸ਼ਨ ਸਕੀਮ ਦਾ ਲਾਭ ਲਿਆ ਜਾ ਸਕਦਾ ਹੈ। ਪੈਨਸ਼ਨ ਦੀ ਰਕਮ ਵਿਕਅਤੀ ਵਲੋਂ ਪਾਏ ਗਏ ਯੋਗਦਾਨ ਉਤੇ ਨਿਰਧਾਰਤ ਹੁੰਦੀ ਹੈ ਜੇ ਉਹ ਆਪਣੀ ਸੇਵਾ ਦੇ ਦੌਰਾਨ, ਵੱਧ ਵਟੌਤੀ ਕਰਵਾ ਕੇ ਜ਼ਿਆਦਾ ਯੋਗਦਾਨ ਪਾਉਂਦਾ ਹੈ ਤਾਂ ਉਹ ਜ਼ਿਆਦਾ ਪੈਨਸ਼ਨ ਦਾ ਹੱਕਦਾਰ ਹੋਵੇਗਾ ਤੇ ਘੱਟ ਯੋਗਦਾਨ ਪਾਉਣ ਦੀ ਹਾਲਤ ਵਿੱਚ ਉਸ ਨੂੰ ਘੱਟ ਪੈਨਸ਼ਨ ਮਿਲੇਗੀ।

ਭਾਵੇਂ ਕਿ ਦੇਸ਼ ਭਰ ਵਿੱਚ ਮੁਫਤ ਅਤੇ ਲਾਜ਼ਮੀ ਵਿੱਦਿਆ ਦੀ ਵਿਵਸਥਾ ਕੀਤੀ ਗਈ ਹੈ ਪਰ ਅਜੇ ਵੀ ਦੇਸ਼ ਭਰ ਵਿੱਚ ਸਾਖਰਤਾ ਦਰ ਸਿਰਫ 74 ਪ੍ਰਤਿਸ਼ਤ ਹੈ ਜਦ ਕਿ 100 ਵਿੱਚੋਂ 26 ਬੱਚੇ ਆਪਣੀ ਵਿੱਦਿਆ ਮਿਡਲ ਤੋਂ ਪਹਿਲਾਂ ਹੀ ਛੱਡ ਜਾਂਦੇ ਹਨ। ਇਨ੍ਹਾਂ ਬੱਚਿਆਂ ਨੂੰ ਵਿੱਦਿਆ ਦੇਣ ਲਈ ਭਾਰਤ ਦੀ ਕੇਂਦਰ ਸਰਕਾਰ ਨੇ ਇਕ ਹੋਰ ਸਕੀਮ 5 ਮਈ 1988 ਨੂੰ ਸ਼ੁਰੂ ਕੀਤੀ ਜਿਸ ਦਾ ਨਾਂ ਸੀ "ਰਾਸ਼ਟਰੀ ਸਾਖਰਤਾ ਮਿਸ਼ਨ ਪ੍ਰੋਗਰਾਮ"। ਇਸ ਵਿੱਚ 15 ਤੋਂ 35 ਸਾਲ ਤੱਕ ਦੇ ਬਾਲਗਾਂ ਨੂੰ ਵਿੱਦਿਆ ਦੇਣ ਦੀ ਵਿਵਸਥਾ ਕੀਤੀ ਜਾਂਦੀ ਹੈ ਅਤੇ ਹੁਣ ਤੱਕ ਇਸ ਸਕੀਮ ਦੇ ਅਧੀਨ ਲਗਭਗ 8 ਕਰੋੜ ਬਾਲਗਾਂ ਨੂੰ ਵਿੱਦਿਆ ਦਿੱਤੀ ਜਾ ਚੁੱਕੀ ਹੈ।

ਭਾਰਤ ਦੀ 127 ਕਰੋੜ ਦੇ ਲਗਭਗ ਵਸੋਂ ਲਈ ਸੰਭਵ ਨਹੀਂ ਕਿ ਹਰ ਇਕ ਨੂੰ ਸੰਗਠਿਤ ਖੇਤਰ ਵਿੱਚ ਰੋਜ਼ਗਾਰ ਮਿਲੇ, ਇਸ ਲਈ ਸਵੈ-ਰੋਜ਼ਗਾਰ ਨੂੰ ਉਤਸ਼ਾਹਿਤ ਕੀਤਾ ਗਿਆ। ਸਵੈ-ਰੋਜ਼ਗਾਰ ਦੀ ਆਪਣੀ ਮਹੱਤਤਾ ਹੈ, ਇਸ ਲਈ ਜੂਨ 2011 ਵਿੱਚ ਸਵੈ-ਰੋਜ਼ਗਾਰ ਨਾਲ ਉਪਜੀਵਕਾ ਕਮਾਉਣ ਲਈ ਇਹ ਸਕੀਮ ਚਾਲੂ ਕੀਤੀ ਗਈ ਜਿਸ ਤੋਂ ਹੁਣ ਤੱਕ ਕੋਈ 35,000 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਸਕੀਮ ਦੇ ਅਧੀਨ ਕਿੱਤੇ ਦੀ ਸਿਖਲਾਈ ਦੇਣ ਦੀ ਵਿਵਸਥਾ ਹੈ, ਜਿਸ ਵਿੱਚ ਸਵੈ-ਸਹਾਇਤਾ ਗਰੁੱਪਾਂ ਨੂੰ ਵੱਖ-ਵੱਖ ਪੇਸ਼ਿਆਂ ਵਿੱਚ ਲਾਇਆ ਜਾਂਦਾ ਹੈ।

ਭਾਵੇਂ ਕਿ ਭਾਰਤ ਵਿੱਚ ਅਨਾਜ ਦੇ ਵੱਡੇ ਭੰਡਾਰ ਹਨ ਪਰ ਫਿਰ ਵੀ ਜਿਹੜੇ ਲੋਕ ਖੁਰਾਕ ਤੋਂ ਇਸ ਕਰਕੇ ਵਾਂਝੇ ਰਹਿ ਜਾਂਦੇ ਹਨ ਕਿ ਉਨ੍ਹਾਂ ਕੋਲ ਖਰੀਦ ਸ਼ਕਤੀ ਨਹੀਂ, ਇਸ ਕਮੀ ਨੂੰ ਪੂਰਾ ਕਰਨ ਲਈ ਭਾਰਤ ਵਿੱਚ 2007 ਵਿੱਚ ਇਕ ਇਤਿਹਾਸਕ ਐਕਟ, ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਬਣਾ ਕੇ ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ ਸ਼ੁਰੂ ਕੀਤਾ ਗਿਆ ਜਿਸ ਦੇ ਅਧੀਨ ਗਰੀਬ ਵਰਗ ਦੇ ਉਨ੍ਹਾਂ ਲੋਕਾਂ ਲਈ 2 ਰੁਪਏ ਕਿਲੋ ਚੌਲ, ਇਕ ਰੁਪਏ ਕਿਲੋ ਕਣਕ ਦੇਣ ਦੀ ਵਿਵਸਥਾ ਕੀਤੀ ਗਈ। ਇਸ ਖੁਰਾਕ ਦੀ ਸੁਰੱਖਿਆ ਨੂੰ ਸਰਕਾਰ ਦੀ ਕਾਨੂੰਨੀ ਜ਼ਿੰਮੇਵਾਰੀ ਬਣਾਇਆ ਗਿਆ ਜਿਸ ਲਈ ਦੇਸ਼ ਦੇ ਪਿੰਡਾਂ ਵਿੱਚ ਰਹਿਣ ਵਾਲੇ 75 ਪ੍ਰਤਿਸ਼ਤ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ 50 ਪ੍ਰਤਿਸ਼ਤ ਲੋਕਾਂ ਲਈ ਖੁਰਾਕ ਨੂੰ ਸੁਰੱਖਿਅਤ ਕੀਤਾ ਗਿਆ। ਇਸ ਪ੍ਰਕਾਰ ਦੇਸ਼ ਦੀ 67 ਪ੍ਰਤਿਸ਼ਤ ਵਸੋਂ ਨੂੰ ਖੁਰਾਕ ਸੁਰੱਖਿਆ ਦੇ ਘੇਰੇ ਵਿੱਚ ਲਿਆਂਦਾ ਗਿਆ ਅਤੇ ਕੇਂਦਰ ਸਰਕਾਰ ਦੇ ਹਰ ਸਾਲ ਦੇ ਬਜਟ ਵਿੱਚ 1.25 ਲੱਖ ਕਰੋੜ ਰੁਪਏ ਤੋਂ ਵੱਧ ਰਕਮ ਇਸ ਮਦ ਤੇ ਸਬਸਿਡੀ ਦੇਣ ਲਈ ਖਰਚ ਕੀਤੀ ਜਾਂਦੀ ਹੈ।

ਸਮਾਜਿਕ ਸੁਰੱਖਿਆ ਵੱਲ ਵਧਦਿਆਂ ਹੋਇਆਂ 6 ਫ਼ਰਵਰੀ 2006 ਨੂੰ ਪਾਸ ਕੀਤਾ ਗਿਆ 'ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਜ਼ਾਮਨੀ ਐਕਟ" ਇਕ ਹੋਰ ਵੱਡੀ ਕੋਸ਼ਿਸ਼ ਹੈ। ਇਸ ਦੇ ਤਹਿਤ ਪਿੰਡਾਂ ਦੀਆਂ ਪੰਚਾਇਤਾਂ ਦੇ ਰਾਹੀਂ ਪਿੰਡਾਂ ਦੇ ਪਰਿਵਾਰਾਂ ਵਿੱਚੋਂ ਇਕ ਨੂੰ ਮਰਦ ਜਾਂ ਔਰਤ ਨੂੰ ਸਾਲ ਵਿੱਚ ਘੱਟੋ-ਘੱਟ 100 ਦਿਨਾਂ ਦਾ ਰੋਜ਼ਗਾਰ ਦੇਣ ਦੀ ਜ਼ਾਮਨੀ ਦਿੱਤੀ ਜਾਂਦੀ ਹੈ। ਸ਼ੁਰੂ ਵਿੱਚ ਇਸ ਸਕੀਮ ਨੂੰ ਭਾਰਤ ਦੇ 60 ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤਾ ਗਿਆ ਸੀ ਪਰ ਅੱਜਕੱਲ੍ਹ ਦੇਸ਼ ਭਰ ਦੇ ਹਰ ਪ੍ਰਾਂਤ ਵਿੱਚ ਇਸ ਨੂੰ ਲਾਗੂ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਵਲੋਂ ਇਸ ਮਦ ਲਈ ਸਾਲਾਨਾ 40,000 ਕਰੋੜ ਰੁਪਏ ਤੋਂ ਵੱਧ ਖਰਚ ਕੀਤਾ ਜਾਂਦਾ ਹੈ। ਇਸ ਸੰਬੰਧੀ ਦਿੱਤੀ ਜਾਣ ਵਾਲੀ ਉਜਰਤ ਜਿਹੜੀ 2009 ਵਿੱਚ ਸਿਰਫ 120 ਰੁਪਏ ਪ੍ਰਤਿ ਦਿਨ ਸੀ, ਉਸ ਵਿੱਚ ਵਧਦੀਆਂ ਹੋਈਆਂ ਕੀਮਤਾਂ ਕਰਕੇ ਵਾਧਾ ਕੀਤਾ ਜਾਂਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦੇ ਘੱਟੋ-ਘੱਟ 100 ਦਿਨਾਂ ਵਿੱਚ ਹੋਰ ਵਾਧਾ ਕਰਨ ਦੀ ਤਜਵੀਜ਼ ਹੈ।

2005 ਵਿੱਚ ਮਾਂ ਬਣਨ ਵਾਲੀਆਂ ਔਰਤਾਂ ਲਈ ਜਨਨੀ ਸੁਰੱਖਿਆ ਯੋਜਨਾ ਸ਼ੁਰੂ ਕੀਤੀ ਗਈ ਜਿਸ ਦੇ ਅਧੀਨ ਉਨ੍ਹਾਂ ਔਰਤਾਂ ਨੂੰ ਇਕ ਵਾਰ ਬੱਚਾ ਪੈਦਾ ਹੋਣ ਵਕਤ ਜਣੇਪੇ ਵਿੱਚ ਸਹਾਇਤਾ ਦੇਣ ਦੀ ਵਿਵਸਥਾ ਹੈ। ਇਸ ਨੂੰ ਪਹਿਲਾਂ ਅਕਤੂਬਰ 1975 ਨੂੰ ਏਕੀਕ੍ਰਿਤ ਬਾਲ ਵਿਕਾਸ ਸੇਵਾਵਾਂ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ ਸੀ ਜਿਸ ਦੇ ਅਧੀਨ 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਅਤੇ ਉਨ੍ਹਾਂ ਦੀਆਂ ਮਾਵਾਂ ਦੇ ਕੁਪੋਸ਼ਣ ਦੀ ਹਾਲਤ ਵਿੱਚ ਸਹਾਇਤਾ ਦੇਣ ਦਾ ਪ੍ਰੋਗਰਾਮ ਹੈ। ਇਨ੍ਹਾਂ ਸਕੀਮਾਂ ਵਿੱਚ ਵਾਧਾ ਕਰਦਿਆਂ ਹੋਇਆਂ 2010 ਵਿੱਚ ਇਕ ਹੋਰ ਸਕੀਮ ਸ਼ੁਰੂ



ਕੀਤੀ ਗਈ ਜਿਸ ਦੇ ਅਧੀਨ 19 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦੇ ਪਹਿਲੇ ਦੋ ਬੱਚਿਆਂ ਦੇ ਜਨਮ ਉਤੇ 4000 ਰੁਪਏ ਦੀ ਸਹਾਇਤਾ ਦੇਣ ਦੀ ਵਿਵਸਥਾ ਸੀ।

ਕੇਂਦਰ ਸਰਕਾਰ ਦੀਆਂ ਸਕੀਮਾਂ ਸਾਰੇ ਹੀ ਦੇਸ਼ ਨਾਲ ਸੰਬੰਧਿਤ ਹਨ ਇਹ ਕਿਸੇ ਇਕ ਖੇਤਰ ਜਾਂ ਇਕ ਪ੍ਰਾਂਤ ਲਈ ਨਹੀਂ। ਇਨ੍ਹਾਂ ਸਕੀਮਾਂ ਵਿੱਚ ਜਾਂ ਤਾਂ ਸਾਰੇ ਦਾ ਸਾਰਾ ਖਰਚ ਕੇਂਦਰ ਸਰਕਾਰ ਵਲੋਂ ਕੀਤਾ ਜਾਂਦਾ ਹੈ ਜਾਂ ਰਾਜ ਸਰਕਾਰਾਂ ਨੂੰ ਉਨ੍ਹਾਂ ਸਕੀਮਾਂ ਲਈ ਕੁੱਝ ਹਿੱਸਾ ਪਾਉਣ ਲਈ ਕਿਹਾ ਜਾਂਦਾ ਹੈ। ਜਿਹੜੀਆਂ ਸਰਕਾਰਾਂ ਉਸ ਵਿੱਚ ਲੋੜੀਂਦਾ ਹਿੱਸਾ ਪਾ ਦਿੰਦੀਆਂ ਹਨ ਉਹ ਕੇਂਦਰ ਦੀਆਂ ਸਕੀਮਾਂ ਦਾ ਵੱਧ ਲਾਭ ਉਠਾ ਲੈਂਦੀਆਂ ਹਨ ਅਤੇ ਜਿਹੜੀਆਂ ਸਰਕਾਰਾਂ ਇਨ੍ਹਾਂ ਲਈ ਪੂਰਾ ਹਿੱਸਾ ਨਹੀਂ ਪਾਉਂਦੀਆਂ ਜਾਂ ਉਤਸ਼ਾਹ ਨਹੀਂ ਲੈਂਦੀਆਂ ਉਹ ਉਨ੍ਹਾਂ ਕੇਂਦਰੀ ਸਕੀਮਾਂ ਦਾ ਪੂਰਾ ਲਾਭ ਨਈਂ ਉਠਾ ਸਕਦੀਆਂ।

ਮਿਡ ਡੇ ਮੀਲ ਦੀ ਸਕੀਮ ਕੇਂਦਰ ਸਰਕਾਰ ਵਲੋਂ ਸਾਰੇ ਹੀ ਦੇਸ਼ ਲਈ ਸ਼ੁਰੂ ਕਤੀ ਗਈ ਹੈ ਇਸ ਸਕੀਮ ਦਾ ਮੁੱਖ ਉਦੇਸ਼, ਉਨ੍ਹਾਂ ਬੱਚਿਆਂ ਨੂੰ ਉਤਸ਼ਾਹਿਤ ਕਰਨਾ ਹੈ ਜਿਨ੍ਹਾਂ ਦੇ ਮਾਂ-ਬਾਪ ਦੀ ਆਮਦਨ ਘੱਟ ਹੈ, ਇਸ ਸਕੀਮ ਨੂੰ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਰਾਜ ਸਰਕਾਰਾਂ ਵਲੋਂ ਲਾਗੂ ਕੀਤਾ ਜਾਂਦਾ ਹੈ। ਮਨੁੱਖੀ ਸਾਧਨਾਂ ਦੇ ਵਿਕਾਸ ਵਿਭਾਗ ਵਲੋਂ ਇਹ ਸਕੀਮ ਅਗਸਤ 15, 1995 ਨੂੰ ਸ਼ੁਰੂ ਕੀਤੀ ਗਈ ਸੀ ਜਿਸ ਦੇ ਅਧੀਨ ਕੰਮ ਕਰਨ ਵਾਲੇ ਦਿਨਾਂ ਵਿੱਚ ਸਰਕਾਰੀ ਸਕੂਲਾਂ ਦੇ ਸਾਰੇ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਮੁਫਤ ਵਿੱਚ ਸਕੂਲ ਦੇ ਕਰਮਚਾਰੀਆਂ ਵਲੋਂ ਦਿੱਤਾ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਸਾਖਰਤਾ ਦਰ ਵਿੱਚ ਵਾਧਾ ਕਰਨਾ ਅਤੇ ਬੱਚਿਆਂ ਨੂੰ ਵਿੱਦਿਆ ਵਿੱਚੇ ਹੀ ਛੱਡਣ ਤੋਂ ਰੋਕਣਾ ਹੈ। ਅੱਜਕੱਲ੍ਹ ਇਹ ਸਕੀਮ ਸਾਰੇ ਹੀ ਭਾਰਤ ਵਿੱਚ ਰਾਜ ਸਰਕਾਰਾਂ ਵਲੋਂ ਚਲਾਈ ਜਾ ਰਹੀ ਹੈ।

ਦੇਸ਼ ਭਰ ਵਿੱਚ ਸਮਾਜਿਕ ਸੁਰੱਖਿਆ ਵਧਾਉਣ ਲਈ ਹੋਰ ਵੀ ਕਈ ਸਕੀਮਾਂ ਚਾਲੂ ਹਨ ਜਿਨ੍ਹਾਂ ਵਿੱਚੋਂ ਕੁੱਝ ਹਨ ਕਸਤੂਰਬਾ ਗਾਂਧੀ ਬਾਲਿਕਾ ਵਿੱਦਿਆਲਿਆ, ਜਿਸ ਨੂੰ ਜੁਲਾਈ 2004 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਦੇ ਅਧੀਨ ਰਿਹਾਇਸ਼ਾਂ, ਸਕੂਲਾਂ ਵਿੱਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਹੋਰ ਪਛੜੇ ਵਰਗਾਂ ਦੇ ਬੱਚਿਆਂ ਲਈ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਹਨ ਉਨ੍ਹਾਂ ਲਈ ਵਿੱਦਿਅਕ ਸਹੂਤਲਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਦੇ ਇਲਾਵਾ ਦੀਨ ਦਿਆਲ ਅਪੰਗ ਮੁੜ ਵਸੇਬਾ ਸਕੀਮ ਜਿਹੜੀ 2003 ਵਿੱਚ ਸ਼ੁਰੂ ਕੀਤੀ ਗਈ ਸੀ ਉਸ ਵਿੱਚ ਉਨ੍ਹਾਂ ਅਪੰਗ ਵਿਅਕਤੀਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਦਾ ਵਾਤਾਵਰਨ ਬਣਾਉਣ ਵਿੱਚ ਮਦਦ ਦਿੱਤੀ ਜਾਂਦੀ ਹੈ। ਸਵਰਨ ਜੈਯੰਤੀ ਗਰਾਮ ਸਵੈ ਰੋਜ਼ਗਾਰ ਯੋਜਨਾ ਜਿਸ ਨੂੰ 1 ਅਪ੍ਰੈਲ 1999 ਨੂੰ ਸ਼ੁਰੂ ਕੀਤਾ ਗਿਆ ਸੀ, ਉਸ ਦੇ ਅਧੀਨ ਸਵੈ-ਸਹਾਇਤਾ ਗਰੁਪਾਂ ਦੇ ਰਾਹੀਂ ਗਰੀਬ ਪਰਿਵਾਰਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਂਦੇ ਹਨ।

ਸਮਾਜਿਕ ਸੁਰੱਖਿਆ ਵਿੱਚ 'ਪ੍ਰਧਾਨ ਮੰਤਰੀ ਜਨ ਧਨ ਯੋਜਨਾ' ਜਿਹੜੀ ਅਗਸਤ 28, 2014 ਨੂੰ ਸ਼ੁਰੂ ਕੀਤੀ ਗਈ ਸੀ, ਉਸ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਇਸ ਦੇ ਅਧੀਨ ਹਰ ਪਰਿਵਾਰ ਬੈਂਕ ਵਿੱਚ ਜ਼ੀਰੋ ਬੈਲੈਂਸ ਨਾਲ ਆਪਣਾ ਖਾਤਾ ਖੋਲ੍ਹ ਸਕਦਾ ਹੈ ਅਤੇ ਉਹ ਜਦ ਵੀ ਚਾਹੇ 5000 ਰੁਪਏ ਤੱਕ ਦਾ ਓਵਰ ਡਰਾਫਟ ਜਾਂ ਵਿੱਤੀ ਮਦਦ ਲੈ ਸਕਦਾ ਹੈ। ਜਦੋਂ ਪਿਛਲੇ 3000 ਰੁਪਏ ਜਮ੍ਹਾਂ ਕਰਵਾ ਦੇਵੇ ਤਾਂ ਉਹ ਫਿਰ 5000 ਰੁਪਏ ਲੈ ਸਕਦਾ ਹੈ। ਅਸਲ ਵਿੱਚ ਪਿੰਡਾਂ ਵਿੱਚ ਰਹਿਣ ਵਾਲੇ ਜ਼ਿਆਦਾਤਰ ਵਿਅਕਤੀ ਸਿਰਫ 5000 ਰੁਪਏ ਤੱਕ ਹੀ ਕਰਜ਼ਾ ਲੈਂਦੇ ਹਨ। ਇਸ ਪ੍ਰਕਾਰ ਇਸ ਨਾਲ ਦੇਸ਼ ਭਰ ਦੇ ਲੋਕਾਂ ਨੂੰ ਇਕ ਵੱਡੀ ਰਾਹਤ ਦਿੱਤੀ ਗਈ ਹੈ। ਇਸ ਜਨ ਧਨ ਯੋਜਨਾ ਨਾਲ ਹੀ ਉਨ੍ਹਾਂ ਲੋਕਾਂ ਦੀ ਪੈਨਸ਼ਨ ਨੂੰ ਵੀ ਜੋੜਿਆ ਗਿਆ ਹੈ।

ਪੰਜਾਬ ਸਰਕਾਰ ਵਲੋਂ ਕੇਂਦਰ ਵਲੋਂ ਚਲਾਈਆਂ ਗਈਆਂ ਸਮਾਜਿਕ ਸੁਰੱਖਿਆ ਦੀਆਂ ਸਕੀਮਾਂ ਜਿਵੇਂ ਖੁਰਾਕ ਸੁਰੱਖਿਆ ਐਕਟ, ਮਹਾਤਮਾਂ ਗਾਂਧੀ ਰੋਜ਼ਗਾਰ ਜ਼ਾਮਨੀ ਐਕਟ, ਮਿਡ ਡੇ ਮੀਲ ਸਕੀਮ, ਰਾਸ਼ਟਰੀ ਪੈਨਸ਼ਨ ਸਕੀਮ ਆਦਿ ਸਭ ਸਕੀਮਾਂ ਦਾ ਲਾਭ ਲਿਆ ਜਾਂਦਾ ਹੈ ਕਿਉਂਕਿ ਉਹ ਦੇਸ਼ ਭਰ ਲਈ ਹਨ। ਇਸ ਤੋਂ ਇਲਾਵਾ ਵੀ ਇਸ ਖੇਤਰ ਵਿੱਚ ਪੰਜਾਬ ਸਰਕਾਰ ਵਲੋਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਹੈ ਜਿਸ ਦੇ ਅਧੀਨ ਉਸ ਵਿਅਕਤੀ ਨੂੰ ਜਿਸ ਨੇ ਇਹ ਬੀਮਾ ਸਕੀਮ ਲਈ ਹੋਵੇ, 50000 ਰੁਪਏ ਤੱਕ ਦੇ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ। ਸਰਕਾਰ ਵਲੋਂ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅਪੰਗ ਪੈਨਸ਼ਨ ਦੀਆਂ ਸਕੀਮਾਂ ਅਤੇ ਇਕ ਹੋਰ ਸਕੀਮ ਗਰੀਬ ਵਰਗਾਂ ਲਈ ਆਟਾ-ਦਾਲ ਸਕੀਮ ਸਮਾਜਿਕ ਸੁਰੱਖਿਆ ਦੇ ਅਧੀਨ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਸਨ। ਬੁਢਾਪਾ ਪੈਨਸ਼ਨ ਵਿੱਚ ਪਹਿਲਾਂ 500 ਰੁਪਏ ਪ੍ਰਤਿ ਮਹੀਨਾ ਵਿਧਵਾ ਲਈ ਅਤੇ 500 ਰੁਪਏ ਅਪੰਗ ਵਿਅਕਤੀਆਂ ਲਈ ਸੀ ਜਿਸ ਨੂੰ ਰਾਜ ਸਰਕਾਰ ਵਲੋਂ ਹੁਣ ਵਧਾ ਕੇ 750 ਰੁਪਏ ਪ੍ਰਤਿ ਮਹੀਨਾ ਕਰਨ ਦੀ ਤਜਵੀਜ਼ ਹੈ। ਇਸ ਤੋਂ ਇਲਾਵਾ ਮਾਈ ਭਾਗੋ ਇਸਤਰੀ ਸ਼ਕਤੀ ਸਕੀਮ, ਅਤੇ ਪੰਜਾਬ ਸਰਕਾਰ ਵਲੋਂ ਹੁਸ਼ਿਆਰ ਵਿਦਿਆਰਥੀਆਂ ਲਈ ਵਜ਼ੀਫ਼ਾ ਸਕੀਮਾਂ ਹਨ।

*(ਲੇਖਕ ਉੱਘਾ ਅਰਥਸ਼ਾਸਤਰੀ ਅਤੇ ਸੁਤੰਤਰ ਪੱਤਰਕਾਰ ਹੈ।)*

*e-mail :sarbjitchhina@yahoo.com*

# ਟੋਪੋਗ੍ਰਾਫੀ

ਸ਼ਬਦ 'ਟੋਪੋਗ੍ਰਾਫੀ' ਮੋਟੇ ਤੌਰ ਤੇ ਧਰਤੀ ਦੀ ਸਤਹ ਦੇ ਵਿਸਤ੍ਰਿਤ ਅਧਿਐਨ ਦੇ ਵਰਣਨ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਹ ਧਰਤੀ ਦੇ ਕਿਸੇ ਭੂ-ਭਾਗ ਦੇ ਭੌਤਿਕ ਲੱਛਣਾਂ ਨਾਲ ਸੰਬੰਧ ਰੱਖਦਾ ਹੈ। ਇਨ੍ਹਾਂ ਵਿੱਚ ਪਹਾੜ, ਘਾਟੀਆਂ, ਦਰਿਆ, ਝੀਲਾਂ, ਸਮੁੰਦਰ, ਮਹਾਂਸਾਗਰ ਅਤੇ ਮਨੁੱਖ ਵਲੋਂ ਕੀਤੇ ਬਦਲਾਅ ਜਿਵੇਂ ਸੜਕਾਂ, ਪੁਲ, ਬੰਨ੍ਹ, ਰੇਲਵੇ ਪਟੜੀਆਂ ਅਤੇ ਸ਼ਹਿਰ ਸ਼ਾਮਲ ਹਨ।

ਟੋਪੋਗ੍ਰਾਫੀ ਦਾ ਉਦੇਸ਼ ਕਿਸੇ ਲੱਛਣ ਦਾ ਸਥਾਨ ਨਿਰਧਾਰਤ ਕਰਨਾ ਹੈ ਜਿਵੇਂ ਅਕਸ਼ਾਂਸ, ਲੰਬਕਾਰ ਅਤੇ ਉੱਚਾਈ। ਇਹ ਸਰਵੇਖਣ ਦੀ ਪ੍ਰਥਾ ਨਾਲ ਬਹੁਤ ਨੇੜਿਉਂ ਜੁੜਿਆ ਹੋਇਆ ਹੈ, ਜੋ ਇਕ ਦੂਸਰੇ ਸਥਾਨ ਦੇ ਸੰਬੰਧ ਵਿੱਚ ਬਿੰਦੂਆਂ ਦਾ ਸਥਾਨ ਦਰਜ ਕਰਨ ਦੀ ਪ੍ਰਕਿਰਿਆ ਹੈ। ਟੋਪੋਗ੍ਰਾਫੀ ਨਕਸ਼ੇ ਸਿਵਲ ਇੰਜੀਨੀਅਰਾਂ, ਵਾਤਾਵਰਨ ਪ੍ਰਬੰਧਕਾਂ, ਸ਼ਹਿਰੀ ਯੋਜਨਾਕਾਰਾਂ ਅਤੇ ਬਾਹਰ ਘੁੰਮਣ ਫਿਰਨ ਦੇ ਸ਼ੌਕੀਨਾਂ ਵਲੋਂ ਇਸਤੇਮਾਲ ਕੀਤੇ ਜਾਂਦੇ ਹਨ। ਇਨ੍ਹਾਂ ਦੀ ਵਰਤੋਂ ਹੰਗਾਮੀ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਅਤੇ ਇਤਿਹਾਸਕਾਰਾਂ ਵਲੋਂ ਵੀ ਕੀਤੀ ਜਾਂਦੀ ਹੈ। ਇਕ ਟੋਪੋਗ੍ਰਾਫੀਨਕਸ਼ਾ ਤਿੰਨ ਆਯਾਮੀ ਭੂ-ਸਤਹ ਦਾ ਦੋ ਆਯਾਮੀ ਚਿਤ੍ਰਣ ਹੁੰਦਾ ਹੈ। ਰੂਪ ਰੇਖਾ, ਰੰਗ, ਚਿੰਨ੍ਹਾਂ, ਕੇਬਲ ਅਤੇ ਦੂਸਰੇ ਭੂਗੋਲਿਕ ਚਿਤ੍ਰਣਾਂ ਦੇ ਸੁਮੇਲ ਨਾਲ 'ਟੋਪੋਗ੍ਰਾਫੀ' ਨਕਸ਼ੇ ਧਰਤੀ ਦੀ ਸਤਹ ਉਤੇ ਕੁਦਰਤ ਅਤੇ ਮਨੁੱਖ ਵਲੋਂ ਬਣਾਏ ਲੱਛਣਾਂ ਦਾ ਅਕਾਰ ਅਤੇ ਸਥਾਨ ਦੱਸਦੇ ਹਨ।

ਵਿਆਪਕ ਵਰਤੋਂ ਵਿੱਚ ਲਿਆਂਦੀ ਜਾ ਰਹੀ ਟੋਪੋਗ੍ਰਾਫੀ ਤਕਨੀਕ ਸਿੱਧਾ ਸਰਵੇਖਣ ਹੈ। ਇਸ ਪ੍ਰਕਿਰਿਆ ਵਿੱਚ ਸਮਤਲ ਕਰਨ ਦੇ ਯੰਤਰ ਜਿਵੇਂ ਥੀਓਡੋਲਾਈਟਸ ਦੀ ਵਰਤੋਂ ਫਾਸਲਾ ਅਤੇ ਕੋਣ ਦੀ ਮਿਣਤੀ ਕਰਨ ਲਈ ਕੀਤੀ ਜਾਂਦੀ ਹੈ। ਇਹ ਟੋਪੋਗ੍ਰਾਫੀ ਨਕਸ਼ਿਆਂ ਲਈ ਮੁਢਲੇ ਅੰਕੜੇ ਪੈਦਾ ਕਰਦਾ ਹੈ ਜਿਸ ਵਿੱਚ ਡਿਜੀਟਲ ਚਿਤ੍ਰਣ ਪ੍ਰਣਾਲੀਆਂ ਸ਼ਾਮਲ ਹਨ। ਇਸ ਜਾਣਕਾਰੀ ਨੂੰ ਦੂਜੀਆਂ ਪ੍ਰਣਾਲੀਆਂ ਨਾਲ ਜੋੜ ਕੇ ਵਰਤਿਆ ਜਾ ਸਕਦਾ ਹੈ ਜਿਵੇਂ ਕਿ ਹਵਾਈਫੋਟੋਗ੍ਰਾਫੀ ਅਤੇ ਉਪਗ੍ਰਹਿ ਚਿੱਤ੍ਰਣ ਤਾਂ ਕਿ ਜ਼ਮੀਨ ਦੇ ਕਿਸੇ ਖਾਸ ਤਲ ਜਾਂ ਟੁਕੜੇ ਦੀ ਮੁਕੰਮਲ ਤਸਵੀਰ ਪ੍ਰਾਪਤ ਹੋ ਸਕੇ। ਮਹਾਂਸਾਗਰ ਦੀ ਮਿਣਤੀ ਸੋਨਰ ਨਕਸ਼ਾ ਵਿਧੀ ਰਾਹੀਂ ਕੀਤੀ ਜਾਂਦੀ ਹੈ ਜਿਸ ਵਿੱਚ ਪਾਣੀ ਹੇਠਾਂ ਮੌਜੂਦ ਇਕ ਸਪੀਕਰ ਤੋਂ ਆਵਾਜ਼ ਦਾ ਕੰਪਨ ਪਾਣੀ ਵਿੱਚ ਵੀ ਭੇਜਿਆ ਜਾਂਦਾ ਹੈ। ਆਵਾਜ਼ ਦੀਆਂ ਤਰੰਗਾਂ ਪਾਣੀ ਵਿਚਲੀਆਂ ਵਸਤੂਆਂ ਦੁਆਰਾ ਪ੍ਰਗਟਾਈਆਂ ਜਾਂਦੀਆਂ ਹਨ ਜਿਵੇਂ ਕਿ ਮਹਾਂਸਾਗਰੀ ਤਲ, ਮੂੰਗੇ ਅਤੇ ਪਣਡੁੱਬੀਆਂ। ਇਨ੍ਹਾਂ ਆਵਾਜ਼ਾਂ ਦੀ ਮਿਣਤੀ ਮਾਈਕ੍ਰੋਫੋਨ ਦੁਆਰਾ ਕੀਤੀ ਜਾਂਦੀ ਹੈ। ਗੂੰਜ ਵਲੋਂ ਵਾਪਸ ਪਰਤਣ ਲਈ ਜਿੰਨਾ ਸਮਾਂ ਲਿਆ ਜਾਂਦਾ ਹੈ ਉਹ ਪ੍ਰਤਿਬਿੰਬਤ ਵਸਤੂ ਦੇ ਫਾਸਲੇ ਦੇ ਅਨੁਪਾਤਕ ਹੁੰਦਾ ਹੈ। ਇਹ ਅੰਕੜੇ ਧਰਤੀ ਹੇਠਲੇ ਇਲਾਕੇ ਦੇ ਨਕਸ਼ੇ ਬਣਾਉਣ ਵਿੱਚ ਮਦਦ ਕਰਦੇ ਹਨ।



ਤਕਨੀਕਾਂ ਵਿੱਚ ਤਰੱਕੀ ਹੋਣ ਨਾਲ ਹੁਣ ਗਲੋਬਲ ਪੋਜ਼ੀਸ਼ਨਿੰਗ ਸਿਸਟਮ (ਜੀ ਪੀ ਐੱਸ), ਵਧੀਆ ਸਥਾਪਿਤ ਨੈਵੀਗੇਸ਼ਨਲ ਉਪਗ੍ਰਿਹਾਂ ਦੇ ਨੈੱਟਵਰਕ ਦੀ ਮਦਦ ਨਾਲ ਜ਼ਮੀਨੀ ਸਰਵੇਖਣਕਾਰਾਂ ਨੂੰ ਕੁੱਝ ਫੁੱਟਾਂ ਦੇ ਅੰਦਰ ਹੀ ਖਿਤਿਜੀ ਸਥਾਨ ਨਿਰਧਾਰਤ ਕਰਨ ਵਿੱਚ ਮਦਦ ਕਰਦਾ ਹੈ, ਬਹੁਤ ਦੂਰ ਦੁਰਾਡੇ ਇਲਾਕਿਆਂ ਵਿੱਚ ਵੀ ਜਿਥੇ ਸਰਵੇਖਣ ਦੀਆਂ ਰਵਾਇਤੀ ਤਕਨੀਕਾਂ ਦਾ ਇਸਤੇਮਾਲ ਸੰਭਵ ਨਹੀਂ। 3-ਡੀ ਪੇਸ਼ਕਾਰੀ ਤਿੰਨ ਆਯਾਮੀ ਮਾਡਲ ਦਾ ਨਿਰਮਾਣ ਕਰਨ ਲਈ ਹਵਾਈ ਚਿੱਤਰਾਂ ਜਾਂ ਉਪਗ੍ਰਿਹਾਂ ਦਾ ਇਸਤੇਮਾਲ ਕਰਦੀ ਹੈ ਜਿਸ ਲਈ ਕੰਪਿਊਟਰ ਸਾਫਟਵੇਅਰ ਦੀ ਵਰਤੋਂ ਕੀਤੀ ਜਾਂਦੀ ਹੈ। ਹਵਾਈ ਫੋਟੋਗ੍ਰਾਫੀ ਅਤੇ ਫੋਟੋਗ੍ਰਾਮੈਟਰੀ ਵੱਖ-ਵੱਖ ਕੋਣਾਂ ਤੋਂ ਤਸਵੀਰਾਂ ਲੈ ਕੇ ਉਸ ਨੂੰ ਜੋੜ ਦਿੰਦੇ ਹਨ ਅਤੇ ਸਥਾਨਾਂ/ਵਸਤੂਆਂ ਦੇ ਸਹੀ ਸਥਾਨ ਦਾ ਹਿਸਾਬ ਲਾਉਣ ਲਈ ਤ੍ਰਿਕੋਣੀ ਪ੍ਰਕਿਰਿਆ ਦਾ ਇਸਤੇਮਾਲ ਕੀਤਾ ਜਾਂਦਾ ਹੈ। ਵੱਖੋ-ਵੱਖ ਸੈਂਸਰ ਲੈ ਕੇ ਜਾਣ ਵਾਲੇ ਦੂਜੇ ਉਪਗ੍ਰਹਿ ਵੀ ਛੇਤੀ ਹੀ ਨਕਸ਼ੇ ਬਣਾਉਣ ਲਈ ਹਵਾਈ ਫੋਟੋਗ੍ਰਾਫੀ ਨਾਲ ਬਦਲ ਜਾਣਗੇ। ਇਸ ਨਾਲ ਨਕਸ਼ਾ ਬਣਾਉਣ ਜਾਂ ਉਸ ਵਿੱਚ ਸੁਧਾਰ ਕਰਨ ਲਈ ਲੋੜੀਂਦਾ ਸਮਾਂ ਕਾਫੀ ਘਟ ਜਾਵੇਗਾ ਅਤੇ ਸਮੁੱਚੀ ਕੁਸ਼ਲਤਾ ਵਿੱਚ ਵੀ ਵਾਧਾ ਹੋਵੇਗਾ। ❑❑

# ਭਾਰਤ ਨੂੰ ਜਾਣਨ - ਸਮਝਣ ਲਈ

ਪੜ੍ਹੋ :

## ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ

ਪ੍ਰਕਾਸ਼ਨ ਵਿਭਾਗ ਰਾਸ਼ਟਰੀ ਨੇਤਾਵਾਂ ਦੀਆਂ ਜੀਵਨੀਆਂ ਅਤੇ ਇਤਿਹਾਸ, ਕਲਾ, ਸੰਸਕ੍ਰਿਤੀ, ਵਿਗਿਆਨ, ਬਨਸਪਤੀ, ਸੰਦਰਭ ਆਦਿ ਵੱਖ ਵੱਖ ਵਿਸ਼ਿਆਂ ਉਤੇ ਅਤੇ ਬਾਲ ਪੁਸਤਕਾਂ ਪ੍ਰਕਾਸ਼ਤ ਕਰਦਾ ਹੈ। 100 ਖੰਡਾਂ ਵਿਚ ਸੰਪੂਰਣ ਗਾਂਧੀ ਰਚਨਾਵਲੀ ਪ੍ਰਕਾਸ਼ਨ ਵਿਭਾਗ ਦੀ ਇਕ ਮਹੱਤਵਪੂਰਣ ਉਪਲਬਧੀ ਹੈ। ਦੇਸ਼ ਅਤੇ ਦੇਸ਼ ਵਾਸੀਆਂ ਬਾਰੇ ਭਰਪੂਰ ਜਾਣਕਾਰੀ ਦੇਣ ਵਾਲੀਆਂ ਲਾਭਦਾਇਕ ਤੇ ਗਿਆਨ ਵਧਾਉਣ ਵਾਲੀਆਂ ਪੁਸਤਕਾਂ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਉਪਲਬਧ ਹਨ। ਵਿਭਾਗ ਹਿੰਦੀ, ਅੰਗਰੇਜ਼ੀ, ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਪੱਤਰਕਾਵਾਂ ਵੀ ਪ੍ਰਕਾਸ਼ਤ ਕਰਦਾ ਹੈ।

## ਕੁਝ ਮਹੱਤਵਪੂਰਣ ਪੰਜਾਬੀ ਪ੍ਰਕਾਸ਼ਨ

- ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
- ਅੱਧੀ ਚੁੰਝ ਵਾਲੀ ਚਿੜੀ
- ਭਗਤ ਸਿੰਘ : ਅਮਰ ਵਿਦਰੋਹੀ
- ਸ਼ਹੀਦ ਕਰਤਾਰ ਸਿੰਘ ਸਰਾਭਾ
- ਭਾਰਤ ਛੱਡੋ ਅੰਦੋਲਨ
- ਦੇਸ਼-ਵਿਦੇਸ਼ ਦੇ ਮਹਾਂਪੁਰਸ਼
- ਭਾਰਤ ਦੇ ਗੌਰਵ ਗ੍ਰੰਥ
- ਦਿਲ ਦੇ ਰੋਗ ਤੋਂ ਕੈਂਸਰ ਤਕ
- ਵਿਗਿਆਨੀਆਂ ਦੀਆਂ ਜੀਵਨ ਕਥਾਵਾਂ
- 1857 ਦਾ ਸੁਤੰਤਰਤਾ ਸੰਗ੍ਰਾਮ
- ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
- ਸ਼ਹੀਦਾਂ ਦੇ ਖ਼ਤ
- ਭਾਰਤ ਦੇ ਲੋਕ ਨਾਚ
- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
- ਫਿੱਡੂ ਫਲੂਗਰ
- ਪੰਜਾਬ ਦੇ ਲੋਕ ਨਾਚ
- ਫ਼ਰਜ਼ ਦੀ ਪਛਾਣ
- ਕਲਪਨਾ ਚਾਵਲਾ
- ਭਾਰਤ ਦੇ ਪੰਛੀ
- ਦਿਆਲ ਸਿੰਘ ਮਜੀਠੀਆ
- ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
- ਗੁਰੂ ਨਾਨਕ ਤੋਂ ਗੁਰੂ ਗ੍ਰੰਥ ਸਾਹਿਬ ਤਕ
- ਕ੍ਰਾਂਤੀਕਾਰੀ ਅਜ਼ੀਮਉੱਲਾ ਖ਼ਾਂ
- ਕ੍ਰਾਂਤੀਕਾਰੀਆਂ ਦਾ ਬਚਪਨ
- ਭਾਰਤ ਦੀਆਂ ਲੋਕ ਕਥਾਵਾਂ
- ਰਵਿੰਦਰ ਨਾਥ ਠਾਕੁਰ ਦੀਆਂ ਬਾਲ ਕਹਾਣੀਆਂ
- ਭਾਰਤ ਦੀਆਂ ਪੁਰਾਣੀਆਂ ਯਾਦਗਾਰਾਂ
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਪਹਿਲਾ)
- ਭਾਰਤ ਵਿਚ ਅੰਗਰੇਜ਼ੀ ਰਾਜ (ਭਾਗ ਦੂਜਾ)
- ਭਾਰਤੀ ਸਭਿਆਚਾਰ ਦੀ ਝਾਕੀ

**ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :**

- ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610)
- ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205)
- 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ -400 614 (ਫ਼ੋਨ-27570686)
- 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030)
- 'ਏ' ਵਿੰਗ, ਰਾਜਾਜੀ ਭਵਨ, ਬੇਸੈਂਟ ਨਗਰ, ਚੇਨੱਈ - 600 090 (ਫ਼ੋਨ-24917673)
- ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੁਵਾਨੰਤਪੁਰਮ - 695 001 (ਫ਼ੋਨ-2330650)
- ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383)
- ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244)
- ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2683407)
- ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-ਐਚ, ਅਲੀਗੰਜ, ਲਖਨਊ - 226 024, (ਫ਼ੋਨ-2225455)
- ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਯੂਕੋ ਬੈਂਕ ਦੇ ਉਪਰ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669)
- ਕੇ.ਕੇ.ਬੀ.ਰੋਡ, ਨਵੀਂ ਕਾਲੋਨੀ, ਮਕਾਨ ਨੰ:7, ਚੇਨੀਕੁੱਟੀ, ਗੁਵਹਾਟੀ-781 003 (ਫ਼ੋਨ-2665090)

**ਪ੍ਰਕਾਸ਼ਨ ਵਿਭਾਗ**
**ਸੂਚਨਾ ਅਤੇ ਪ੍ਰਸਾਰਣ ਮੰਤਰਾਲਾ**
**ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,**
**ਲੋਧੀ ਰੋਡ, ਨਵੀਂ ਦਿੱਲੀ-110003**

# PUBLICATIONS DIVISION
## Ministry of Information & Broadcasting
## Soochna Bhawan, CGO Complex,
## Lodhi Road, New Delhi-110003

## COMMERCIAL ADVERTISEMENT RATES FOR DPD JOURNALS
## (w.e.f. 15th March, 2016

| S. No. | Name of Journal | Inside Text Page | | | | Back Cover | 2nd Cover Page | 3rd Cover Page |
|---|---|---|---|---|---|---|---|---|
| | (Rate for each Journals for one edition | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English) | 35,000 | 20,000 | 25,000 | 15,000 | 10,0000 | 70,000 | 70,000 |
| 2 | Yojana (Hindi) | 25,000 | 15,000 | 18,000 | 11,000 | 75,000 | 50,000 | 50,000 |
| 3 | Kurukshetra (English & Hindi) | 20,000 | 12,000 | 15,000 | 10,000 | 30,000 | 27,000 | 25,000 |
| 4 | Ajkal (Hindi& Urdu) | 10,000 | 6,000 | 7,000 | 5,000 | 15,000 | 12000 | 11000 |
| 5 | Yojana (Urdu/Punjabi/ Oriya/Assamese/ Gujrati/Malayalam) | 70,00 | 4,500 | 5,000 | 3,000 | 10,000 | 9000 | 8000 |
| 6 | Ball Bharti | 10,000 | | | | 15,000 | 12,000 | 11000 |
| 7 | Yojana (Bengali/Telgu/ Marathi/Tamil/Kannada) | 13,000 | 8,000 | 10,000 | 6,000 | 20,000 | 17,000 | 15000 |

COMMERCIAL ADVERTISEMENT RATES FOR INDIA/BHARAT**

| | India | | Bharat | |
|---|---|---|---|---|
| | Colour | Black & White | Colour | Black & White |
| Full Page | 40,000 | 25,000 | 25,000 | 15,000 |
| 2nd Cover Page | | | | |
| 3rd Cover Page | 70,000 | | 50,000 | |

** Rates of Advertisement tariff in India & Bharat annual reference are inclusive for print & electronic version

Note :

2nd cover page of magazines will be reserved for the DAVP and Government Organizations. The above rate are only for PSU advertisement.

* 2 % extra discount on each additional insertion of advertisement subject to maximum discount of 40%

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| Advertisement material - Artpull/Artwork/CD/Positives | | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, Room No. 48-53, Soochna Bhawan, CGO Complex, Lodi Road, New Delhi-1100 03. E-mail : *pdjucir@gmail.com*. For any other query please contact at 011-24367453.